ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ


ਕੀ ਬਿਪਤਾ ਨਾਲ ਨਿਪਟਣ ਸੰਬੰਧੀ ਕਾਨੂੰਨ ਕੋਰੋਨਾ ਮਹਾਂਮਾਰੀ 'ਤੇ ਲਾਗੂ ਹੁੰਦਾ ਹੈ?

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 15 Issue 15 Friday, 10 July to 16 July 2020 www.PUNJABIDUNIYA.com Published Weekly from New York






# ਨਹੀਂ ਟਿਕਿਆ ਅਮਰੀਕਾ ! ਮੁੜ ਪਰਮਾਣੂ ਬੰਬ ਬਣਾਉਣ ਲਈ ਡਟਿਆ

## ਅਮਰੀਕਾ ਤੇ ਰੂਸ 'ਚ ਸ਼ੀਤ ਯੁੱਧ ਦੌਰਾਨ ਸਵਾਨਾ ਨਦੀ ਦੀ ਫੈਕਟਰੀ ਅਮਰੀਕੀ ਪਰਮਾਣੂ ਹਥਿਆਰਾਂ ਲਈ ਟ੍ਰਿਟਿਯਮ ਤੇ ਪਲੂਟੋਨੀਅਮ ਦਾ ਉਤਪਾਦਨ ਕਰਦੀ ਸੀ। ਦੋ ਲੱਖ ਏਕੜ 'ਚ ਫੈਲੀ ਇਸ ਫੈਕਟਰੀ 'ਚ ਹਜ਼ਾਰਾਂ ਲੋਕ ਕੰਮ ਕਰਦੇ ਸਨ। ਹੁਣ ਇਹ ਤਿੰਨ ਕਰੋੜ, 70 ਲੱਖ ਗੈਲਨ ਰੇਡੀਓ ਐਕਟਿਵ ਤਰਲ ਕਚਰਾ ਇਕੱਠਾ ਹੋ ਚੁੱਕਾ ਹੈ।

ਵਾਸ਼ਿੰਗਟਨ: ਰੂਸ ਤੇ ਚੀਨ ਤੋਂ ਵਧਦੇ ਖਤਰੇ ਨੂੰ ਦੇਖਦਿਆਂ ਹੋਇਆਂ ਅਮਰੀਕਾ ਇੱਕ ਵਾਰ ਮੁੜ ਨਵੇਂ ਸਿਰੇ ਤੋਂ ਪਰਮਾਣੂ ਬੰਬ ਬਣਾਉਣ 'ਚ ਜੁੱਟ ਗਿਆ ਹੈ। ਆਉਣ ਵਾਲੇ 10 ਸਾਲਾਂ 'ਚ ਇਸ ਦੇ ਉਦਯੋਗਿਕ ਉਤਪਾਦਨ ਤੇ ਕਰੀਬ 70 ਹਜ਼ਾਰ ਕਰੋੜ ਰੁਪਏ ਖਰਚ ਕਰਨ ਦਾ ਪ੍ਰਸਤਾਵ ਹੈ। ਇਹ ਉਤਪਾਦਨ ਦੱਖਣੀ ਕੈਰੋਲਿਨਾ 'ਚ ਸਵਾਨਾ ਨਦੀ ਦੇ ਤਟ 'ਤੇ ਸਥਿਤ ਫੈਕਟਰੀ 'ਚ ਤੇ ਨਿਊ ਮੈਕਸੀਕੋ ਦੇ ਲੌਸ ਐਲਮੋਸ ਹੋਵੇਗਾ।ਅਮਰੀਕਾ ਤੇ ਰੂਸ 'ਚ ਸ਼ੀਤ ਯੁੱਧ ਦੌਰਾਨ ਸਵਾਨਾ ਨਦੀ ਦੀ ਫੈਕਟਰੀ ਅਮਰੀਕੀ ਪਰਮਾਣੂ ਹਥਿਆਰਾਂ ਲਈ ਟ੍ਰਿਟਿਯਮ ਤੇ ਪਲੂਟੋਨੀਅਮ ਦਾ ਉਤਪਾਦਨ ਕਰਦੀ ਸੀ। ਦੋ ਲੱਖ ਏਕੜ 'ਚ ਫੈਲੀ ਇਸ ਫੈਕਟਰੀ 'ਚ ਹਜ਼ਾਰਾਂ ਲੋਕ ਕੰਮ ਕਰਦੇ ਸਨ। ਹੁਣ ਇਹ ਤਿੰਨ ਕਰੋੜ, 70 ਲੱਖ ਗੈਲਨ ਰੇਡੀਓ ਐਕਟਿਵ ਤਰਲ ਕਚਰਾ ਇਕੱਠਾ ਹੋ ਚੁੱਕਾ ਹੈ। 30 ਸਾਲ ਬਾਅਦ ਹੁਣ ਫਿਰ ਤੋਂ ਇੱਥੋਂ ਪਰਮਾਣੂ ਹਥਿਆਰ ਤਿਆਰ ਕੀਤੇ ਜਾਣਗੇ। ਅਮਰੀਕੀ ਸੰਸਥਾ ਦ ਨੈਸ਼ਨਲ ਨਿਊਕਲੀਅਰ ਸਿਕਿਓਰਟੀ ਐਡਮਨਿਸਟ੍ਰੇਸ਼ਨ ਜੋ ਅਮਰੀਕਾ ਦੇ ਊਰਜਾ ਵਿਭਾਗ ਦਾ ਹੀ ਇੱਕ ਅੰਗ ਹੈ। ਇੱਥੇ ਪਰਮਾਣੂ ਹਥਿਆਰ ਬਣਾਉਂਦੀ ਹੈ। ਸੰਸਥਾ ਦਾ ਮੰਨਣਾ ਹੈ ਕਿ ਮੌਜੂਦਾ ਪਰਮਾਣੂ ਹਥਿਆਰ ਕਾਫੀ ਪੁਰਾਣੇ ਹੋ ਚੁੱਕੇ ਹਨ ਤੇ ਇਨ੍ਹਾਂ ਨੂੰ ਬਦਲਣ ਦੀ ਲੋੜ ਹੈ। ਇਸ 'ਚ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ ਕਿਉਂਕਿ ਨਵੀਂ ਤਕਨਾਲੋਜੀ ਕਿਤੇ ਜ਼ਿਆਦਾ ਸੁਰੱਖਿਅਤ ਹੈ ਦਰਅਸਲ ਉੱਥੋਂ ਦੇ ਲੋਕਾਂ ਨੂੰ ਡਰ ਹੈ ਕਿ ਫੈਕਟਰੀ ਮੁੜ ਤੋਂ ਸ਼ੁਰੂ ਹੋਈ ਤਾਂ ਲੋਕ ਰੈਡੀਏਸ਼ਨ ਦੀ ਲਪੇਟ 'ਚ ਆ ਜਾਣਗੇ। ਹਾਲਾਂਕਿ, ਓਬਾਮਾ ਸਰਕਾਰ ਦੇ ਕਾਰਜਕਾਲ 'ਚ ਅਮਰੀਕੀ ਕਾਂਗਰਸ ਤੇ ਖ਼ੁਦ ਰਾਸ਼ਟਰਪਤੀ ਓਬਾਮਾ ਨੇ ਇੱਥੇ ਪਰਮਾਣੂ ਹਥਿਆਰਾਂ ਦੇ ਨਿਰਮਾਣ 'ਤੇ ਸਹਿਮਤੀ ਜਤਾਈ ਸੀ। ਸਾਲ 2018 'ਚ ਰਾਸ਼ਟਰਪਤੀ ਟਰੰਪ ਨੇ ਇਸ ਯੋਜਨਾ ਨੂੰ ਮਨਜ਼ੂਰੀ ਦਿੱਤੀ ਸੀ। ਇਸ ਤਹਿਤ ਕੁੱਲ 80 ਗੱਡੇ ਹਰ ਸਾਲ ਤਿਆਰ ਕੀਤੇ ਜਾਣਗੇ। ਇਸ 'ਚ 50 ਦੱਖਣੀ ਕੈਰੋਲਿਨਾ 'ਚ ਤੇ 30 ਨਿਊ ਮੈਕਸੀਕੋ 'ਚ ਹੋਣਗੇ। ਇੱਥੇ ਪਲੂਟੋਨਿਮ ਦੇ ਫੁੱਟਬਾਲ ਜਿਹੇ ਗੋਲੇ ਬਣਾਏ ਜਾਣਗੇ, ਜੋ ਪਰਮਾਣੂ ਹਥਿਆਰਾਂ 'ਚ ਟ੍ਰਿਗਰ ਦਾ ਕੰਮ ਕਰਨਗੇ।ਉਧਰ ਸਾਲਾਨਾ ਸੁਰੱਖਿਆ ਮਾਮਲਿਆਂ ਦੇ ਮਾਹਿਰ ਸਟੀਫਨ ਯੰਗ ਦਾ ਕਹਿਣਾ ਹੈ ਕਿ ਇਹ ਯੋਜਨਾ ਨਾ ਸਿਰਫ਼ ਖਰਚੀਲੀ ਬਲਕਿ ਮਾਹਿਰ ਸਟੀਫਨ ਯੰਗ ਦਾ ਕਹਿਣਾ ਹੈ ਕਿ ਇਹ ਯੋਜਨਾ ਨਾ ਸਿਰਫ਼ ਖਰਚੀਲੀ, ਬਲਕਿ ਖਤਰਨਾਕ ਵੀ ਹੈ। ਉੱਥੇ ਹੀ ਫੈਕਟਰੀ ਦੇ ਕੋਲ ਰਹਿਣ ਵਾਲੇ 70 ਸਾਲ ਦੇ ਪਿਟ ਲਾਬਰਜ਼ ਦਾ ਕਹਿਣਾ ਹੈ ਕਿ ਅਜੇ ਤਕ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਿਆ ਕਿ ਨਵੀਂ ਤਕਨਾਲੋਜੀ ਸੁਰੱਖਿਅਤ ਹੋਵੇਗੀ। ਐਨਐਨਐਸਏ ਦਾ ਮੰਨਣਾ ਹੈ ਕਿ ਅਮਰੀਕਾ ਇਸ ਕੰਮ ਨੂੰ ਨਹੀਂ ਰੋਕ ਸਕਦਾ, ਕਿਉਂਕਿ ਕੰਮ 'ਚ ਦੇਰੀ ਨਾਲ ਨਾ ਸਿਰਫ਼ ਰਾਸ਼ਟਰੀ ਸੁਰੱਖਿਆ ਖਤਰੇ 'ਚ ਆਵੇਗੀ ਬਲਕਿ ਉਦਯੋਗਿਕ ਉਤਪਾਦਨ ਦਾ ਖਰਚ ਵੀ ਵਧ ਜਾਵੇਗਾ।

Home Business Auto

Insurance

See Full Page Advt on page 16

NLIGHT INSURANCE

(A Division of Nlight Financial LLC)

Call : 917-612-3158



# ਵਿਕਾਸ ਦੂਬੇ ਦਾ ਕਿਵੇਂ ਕਾਇਮ ਹੋਇਆ ਸੀ ਦਬਦਬਾ

ਕਾਨਪੁਰ ਮੁਠਭੇੜ ਦੇ ਮੁੱਖ ਮੁਲਜ਼ਮ ਵਿਕਾਸ ਦੂਬੇ ਨੂੰ ਪੁਲਿਸ ਨੇ ਕਥਿਤ ਐਨਕਾਊਂਟਰ ਵਿੱਚ ਮਾਰ ਦਿੱਤਾ ਗਿਆ ਹੈ। ਖ਼ਬਰ ਏਜੰਸੀ ਏਐੱਨਆਈ ਮੁਤਾਬਕ ਕਾਨਪੁਰ ਲਿਜਾਉਣ ਵੇਲੇ ਪੁਲਿਸ ਕਾਫ਼ਲੇ ਦੀ ਇੱਕ ਗੱਡੀ ਪਲਟ ਗਈ, ਜਿਸ ਵਿੱਚ ਵਿਕਾਸ ਦੂਬੇ ਸਵਾਰ ਸੀ ਅਤੇ ਇਸ ਦੌਰਾਨ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਮੁਠਭੇੜ ਵਿੱਚ ਵਿਕਾਸ ਜ਼ਖਮੀ ਹੋ ਗਿਆ ਸੀ। ਖ਼ਬਰ ਏਜੰਸੀ ਪੀਟੀਆਈ ਅਨੁਸਾਰ ਕਾਨਪੁਰ ਦੇ ਆਈਜੀ ਮੋਹਿਤ ਅਗਰਵਾਲ ਨੇ ਵਿਕਾਸ ਦੂਬੇ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਦਰਅਸਲ ਕਾਨਪੁਰ ਵਿੱਚ ਵਿਕਾਸ ਦੂਬੇ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਟੀਮ ‘ਤੇ ਹੋਏ ਜ਼ਬਰਦਸਤ ਹਮਲੇ ਵਿੱਚ 8 ਪੁਲਿਸ ਕਰਮੀ ਮਾਰੇ ਗਏ ਤੇ 7 ਪੁਲਿਸ ਕਰਮੀ ਗੰਭੀਰ ਤੌਰ ‘ਤੇ ਜਖ਼ਮੀ ਹੋ ਗਏ ਸਨ।

ਮੱਧ ਪ੍ਰਦੇਸ਼ ਦੇ ਗ੍ਰਹਿ ਮਤੰਰੀ ਨਰੋਤਮ ਮਿਸ਼ਰ ਨੇ ਵਿਕਾਸ ਦੂਬੇ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਸੀ।ਵਿਕਾਸ ਦੂਬੇ ਨੂੰ ਜਦੋਂ ਪੁਲਿਸ ਫੜ੍ਹ ਕੇ ਲਿਜਾ ਰਹੀ ਸੀ ਤਾਂ ਉਸ ਨੇ ਮੀਡੀਆ ਕੈਮਰੇ ਸਾਹਮਣੇ ਦੇ ਦੇਖਕੇ ਉੱਚੀ ਅਵਾਜ਼ ਵਿਚ ਬੋਲਿਆ , “ਮੈਂ ਵਿਕਾਸ ਦੂਬੇ ਕਾਨਪੁਰ ਵਾਲਾ“। ਉਸ ਦੇ ਇੰਨਾ ਕਹਿਣ ਤੋਂ ਬਾਅਦ ਇੱਕ ਪੁਲਿਸ ਵਾਲੇ ਨੇ ਉਸ ਦੀ ਧੌਣ ਉੱਤੇ ਥੱਪੜ ਮਾਰਦਿਆਂ ਕਿਹਾ, “ਚੁੱਪ, ਬਿਲਕੁੱਲ ਚੁੱਪ, ਅਵਾਜ਼ ਨਹੀਂ।“

ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵਿਕਾਸ ਦੂਬੇ ਨੂੰ ਗ੍ਰਿਫਤਾਰ ਕਰਨ ਲਈ ਮੱਧ ਪ੍ਰਦੇਸ਼ ਪੁਲਿਸ ਨੂੰ ਵਧਾਈ ਦਿੱਤੀ ਸੀ। ਉਨ੍ਹਾਂ ਟਵੀਟ ਕੀਤਾ, “ਜਿਹੜੇ ਲੋਕ ਮਹਿਸੂਸ ਕਰਦੇ ਹਨ ਕਿ ਮਹਾਕਾਲ ਦੀ ਸ਼ਰਨ, ਉਨ੍ਹਾਂ ਦੇ ਪਾਪ ਧੋ ਦੇਵੇਗੀ। ਉਹ ਮਹਾਕਾਲ ਨੂੰ ਨਹੀਂ ਜਾਣਦੇ। ਸਾਡੀ ਸਰਕਾਰ ਕਿਸੇ ਅਪਰਾਧੀ ਨੂੰ ਬਖਸ਼ ਨਹੀਂ ਰਹੀ।“ ਇਸ ਤੋਂ ਪਹਿਲਾਂ ਵਿਕਾਸ ਦੂਬੇ ਦੀ ਗ੍ਰਿਫ਼ਤਾਰੀ ਨੂੰ ਨਰੋਤਮ ਮਿਸ਼ਰ ਨੇ ਮੱਧ ਪ੍ਰਦੇਸ਼ ਪੁਲਿਸ ਦੀ ਵੱਡੀ ਸਫ਼ਲਤਾ ਦੱਸਿਆ। ਉਨ੍ਹਾਂ ਨੇ ਦੱਸਿਆ ਸੀ ਕਿ ਵਿਕਾਸ ਦੂਬੇ ਅਜੇ ਵੀ ਮੱਧ ਪ੍ਰਦੇਸ਼ ਪੁਲਿਸ ਦੀ ਕਸਟਡੀ ਵਿੱਚ ਹੈ ਦੱਸਿਆ ਜਾ ਰਿਹਾ ਹੈ ਕਿ ਵਿਕਾਸ ਦੂਬੇ ਨੂੰ ਉੱਜੈਨ ਦੇ ਮਹਾਕਾਲ ਮੰਦਿਰ ਦੇ ਸੁਰੱਖਿਆ ਮੁਲਾਜ਼ਮਾਂ ਨੇ ਫੜ੍ਹ ਕੇ ਮੱਧ ਪ੍ਰਦੇਸ਼ ਪੁਲਿਸ ਨੂੰ ਸੌਂਪਿਆ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਿਕਾਸ ਦੂਬੇ ਨੇ ਮਹਾਕਾਲ ਮੰਦਿਰ ਪਹੁੰਚਣ ਦੀ ਸੂਚਨਾ ਸਰੋਤਾਂ ਰਾਹੀਆਂ ਖ਼ੁਦ ਪੁਲਿਸ ਤੱਕ ਪਹੁੰਚਾਈ ਸੀ। ਇਸ ਤੋਂ ਪਹਿਲਾਂ ਬੀਤੇ ਦਿਨ ਯਾਨਿ ਬੁੱਧਵਾਰ ਨੂੰ ਯੂਪੀ ਦੇ ਹਮੀਰਪੁਰ ਵਿੱਚ ਐੱਸਟੀਐੱਫ ਨਾਲ ਮੁਠਭੇੜ ਦੌਰਾਨ ਵਿਕਾਸ ਦੂਬੇ ਦਾ ਕਰੀਬੀ ਅਮਰ ਦੂਬੇ ਦੀ ਮਾਰਿਆ ਗਿਆ ਸੀ।

**ਕੌਣ ਸੀ ਵਿਕਾਸ ਦੂਬੇ**

ਵਿਕਾਸ ਦੂਬੇ ਮੂਲ ਤੌਰ ‘ਤੇ ਕਾਨਪੁਰ ਵਿੱਚ ਬਿਠੂਰ ਦੇ ਸ਼ਿਵਲੀ ਥਾਣੇ ਦੇ ਬਿਕਰੂ ਪਿੰਡ ਦਾ ਰਹਿਣ ਵਾਲਾ ਹੈ। ਪਿੰਡ ਵਿੱਚ ਉਸ ਨੇ ਆਪਣਾ ਘਰ ਕਿਲ੍ਹੇ ਵਰਗਾ ਬਣਾਇਆ ਹੋਇਆ ਹੈ। ਸਥਾਨਕ ਲੋਕਾਂ ਮੁਤਾਬਕ, ਬਿਨਾਂ ਉਸ ਦੀ ਮਰਜ਼ੀ ਤੋਂ ਘਰ ਅੰਦਰ ਕੋਈ ਵੀ ਨਹੀਂ ਜਾ ਸਕਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸਾਲ 2002 ਵਿੱਚ ਜਦੋਂ ਸੂਬੇ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਸੀ, ਉਸ ਵੇਲੇ ਵਿਕਾਸ ਦੂਬੇ ਦੀ ਤੂਤੀ ਬੋਲਦੀ ਸੀ। ਬਿਕਰੂ ਪਿੰਡ ਦੇ ਹੀ ਰਹਿਣ ਵਾਲੇ ਇੱਕ ਸ਼ਖ਼ਸ ਨੇ ਨਾਮ ਨਾ ਦੱਸਣ ਦੀ ਸ਼ਰਤ ‘ਤੇ ਦੱਸਿਆ ਕਿ ਇਸ ਦੌਰਾਨ ਉਸ ਨੇ ਨਾ ਸਿਰਫ਼ ਅਪਰਾਧ ਦੀ ਦੁਨੀਆਂ ਵਿੱਚ ਆਪਣਾ ਦਬਦਬਾ ਕਾਇਮ ਕੀਤਾ ਬਲਕਿ ਪੈਸਾ ਵੀ ਖ਼ੂਬ ਕਮਾਇਆ। ਚੌਬੇਪੁਰ ਥਾਣੇ ਵਿੱਚ ਦਰਜ ਤਮਾਮ ਮਾਮਲੇ ਗੈਰ-ਕਾਨੂੰਨੀ ਜ਼ਮੀਨ ਦਾ ਖਰੀਦੋ-ਫਰੋਖ਼ਤ ਨਾਲ ਵੀ ਜੁੜੇ ਹਨ। ਇਨ੍ਹਾਂ ਦੀ ਬਦੌਲਤ ਵਿਕਾਸ ਦੂਬੇ ਨੇ ਕਥਿਤ ਤੌਰ ‘ਤੇ ਗੈਰ-ਕਾਨੂੰਨੀ ਤਰੀਕੇ ਨਾਲ ਕਰੋੜਾਂ ਰੁਪਏ ਦੀ ਜਾਇਦਾਦ ਬਣਾਈ ਹੈ। ਬਿਠੂਰ ਵਿੱਚ ਹੀ ਉਸ ਦੇ ਕੁਝ ਸਕੂਲ ਤੇ ਕਾਲਜ ਵੀ ਚੱਲਦੇ ਹਨ। ਬਿਕਰੂ ਪਿੰਡ ਦੇ ਲੋਕ ਦੱਸਦੇ ਹਨ ਕਿ ਨਾ ਸਿਰਫ਼ ਆਪਣੇ ਪਿੰਡ ਵਿੱਚ ਬਲਕਿ ਨੇੜਲੇ ਪਿੰਡਾਂ ਵਿੱਚ ਵੀ ਵਿਕਾਸ ਦਾ ਦਬਦਬਾ ਕਾਇਮ ਸੀ। ਜ਼ਿਲ੍ਹਾ ਪੰਚਾਇਤ ਤੇ ਕਈ ਪਿੰਡਾਂ ਦੇ ਸਰਪੰਚਾਂ ਦੀਆਂ ਚੋਣਾਂ ਵਿੱਚ ਵਿਕਾਸ ਦੂਬੇ ਦੀ ਪਸੰਦ ਅਤੇ ਨਾ-ਪਸੰਦ ਕਾਫੀ ਮਾਅਨੇ ਰੱਖਦੀ ਰਹੀ ਹੈ। ਪਿੰਡ ਦੇ ਇੱਕ ਬਜ਼ੁਰਗ ਦੱਸਦੇ ਹਨ, “ਬਿਕਰੂ ਪਿੰਡ ਵਿੱਚ ਪਿਛਲੇ 15 ਸਾਲ ਤੋਂ



ਬਿਨਾਂ ਕਿਸੇ ਵਿਰੋਧ ਤੋਂ ਪ੍ਰਧਾਨ ਬਣ ਰਹੇ ਹਨ, ਜਦ ਕਿ ਵਿਕਾਸ ਦੂਬੇ ਦੇ ਪਰਿਵਾਰ ਦੇ ਹੀ ਲੋਕ ਪਿਛਲੇ 15 ਸਾਲ ਤੋਂ ਜ਼ਿਲ੍ਹਾ ਪੰਚਾਇਤ ਦੇ ਮੈਂਬਰਾਂ ਦੀਆਂ ਚੋਣਾਂ ਵੀ ਜਿੱਤ ਰਹੇ ਹਨ।

**ਵਿਕਾਸ ਦੂਬੇ ਦਾ ਪਿਛੋਕੜ ?**

ਪਿੰਡ ਵਾਲਿਆਂ ਮੁਤਾਬਕ, ਵਿਕਾਸ ਦੂਬੇ ਦੇ ਪਿਤਾ ਕਿਸਾਨ ਹਨ ਅਤੇ ਇਹ ਤਿੰਨ ਭੈਣ-ਭਰਾ ਸਨ, ਜਿਨ੍ਹਾਂ ਵਿੱਚੋਂ ਇੱਕ ਭਰਾ ਦਾ ਕਰੀਬ 8 ਸਾਲ ਪਹਿਲਾਂ ਕਤਲ ਕਰ ਦਿੱਤਾ ਗਿਆ ਸੀ। ਭਰਾਵਾਂ ਵਿੱਚੋਂ ਵਿਕਾਸ ਦੂਬੇ ਸਭ ਤੋਂ ਵੱਡਾ ਸੀ। ਵਿਕਾਸ ਦੀ ਪਤਨੀ ਰਿੱਚਾ ਦੂਬੇ ਫਿਲਹਾਲ ਜ਼ਿਲ੍ਹਾ ਪੰਚਾਇਤ ਮੈਂਬਰ ਹੈ। ਬਿਕਰੂ ਪਿੰਡ ਦੇ ਹੀ ਰਹਿਣ ਵਾਲੇ ਇੱਕ ਵਿਅਕਤੀ ਨੇ ਨਾਮ ਨਾ ਛਾਪਣ ਦੀ ਸ਼ਰਤ ‘ਤੇ ਦੱਸਿਆ ਹੈ ਕਿ ਵਿਕਾਸ ਦੂਬੇ ਦੇ ਖਿਲਾਫ ਥਾਣੇ ਵਿੱਚ ਭਾਵੇਂ ਜਿੰਨੇ ਮਰਜ਼ੀ ਮੁਕਦਮੇ ਦਰਜ ਹੋਣ ਪਰ ਪਿੰਡ ਵਿੱਚ ਉਸ ਦੀ ਬੁਰਾਈ ਕਰਨ ਵਾਲਾ ਕੋਈ ਨਹੀਂ ਮਿਲੇ ਤੇ ਨਾ ਹੀ ਉਸ ਦੇ ਖਿਲਾਫ਼ ਕੋਈ ਗਵਾਈ ਦਿੰਦਾ ਹੈ। ਉਨ੍ਹਾਂ ਮੁਤਾਬਕ, ਸਾਲ 2000 ਦੇ ਨੇੜੇ ਸ਼ਿਵਲੀ ਦੇ ਤਤਕਾਲੀ ਨਗਰ ਪੰਚਾਇਤ ਦੇ ਚੇਅਰਮੈਨ ਲੱਲਨ ਵਾਜਪਾਈ ਨਾਲ ਵਿਵਾਦ ਤੋਂ ਬਾਅਦ ਵਿਕਾਸ ਦੂਬੇ ਨੇ ਅਪਰਾਧ ਦੀ ਦੁਨੀਆਂ ਵਿੱਚ ਕਦਮ ਰੱਖਿਆ ਸੀ। ਪਿੰਡ ਵਾਲਿਆਂ ਮੁਤਾਬਕ, ਵਿਕਾਸ ਦੂਬੇ ਦੇ ਦੋ ਪੁੱਤਰ ਹਨ, ਜਿਨ੍ਹਾਂ ਵਿਚੋਂ ਇੱਕ ਇੰਗਲੈਂਡ ਵਿੱਚ ਐੱਮਬੀਬੀਐੱਸ ਦੀ ਪੜ੍ਹਾਈ ਕਰ ਰਿਹਾ ਹੈ, ਜਦ ਕਿ ਦੂਜੇ ਕਾਨਪੁਰ ਵਿੱਚ ਹੀ ਰਹਿ ਕੇ ਪੜ੍ਹਾਈ ਕਰ ਰਿਹਾ ਹੈ।

## ਦੋਸਤ ਦੀ ਭੈਣ ਨਾਲ ਲਵ ਮੈਰਿਜ, ਅਜਿਹੀ ਹੈ ਵਿਕਾਸ ਦੂਬੇ ਦੀ ਪਰਿਵਾਰਕ ਪ੍ਰੋਫਾਈਲ

ਨਵੀਂ ਦਿੱਲੀ : ਉੱਤਰ ਪ੍ਰਦੇਸ਼ ਦੇ ਕਾਨਪੁਰ ਦੇ ਪਿੰਡ ਬਿਕਰੂ ’ਚ 8 ਪੁਲਿਸ ਮੁਲਾਜ਼ਮਾਂ ਦਾ ਕਤਲ ਕਰ ਕੇ ਫਰਾਰ ਹੋਏ ਬਦਮਾਸ਼ ਵਿਕਾਸ ਦੂਬੇ ਦੀ ਭਾਲ ’ਚ ਪੁਲਿਸ ਦਿਨ-ਰਾਤ ਛਾਪੇਮਾਰੀ ਕਰ ਰਹੀ ਹੈ। ਵਿਕਾਸ ਦੂਬੇ ਦੀ ਭਾਲ ਲਈ ਪੁਲਿਸ ਦੀਆਂ 50 ਟੀਮਾਂ ਲੱਗੀਆਂ ਹੋਈਆਂ ਹਨ। ਇਸ ਗੰਭੀਰ ਅਤੇ ਵੱਡੀ ਵਾਰਦਾਤ ਤੋਂ ਬਾਅਦ ਵੀ ਵਿਕਾਸ ਦਾ ਕੁਝ ਪਤਾ ਨਹੀਂ ਹੈ ਕਿ ਉਹ ਕਿੱਥੇ ਲੁਕਿਆ ਬੈਠਾ ਹੈ। ਹੁਣ ਪੁਲਿਸ ਨੇ ਵਿਕਾਸ ਦੂਬੇ ਦੀ ਜਾਣਕਾਰੀ ਦੇਣ ’ਤੇ 5 ਲੱਖ ਇਨਾਮ ਰੱਖਿਆ ਹੈ, ਜੋ ਕਿ ਪਹਿਲਾਂ ਢਾਈ ਲੱਖ ਸੀ। ਹਾਲਾਂਕਿ ਦੂਬੇ ਦੇ ਸਾਥੀਆਂ ’ਤੇ ਪੁਲਿਸ ਦੀ ਕਾਰਵਾਈ ਜਾਰੀ ਹੈ ਅਤੇ ਉਨ੍ਹਾਂ ਨੂੰ ਫੜ੍ਹਿਆ ਜਾ ਰਿਹਾ ਹੈ। ਇਸ ਦਰਮਿਆਨ ਪਤਾ ਲੱਗਾ ਹੈ ਕਿ ਵਿਕਾਸ ਦੂਬੇ ਦੀ ਪਤਨੀ ਅਤੇ ਬੇਟੇ ਨੂੰ ਦੌੜਾਉਣ ਵਿਚ ਸਾਥ ਦੇਣ ਵਾਲਾ ਵਿਕਾਸ ਦਾ ਖਾਸ ਵਿਅਕਤੀ ਜਯ ਵਾਜਪੇਈ ਹੈ। ਜੋ ਕਿ ਪੁਲਿਸ ਦੀ ਗ੍ਰਿਫ਼ਤ ’ਚ ਆ ਚੁੱਕਾ ਹੈ ਅਤੇ ਪੁਲਿਸ ਉਸ ਤੋਂ ਪੁੱਛ-ਗਿੱਛ ਕਰ ਰਹੀ ਹੈ। ਜਯ ਵਾਜਪੇਈ ਵਿਕਾਸ ਦੂਬੇ ਦਾ ਖਾਸ ਵਿਅਕਤੀ ਹੈ। ਉਹ ਉਸ ਦੇ ਪਰਿਵਾਰ ਦਾ ਖਿਆਲ ਵੀ ਰੱਖਦਾ ਸੀ। **ਆਓ ਜਾਣਦੇ ਹਾਂ ਵਿਕਾਸ ਦੀ ਪਰਿਵਾਕ ਪ੍ਰੋਫਾਈਲ ਬਾਰੇ**: ਵਿਕਾਸ ਦੇ ਪਿਤਾ ਦਾ ਨਾਂ ਰਾਜਕੁਮਾਰ ਹੈ, ਜੋ ਕਿ ਬਿਕਰੂ ਪਿੰਡ ਵਿਚ ਹੀ ਰਹਿੰਦੇ ਹਨ। ਜਦਕਿ ਮਾਂ ਲਖਨਊ ’ਚ ਰਹਿੰਦੀ ਹੈ। ਵਿਕਾਸ ਦੂਬੇ ਦੇ ਤਿੰਨ ਭਰਾ ਹਨ, ਜਿਨ੍ਹਾਂ ਸਭ ਤੋਂ ਵੱਡਾ ਵਿਕਾਸ ਅਤੇ ਉਸ ਤੋਂ ਬਾਅਦ ਦੀਪੂ ਅਤੇ ਅਵਿਨਾਸ਼ ਦੂਬੇ ਹੈ। ਦੱਸਿਆ ਜਾਂਦਾ ਹੈ ਕਿ ਅਵਿਨਾਸ਼ ਦਾ ਕਤਲ ਹੋਇਆ ਸੀ। **ਵਿਕਾਸ ਦੂਬੇ ਦੀਆਂ 3 ਭੈਣਾਂ ਹਨ**— ਬਿੱਟਨ, ਕਿਰਨ ਅਤੇ ਛੋਟੀ ਰੇਖਾ। ਬਿੱਟਨ ਸ਼ਿਵਲੀ ਵਿਚ ਵਿਆਹੀ ਗਈ ਹੈ, ਜਦਕਿ ਕਿਰਨ ਉਨਾਵ ਅਤੇ ਰੇਖਾ ਰਾਮਪੁਰ ਵਿਚ। ਇਨ੍ਹਾਂ ’ਚੋਂ ਕਿਰਨ ਅਤੇ ਰੇਖਾ ਮਰ ਚੁੱਕੀਆਂ ਹਨ। **ਵਿਕਾਸ ਦੂਬੇ ਨੇ ਕੀਤੀ ਸੀ ਲਵ ਮੈਰਿਜ**- ਦੱਸਿਆ ਜਾਂਦਾ ਹੈ ਕਿ ਵਿਕਾਸ ਨੇ ਆਪਣੇ ਹੀ ਦੋਸਤ ਦੀ ਭੈਣ ਨਾਲ ਲਵ ਮੈਰਿਜ ਯਾਨੀ ਕਿ ਪ੍ਰੇਮ ਵਿਆਹ ਕਰਵਾਇਆ ਸੀ। ਵਿਕਾਸ ਦਾ ਦੋਸਤ ਰਾਜੂ ਖੁੱਲਰ ਸ਼੍ਰੀਵਾਸਤਵ ਦੀ ਭੈਣ ਰਿਚਾ ਨਾਲ ਵਿਕਾਸ ਨੇ 25 ਸਾਲ ਪਹਿਲਾਂ ਲਵ ਮੈਰਿਜ ਕੀਤੀ ਸੀ। ਵਿਕਾਸ ਦੇ ਦੋ ਪੁੱਤਰ ਹਨ, ਜਿਨ੍ਹਾਂ ਦੇ ਨਾਂ- ਆਕਾਸ਼ ਅਤੇ ਸ਼ਾਨੂੰ ਹਨ। ਖ਼ਬਰਾਂ ਇਹ ਵੀ ਹਨ ਕਿ ਵਿਕਾਸ ਦਾ ਬੇਟਾ ਪੁੱਤਰ ਅਮਰੀਕਾ ’ਚ ਐੱਮ. ਬੀ. ਬੀ. ਐੱਸ. ਕਰ ਰਿਹਾ ਹੈ ਅਤੇ ਛੋਟਾ ਪੁੱਤਰ ਸ਼ਾਨੂੰ ਆਪਣੀ ਮਾਂ ਅਤੇ ਦਾਦੀ ਨਾਲ ਲਖਨਊ ਵਿਚ ਰਹਿੰਦੇ ਹੋਏ ਇੰਟਰ ਯਾਨੀ ਕਿ 12ਵੀਂ ਕਰ ਰਿਹਾ ਹੈ। ਵਿਕਾਸ ਦੂਬੇ ਨੇ ਵੀ ਰਸੂਲਾਬਾਦ ਵਿਚ ਇੰਟਰ ਕਰਨ ਮਗਰੋਂ ਗਰੈਜੂਏਸ਼ਨ ਵੀ ਕੀਤੀ। ਵਿਕਾਸ ਦੂਬੇ ਦੀ ਪਤਨੀ ਅਤੇ ਪੁੱਤਰ ਨੂੰ ਲਖਨਊ ਤੋਂ ਫਰਾਰ ਕਰਾਉਣ ’ਚ ਵਿਕਾਸ ਦੇ ਸਾਥੀ ਜਯ ਵਾਜਪੇਈ ਦੀ ਭੂਮਿਕਾ ਰਹੀ ਹੈ। ਉੱਤਰ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ ਮੁਤਾਬਕ ਵਿਕਾਸ ਨੇ ਵਿਕਾਸ ਨੇ ਐਨਕਾਊਂਟਰ ਤੋਂ ਠੀਕ ਪਹਿਲਾਂ ਜਯ ਵਾਜਪੇਈ ਨੂੰ ਘਟਨਾ ਦੀ ਪੂਰੀ ਜਾਣਕਾਰੀ ਦਿੱਤੀ ਸੀ ਤੇ ਆਪਣੀ ਪਤਨੀ ਅਤੇ ਪੁੱਤਰ ਨੂੰ ਸੁਰੱਖਿਅਤ ਥਾਂ ਪਹੁੰਚਾਉਣ ਬਾਰੇ ਕਿਹਾ ਸੀ। ਜ਼ਿਕਰਯੋਗ ਹੈ ਕਿ ਬੀਤੀ 2-3 ਜੁਲਾਈ ਦੀ



ਦਰਮਿਆਨੀ ਰਾਤ ਕਰੀਬ ਇਕ ਵਜੇ ਬਦਮਾਸ਼ ਵਿਕਾਸ ਦੂਬੇ ਨੂੰ ਫੜਨ ਗਏ ਪੁਲਿਸ ਦਲ ’ਤੇ ਉਸ ਦੇ ਗੁਰਗਿਆਂ ਨੇ ਤਾਬੜਤੋੜ ਗੋਲੀਆਂ ਚੱਲਾ ਕੇ ਪੁਲਿਸ ਖੇਤਰ ਅਧਿਕਾਰੀ ਦਵਿੰਦਰ ਮਿਸ਼ਰਾ, ਤਿੰਨ ਦਰੋਗਾ ਅਤੇ ਚਾਰ ਸਿਪਾਹੀਆਂ ਦਾ ਕਤਲ ਕਰ ਦਿੱਤਾ ਸੀ। ਪੁਲਿਸ ਨੇ ਅੱਜ ਸਵੇਰੇ ਵਿਕਾਸ ਦੂਬੇ ਦਾ ਸੱਜਾ ਹੱਥ ਮੰਨੇ ਜਾਂਦੇ ਅਮਰ ਦੂਬੇ ਨੂੰ ਮੁਕਾਬਲੇ ’ਚ ਢੇਰ ਕਰ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਵਿਕਾਸ ਦਾ ਇਕ ਹੋਰ ਸਾਥੀ ਗ੍ਰਿਫ਼ਤਾਰ ਕੀਤਾ, ਜਿਸ ਦਾ ਨਾਂ ਸ਼ਿਆਮ ਵਾਜਪੇਈ ਹੈ।

# ਵਿਕਾਸ ਦੂਬੇ ਦਾ ਕਈ ਸੰਗੀਨ ਮਾਮਲਿਆਂ 'ਚ ਨਾਂ ਸੀ, ਫ਼ਿਰ ਵੀ ਕਿਵੇਂ ਬਚਦਾ ਰਿਹਾ

ਕਾਨਪੁਰ ਮੁਠਭੇੜ ਦੇ ਮੁੱਖ ਮੁਲਜ਼ਮ ਵਿਕਾਸ ਦੂਬੇ ਨੂੰ ਪੁਲਿਸ ਨੇ ਕਥਿਤ ਐਨਕਾਊਂਟਰ ਵਿੱਚ ਮਾਰ ਦਿੱਤਾ ਗਿਆ ਹੈ। ਖ਼ਬਰ ਏਜੰਸੀ ਏਐੱਨਆਈ ਮੁਤਾਬਕ ਕਾਨਪੁਰ ਲਿਜਾਉਣ ਵੇਲੇ ਪੁਲਿਸ ਕਾਫ਼ਲੇ ਦੀ ਇੱਕ ਗੱਡੀ ਪਲਟ ਗਈ, ਜਿਸ ਵਿੱਚ ਵਿਕਾਸ ਦੂਬੇ ਸਵਾਰ ਸੀ ਅਤੇ ਇਸ ਦੌਰਾਨ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ।

ਮੁਠਭੇੜ ਵਿੱਚ ਵਿਕਾਸ ਜ਼ਖਮੀ ਹੋ ਗਿਆ ਸੀ। ਖ਼ਬਰ ਏਜੰਸੀ ਪੀਟੀਆਈ ਅਨੁਸਾਰ ਕਾਨਪੁਰ ਦੇ ਆਈਜੀ ਮੋਹਿਤ ਅਗਰਵਾਲ ਨੇ ਵਿਕਾਸ ਦੂਬੇ ਦੀ ਮੌਤ ਦੀ ਪੁਸ਼ਟੀ ਕੀਤੀ ਹੈ।ਦਰਅਸਲ ਕਾਨਪੁਰ ਵਿੱਚ ਵਿਕਾਸ ਦੂਬੇ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਟੀਮ 'ਤੇ ਹੋਏ ਜ਼ਬਰਦਸਤ ਹਮਲੇ ਵਿੱਚ 8 ਪੁਲਿਸ ਕਰਮੀ ਮਾਰੇ ਗਏ ਤੇ 7 ਪੁਲਿਸ ਕਰਮੀ ਗੰਭੀਰ ਤੌਰ 'ਤੇ ਜਖ਼ਮੀ ਹੋ ਗਏ ਸਨ। ਮਰਨ ਵਾਲਿਆਂ ਵਿੱਚ ਬਿਲਹੌਰ ਪੁਲਿਸ ਜ਼ਿਲ੍ਹਾ ਅਧਿਕਾਰੀ ਦੇਵੇਂਦਰ ਮਿਸ਼ਰ ਅਤੇ ਐੱਸਓ ਸ਼ਿਵਰਾਜਪੁਰ ਮਹੇਸ਼ ਯਾਦਵ ਵੀ ਸ਼ਾਮਲ ਹਨ। ਵਿਕਾਸ ਦੂਬੇ 'ਤੇ ਨਾ ਸਿਰਫ਼ ਗੰਭੀਰ ਇਲਜ਼ਾਮ ਸਨ ਬਲਕਿ ਦਰਜਨਾਂ ਮੁਕਦਮੇ ਵੀ ਦਰਜ ਸਨ। ਸਿਆਸੀ ਦਲਾਂ ਵਿੱਚ ਵੀ ਉਸ ਦੀ ਚੰਗੀ ਪਹੁੰਚ ਦੱਸੀ ਜਾਂਦੀ ਸੀ।



ਕਾਨਪੁਰ ਦੇ ਚੌਬੇਪੁਰ ਥਾਣੇ ਵਿੱਚ ਵਿਕਾਸ ਦੂਬੇ ਖਿਲਾਫ਼ ਕੁੱਲ 8 ਕੇਸ ਸਨ, ਇਨ੍ਹਾਂ ਵਿੱਚ ਕਤਲ ਅਤੇ ਕਤਲ ਦੇ ਯਤਨ ਵਰਗੇ ਕਈ ਗੰਭੀਰ ਕੇਸ ਵੀ ਸ਼ਾਮਲ ਸਨ।ਕਾਨਪੁਰ ਦੇ ਆਈਜੀ ਪੁਲਿਸ ਮੋਹਿਤ ਅਗਰਵਾਲ ਨੇ ਬੀਬੀਸੀ ਨੂੰ ਦੱਸਿਆ ਸੀ ਕਿ ਜਿਸ ਮਾਮਲੇ ਵਿੱਚ ਪੁਲਿਸ ਵਿਕਾਸ ਦੂਬੇ ਦੇ ਘਰ ਗਈ ਸੀ ਉਹ ਵੀ ਕਤਲ ਨਾਲ ਜੁੜਿਆ ਮਾਮਲਾ ਸੀ ਅਤੇ ਵਿਕਾਸ ਦੂਬੇ ਉਸ ਵਿੱਚ ਨਾਮਜ਼ਦ ਸੀ।

ਚੌਬੇਪੁਰ ਥਾਣੇ ਵਿੱਚ ਦਰਜ ਕੇਸ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪਿਛਲੇ ਕਰੀਬ ਤਿੰਨ ਦਹਾਕੇ ਤੋਂ ਅਪਰਾਧ ਦੀ ਦੁਨੀਆਂ ਤੋਂ ਵਿਕਾਸ ਦੂਬੇ ਦਾ ਨਾਮ ਜੁੜਿਆ ਹੋਇਆ ਸੀ। ਕਈ ਵਾਰ ਉਸ ਦੀ ਗ੍ਰਿਫ਼ਤਾਰੀ ਵੀ ਹੋਈ, ਪਰ ਉਸ ਨੂੰ ਕਿਸੇ ਮਾਮਲੇ ਵਿੱਚ ਸਜ਼ਾ ਨਹੀਂ ਮਿਲ ਸਕੀ ਸੀ।

ਕਾਨਪੁਰ ਵਿੱਚ ਸਥਾਨਕ ਪੱਤਰਕਾਰ ਪ੍ਰਵੀਣ ਮੋਹਤਾ ਦੱਸਦੇ ਹਨ, "ਸਾਲ 2011 ਵਿੱਚ ਵਿਕਾਸ ਦੂਬੇ 'ਤੇ ਥਾਣੇ ਅੰਦਰ ਵੜ ਕੇ ਭਾਜਪਾ ਰਾਜ ਮੰਤਰੀ ਸੰਤੋਸ਼ ਸ਼ੁਕਲਾ ਦਾ ਕਤਲ ਕਰਨ ਦਾ ਇਲਜ਼ਾਮ ਲੱਗਿਆ ਸੀ। ਸੰਤੋਸ਼ ਸ਼ੁਕਲਾ ਦਾ ਕਤਲ ਇੱਕ ਹਾਈ-ਪ੍ਰੋਫਾਇਲ ਕਤਲ ਸੀ। ਇੰਨੀ ਵੱਡੀ ਵਾਰਦਾਤ ਹੋਣ ਤੋਂ ਬਾਅਦ ਵੀ ਕਿਸੇ ਪੁਲਿਸ ਵਾਲੇ ਨੇ ਵਿਕਾਸ ਦੇ ਖਿਲਾਫ਼ ਗਵਾਹੀ ਨਹੀਂ ਦਿੱਤੀ ਸੀ। ਕੋਰਟ ਵਿੱਚ ਵਿਕਾਸ ਦੂਬੇ ਦੇ ਖਿਲਾਫ਼ ਕੋਈ ਸਬੂਤ ਨਹੀਂ ਪੇਸ਼ ਕੀਤਾ ਜਾ ਸਕਿਆ, ਜਿਸ ਕਾਰਨ ਉਸ ਨੂੰ ਛੱਡ ਦਿੱਤਾ ਗਿਆ ਸੀ।" ਇਸ ਤੋਂ ਇਲਾਵਾ ਸਾਲ 2000 ਵਿੱਚ ਕਾਨਪੁਰ ਦੇ ਸ਼ਿਵਲੀ ਥਾਣਾ 'ਚ ਪੈਂਦੇ ਤਾਰਾਚੰਦ ਇੰਟਰ ਕਾਲਜ ਦੇ ਸਹਾਇਕ ਪ੍ਰਬੰਧਕ ਸਿੰਦੇਸ਼ਵਰ ਪਾਂਡੇ ਦੇ ਕਤਲ ਦੇ ਮਾਮਲੇ ਵਿੱਚ ਵੀ ਵਿਕਾਸ ਦੂਬੇ ਨੂੰ ਨਾਮਜ਼ਦ ਕੀਤਾ ਗਿਆ ਸੀ। ਥਾਣੇ ਵਿੱਚ ਦਰਜ ਰਿਪੋਰਟਾਂ ਮੁਤਾਬਕ ਸਾਲ 2000 ਵਿੱਚ ਹੀ ਵਿਕਾਸ ਦੂਬੇ ਦੇ ਉਪਰ ਰਾਮ ਬਾਬੂ ਯਾਦਵ ਦੇ ਕਤਲ ਦੇ ਮਾਮਲੇ ਵਿੱਚ ਸਾਜ਼ਿਸ਼ ਰਚਣ ਦਾ ਇਲਜ਼ਾਮ ਵੀ ਲਗਾਇਆ ਗਿਆ ਸੀ। ਸਾਲ 2004 ਵਿੱਚ ਇੱਕ ਵਪਾਰੀ ਦੇ ਕਤਲ ਵਿੱਚ ਵੀ ਵਿਕਾਸ ਦੂਬੇ ਦਾ ਨਾਮ ਸਾਹਮਣੇ ਆਇਆ ਸੀ। ਪੁਲਿਸ ਮੁਤਾਬਕ, ਇਨ੍ਹਾਂ ਵਿੱਚੋਂ ਕਈ ਮਾਮਲਿਆਂ ਵਿੱਚ ਵਿਕਾਸ ਦੂਬੇ ਜੇਲ੍ਹ ਜਾ ਚੁੱਕਾ ਸੀ, ਪਰ ਜ਼ਮਾਨਤ 'ਤੇ ਲਗਾਤਾਰ ਛੁੱਟਦਾ ਰਿਹਾ ਸੀ। ਸਾਲ 2013 ਵਿੱਚ ਵੀ ਵਿਕਾਸ ਦੂਬੇ ਦਾ ਨਾਮ ਕਤਲ ਦੇ ਇੱਕ ਮਾਮਲੇ ਵਿੱਚ ਸਾਹਮਣੇ ਆਇਆ ਸੀ। ਇਹ ਨਹੀਂ, ਸਾਲ 2018 ਵਿੱਚ ਵਿਕਾਸ ਦੂਬੇ 'ਤੇ ਆਪਣੇ ਚਾਚੇ ਦੇ ਮੁੰਡੇ ਅਨੁਰਾਗ 'ਤੇ ਵੀ ਜਾਨਲੇਵਾ ਹਮਲਾ ਕਰਨਾ ਦਾ ਇਲਜ਼ਾਮ ਲੱਗਾ ਸੀ, ਜਿਸ ਵਿੱਚ ਅਨੁਰਾਗ ਦੀ ਪਤਨੀ ਨੇ ਵਿਕਾਸ ਸਣੇ ਚਾਰ ਲੋਕਾਂ ਦੇ ਖਿਲਾਫ਼ ਐੱਫਆਈਆਰ ਦਰਜ ਕਰਵਾਈ ਸੀ। ਪ੍ਰਵੀਣ ਮੋਹਤਾ ਨੇ ਦੱਸਿਆ ਸੀ, "ਹਰੇਕ ਸਿਆਸੀ ਦਲ ਵਿੱਚ ਵਿਕਾਸ ਦੂਬੇ ਦਾ ਰੋਹਬ ਹੁੰਦਾ ਸੀ ਤੇ ਇਹੀ ਕਾਰਨ ਸੀ ਕਿ ਉਸ ਕਦੇ ਨੂੰ ਨਹੀਂ ਫੜਿਆ ਗਿਆ। ਜੇ ਕਦੇ ਫੜਿਆ ਵੀ ਗਿਆ ਤਾਂ ਕੁਝ ਦਿਨਾਂ ਬਾਅਦ ਜੇਲ੍ਹ ਤੋਂ ਬਾਹਰ ਆ ਜਾਂਦਾ ਸੀ।"

**ਪਿੰਡ ਵਿੱਚ ਕਿਲ੍ਹੇ ਵਰਗਾ ਘਰ**

ਵਿਕਾਸ ਦੂਬੇ ਮੂਲ ਤੌਰ 'ਤੇ ਕਾਨਪੁਰ ਵਿੱਚ ਬਿਠੂਰ ਦੇ ਸ਼ਿਵਲੀ ਥਾਣੇ ਦੇ ਬਿਕਰੂ ਪਿੰਡ ਦਾ ਰਹਿਣ ਵਾਲਾ ਸੀ। ਪਿੰਡ ਵਿੱਚ ਉਸ ਨੇ ਆਪਣਾ ਘਰ ਕਿਲ੍ਹੇ ਵਰਗਾ ਬਣਾਇਆ ਹੋਇਆ ਸੀ। ਸਥਾਨਕ ਲੋਕਾਂ ਮੁਤਾਬਕ, ਬਿਨਾਂ ਉਸ ਦੀ ਮਰਜ਼ੀ ਤੋਂ ਘਰ ਅੰਦਰ ਕੋਈ ਵੀ ਨਹੀਂ ਜਾ ਸਕਦਾ ਸੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸਾਲ 2002 ਵਿੱਚ ਜਦੋਂ ਸੂਬੇ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਸੀ, ਉਸ ਵੇਲੇ ਵਿਕਾਸ ਦੂਬੇ ਦੀ ਤੂਤੀ ਬੋਲਦੀ ਹੁੰਦੀ ਸੀ। ਬਿਕਰੂ ਪਿੰਡ ਦੇ ਹੀ ਰਹਿਣ ਵਾਲੇ ਇੱਕ ਸ਼ਖ਼ਸ ਨੇ ਨਾਮ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਇਸ ਦੌਰਾਨ ਉਸ ਨੇ ਨਾ ਸਿਰਫ਼ ਅਪਰਾਧ ਦੀ ਦੁਨੀਆਂ ਵਿੱਚ ਆਪਣਾ ਦਬਦਬਾ ਕਾਇਮ ਕੀਤਾ ਸੀ ਬਲਕਿ ਪੈਸਾ ਵੀ ਖ਼ੂਬ ਕਮਾਇਆ ਸੀ। ਚੌਬੇਪੁਰ ਥਾਣੇ ਵਿੱਚ ਦਰਜ ਤਮਾਮ ਮਾਮਲੇ ਗੈਰ-ਕਾਨੂੰਨੀ ਜ਼ਮੀਨ ਦੀ ਖਰੀਦੋ-ਫਰੋਖ਼ਤ ਨਾਲ ਵੀ ਜੁੜੇ ਸਨ।ਇਨ੍ਹਾਂ ਦੀ ਬਦੌਲਤ ਵਿਕਾਸ ਦੂਬੇ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਕਰੋੜਾਂ ਰੁਪਏ ਦੀ ਜਾਇਦਾਦ ਬਣਾਈ ਸੀ। ਬਿਠੂਰ ਵਿੱਚ ਹੀ ਉਸ ਦੇ ਕੁਝ ਸਕੂਲ ਤੇ ਕਾਲਜ ਵੀ ਚੱਲਦੇ ਹਨ। ਬਿਕਰੂ ਪਿੰਡ ਦੇ ਲੋਕ ਦੱਸਦੇ ਹਨ ਕਿ ਨਾ ਸਿਰਫ਼ ਆਪਣੇ ਪਿੰਡ ਵਿੱਚ ਬਲਕਿ ਨੇੜਲੇ ਪਿੰਡਾਂ ਵਿੱਚ ਵੀ ਵਿਕਾਸ ਦਾ ਦਬਦਬਾ ਕਾਇਮ ਸੀ। ਜ਼ਿਲ੍ਹਾ ਪੰਚਾਇਤ ਤੇ ਕਈ ਪਿੰਡਾਂ ਦੇ ਸਰਪੰਚਾਂ ਦੀਆਂ ਚੋਣਾਂ ਵਿੱਚ ਵਿਕਾਸ ਦੂਬੇ ਦੀ ਪਸੰਦ ਅਤੇ ਨਾ-ਪਸੰਦ ਕਾਫੀ ਮਾਅਨੇ ਰੱਖਦੀ ਰਹੀ ਸੀ। ਪਿੰਡ ਦੇ ਇੱਕ ਬਜ਼ੁਰਗ ਦੱਸਦੇ ਹਨ, "ਬਿਕਰੂ ਪਿੰਡ ਵਿੱਚ ਪਿਛਲੇ 15 ਸਾਲ ਤੋਂ ਬਿਨਾਂ ਕਿਸੇ ਵਿਰੋਧ ਤੋਂ ਪ੍ਰਧਾਨ ਬਣ ਰਹੇ ਹਨ, ਜਦ ਕਿ ਵਿਕਾਸ ਦੂਬੇ ਦੇ ਪਰਿਵਾਰ ਦੇ ਹੀ ਲੋਕ ਪਿਛਲੇ 15 ਸਾਲ ਤੋਂ ਜ਼ਿਲ੍ਹਾ ਪੰਚਾਇਤ ਦੇ ਮੈਂਬਰਾਂ ਦੀਆਂ ਚੋਣਾਂ ਵੀ ਜਿੱਤ ਰਹੇ ਹਨ।

**ਕੀ ਹੈ ਵਿਕਾਸ ਦੂਬੇ ਦਾ ਪਿਛੋਕੜ ?**

ਪਿੰਡ ਵਾਲਿਆਂ ਮੁਤਾਬਕ, ਵਿਕਾਸ ਦੂਬੇ ਦੇ ਪਿਤਾ ਕਿਸਾਨ ਹਨ ਅਤੇ ਇਹ ਤਿੰਨ ਭੈਣ-ਭਰਾ ਸਨ, ਜਿਨ੍ਹਾਂ ਵਿੱਚੋਂ ਇੱਕ ਭਰਾ ਦਾ ਕਰੀਬ 8 ਸਾਲ ਪਹਿਲਾਂ ਕਤਲ ਕਰ ਦਿੱਤਾ ਗਿਆ ਸੀ। ਭਰਾਵਾਂ ਵਿੱਚੋਂ ਵਿਕਾਸ ਦੂਬੇ ਸਭ ਤੋਂ ਵੱਡਾ ਸੀ। ਵਿਕਾਸ ਦੀ ਪਤਨੀ ਰਿੱਚਾ ਦੂਬੇ ਫਿਲਹਾਲ ਜ਼ਿਲ੍ਹਾ ਪੰਚਾਇਤ ਮੈਂਬਰ ਹੈ। ਬਿਕਰੂ ਪਿੰਡ ਦੇ ਹੀ ਰਹਿਣ ਵਾਲੇ ਇੱਕ ਵਿਅਕਤੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਸੀ ਕਿ ਵਿਕਾਸ ਦੂਬੇ ਦੇ ਖਿਲਾਫ ਥਾਣੇ ਵਿੱਚ ਭਾਵੇਂ ਜਿੰਨੇ ਮਰਜ਼ੀ ਮੁਕਦਮੇ ਦਰਜ ਹੋਣ ਪਰ ਪਿੰਡ ਵਿੱਚ ਉਸ ਦੀ ਬੁਰਾਈ ਕਰਨ ਵਾਲਾ ਕੋਈ ਨਹੀਂ ਮਿਲੇ ਤੇ ਨਾ ਹੀ ਉਸ ਦੇ ਖਿਲਾਫ਼ ਕੋਈ ਗਵਾਈ ਦਿੰਦਾ ਸੀ। ਉਨ੍ਹਾਂ ਮੁਤਾਬਕ, ਸਾਲ 2000 ਦੇ ਨੇੜੇ ਸ਼ਿਵਲੀ ਦੇ ਤਤਕਾਲੀ ਨਗਰ ਪੰਚਾਇਤ ਦੇ ਚੇਅਰਮੈਨ ਲੱਲਨ ਵਾਜਪਾਈ ਨਾਲ ਵਿਵਾਦ ਤੋਂ ਬਾਅਦ ਵਿਕਾਸ ਦੂਬੇ ਨੇ ਅਪਰਾਧ ਦੀ ਦੁਨੀਆਂ ਵਿੱਚ ਕਦਮ ਰੱਖਿਆ ਸੀ। ਪਿੰਡ ਵਾਲਿਆਂ ਮੁਤਾਬਕ, ਵਿਕਾਸ ਦੂਬੇ ਦੇ ਦੋ ਪੁੱਤਰ ਹਨ, ਜਿਨ੍ਹਾਂ ਵਿਚੋਂ ਇੱਕ ਇੰਗਲੈਂਡ ਵਿੱਚ ਐੱਮਬੀਬੀਐੱਸ ਦੀ ਪੜ੍ਹਾਈ ਕਰ ਰਿਹਾ ਹੈ, ਜਦ ਕਿ ਦੂਜੇ ਕਾਨਪੁਰ ਵਿੱਚ ਹੀ ਰਹਿ ਕੇ ਪੜ੍ਹਾਈ ਕਰ ਰਿਹਾ ਹੈ।

# ਪੁਲਿਸ ਐਨਕਾਊਂਟਰ ਤੇ ਹਿਰਾਸਤੀ ਮੌਤਾਂ ਨਾਲ ਜੁੜੇ ਅਹਿਮ ਸਵਾਲਾਂ ਦੇ ਜਵਾਬ



ਐਨਕਾਊਂਟਰ ਵਿੱਚ ਮੌਤ, ਜਾਂ ਹਿਰਾਸਤੀ ਮੌਤ ਨਾਲ ਜੁੜੇ ਕੁਝ ਸਵਾਲ ਸਮੇਂ-ਸਮੇਂ 'ਤੇ ਸਾਡੇ ਸਾਹਮਣੇ ਆਉਂਦੇ ਰਹਿੰਦੇ ਹਨ।ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਨਵਕਿਰਨ ਸਿੰਘ, ਏ.ਡੀ.ਐੱਸ ਸੁਖੀਜਾ ਅਤੇ ਰੀਟਾ ਕੋਹਲੀ ਨਾਲ ਗੱਲਬਤ ਕਰਕੇ ਅਸੀਂ ਕੁਝ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ ਹੈ।

**ਐਨਕਾਊਂਟਰ ਡੈੱਥ ਕੀ ਹੈ ?**

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੀਨੀਅਰ ਵਕੀਲ ਏ.ਡੀ.ਐੱਸ ਸੁਖੀਜਾ ਨੇ ਦੱਸਿਆ ਕਿ ਜਦੋਂ ਪੁਲਿਸ ਪਾਰਟੀ ਕਿਸੇ ਮੁਲਜ਼ਮ ਨੂੰ ਫੜਨ ਜਾਂਦੀ ਹੈ ਜਾਂ ਮੁਲਜ਼ਮ ਨਾਲ ਸਾਹਮਣਾ ਹੁੰਦਾ ਹੈ ਅਤੇ ਮੁਲਜ਼ਮ ਸਾਹਮਣਿਓਂ ਪੁਲਿਸ ਪਾਰਟੀ 'ਤੇ ਹਮਲਾ ਕਰਦਾ ਹੈ ਤੇ ਪੁਲਿਸ ਵੀ ਆਪਣੇ ਬਚਾਅ ਵਿੱਚ ਗੋਲੀ ਚਲਾਂਉਂਦੀ ਹੈ।ਇਸ ਕੇਸ ਵਿੱਚ ਜੇਕਰ ਮੁਲਜ਼ਮ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਐਨਕਾਊਂਟਰ ਡੈੱਥ ਕਿਹਾ ਜਾਂਦਾ ਹੈ। ਐਨਕਾਊਂਟਰ ਸ਼ਬਦ ਉਦੋਂ ਵਰਤਿਆ ਕਿਹਾ ਜਾਂਦਾ ਹੈ, ਜਦੋਂ ਮੁਲਜ਼ਮ ਪੁਲਿਸ ਦੀ ਕਸਟਡੀ ਵਿੱਚ ਨਾ ਹੋਵੇ।

**ਫੇਕ ਐਨਕਾਊਂਟਰ ਕੀ ਹੈ ?**

ਐਡਵੋਕੇਟ ਸੁਖੀਜਾ ਨੇ ਦੱਸਿਆ, "ਐਨਕਾਊਂਟਰ ਝੂਠਾ ਹੈ ਜਾਂ ਸੱਚਾ, ਇਹ ਨਿਰਪੱਖ ਜਾਂਚ ਤੋਂ ਬਾਅਦ ਹੀ ਪਤਾ ਲੱਗ ਸਕਦਾ ਹੈ। ਕਈ ਕੇਸਾਂ ਵਿੱਚ ਪਹਿਲੀ ਨਜ਼ਰ ਵਿੱਚ ਅਸੀਂ ਕਿਸੇ ਐਨਕਾਊਂਟਰ ਨੂੰ ਝੂਠਾ ਜਾਂ ਸੱਚਾ ਨਹੀਂ ਕਹਿ ਸਕਦੇ।" "ਜਿਵੇਂ ਕਈ ਵਾਰ ਪੁਲਿਸ ਐਨਕਾਊਂਟਰ ਦੀ ਅਜਿਹੀ ਕਹਾਣੀ ਬਣਾਉਂਦੀ ਹੈ, ਜਿਸ ਵਿੱਚ ਮੁਲਜ਼ਮ ਪੁਲਿਸ ਉੱਤੇ ਹਮਲਾ ਕਰਨ ਦੇ ਹਾਲਾਤ ਵਿੱਚ ਨਹੀਂ ਹੁੰਦਾ ਪਰ ਫਿਰ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਪੁਲਿਸ ਉੱਤੇ ਹਮਲਾ ਕੀਤਾ। ਕਈ ਕਹਾਣੀਆਂ ਉੱਤੇ ਯਕੀਨ ਕਰਨਾ ਔਖਾ ਹੁੰਦਾ ਹੈ, ਪਰ ਹੋ ਸਕਦਾ ਹੈ ਉਹ ਸੱਚ ਹੋਣ ਜਾਂ ਹੋ ਸਕਦਾ ਹੈ ਉਹ ਜਾਂਚ ਤੋਂ ਬਾਅਦ ਝੂਠ ਨਿੱਕਲਣ।"

**ਕਸਟੋਡੀਅਲ (ਹਿਰਾਸਤੀ) ਡੈੱਥ ਕਿਸ ਨੂੰ ਕਹਿੰਦੇ ਹਨ ?**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ, "ਗ਼ੈਰ-ਕਾਨੂੰਨੀ ਪੁਲਿਸ ਹਿਰਾਸਤ ਵਿੱਚ ਕੀਤਾ ਗਿਆ ਐਨਕਾਊਂਟਰ, ਕਸਟੋਡੀਅਲ ਡੈੱਥ ਹੀ ਕਿਹਾ ਜਾਏਗਾ।" ਐਡਵੋਕੇਟ ਸੁਖੀਜਾ ਮੁਤਾਬਕ, "ਪੁਲਿਸ ਦੀ ਕਸਟਡੀ ਵਿੱਚ ਮੁਲਜ਼ਮ ਦੀ ਕਿਸੇ ਵੀ ਕਾਰਨ ਮੌਤ ਹੋਵੇ, ਉਸ ਨੂੰ ਕਸਟੋਡੀਅਲ ਡੈੱਥ ਕਿਹਾ ਜਾਂਦਾ ਹੈ। ਭਾਵੇਂ ਉਹ ਖੁਦਕੁਸ਼ੀ ਹੋਵੇ, ਦੁਰਘਟਨਾ ਹੋਵੇ, ਕਿਸੇ ਬਿਮਾਰੀ ਕਰਕੇ ਹੋਵੇ। ਹਾਂ, ਹਰ ਕਸਟੋਡੀਅਲ ਡੈੱਥ, ਕਤਲ ਨਹੀਂ ਹੁੰਦਾ। ਕਤਲ ਹੈ ਜਾਂ ਨਹੀਂ, ਇਹ ਜਾਂਚ ਤੋਂ ਹੀ ਪਤਾ ਲੱਗ ਸਕਦਾ ਹੈ।ਉਹਨਾਂ ਕਿਹਾ ਕਿ ਕਈ ਵਾਰ ਪੁਲਿਸ ਪਾਰਟੀ, ਆਪਣੀ ਕਸਟਡੀ ਵਿੱਚ ਲਏ ਸ਼ਖ਼ਸ ਨੂੰ ਕਿਸੇ ਰਿਕਵਰੀ ਲਈ, ਪੇਸ਼ੀ ਲਈ, ਜਗ੍ਹਾ ਸ਼ਿਫਟ ਕਰਨ ਲਈ, ਵਾਰਦਾਤ ਦਾ ਸੀਨ ਰੀ-ਕ੍ਰੀਏਟ ਕਰਨ ਲਈ ਲੈ ਕੇ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕੀਤੀ ਜਾਂ ਪੁਲਿਸ ਉੱਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਪੁਲਿਸ ਨੂੰ ਗੋਲੀ ਚਲਾਉਣੀ ਪਈ ਅਤੇ ਮੁਲਜ਼ਮ ਦੀ ਮੌਤ ਹੋ ਗਈ।" ਪੁਲਿਸ ਇਸ ਘਟਨਾ ਨੂੰ ਐਨਕਾਊਂਟਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦੀ ਹੈ, ਪਰ ਕਾਨੂੰਨੀ ਤੌਰ 'ਤੇ ਉਹ ਕਸਟੋਡੀਅਲ ਡੈੱਥ ਹੀ ਕਹੀ ਜਾਏਗੀ।"

**ਕਸਟੋਡੀਅਲ ਡੈੱਥ ਦੇ ਕੇਸ ਵਿੱਚ ਜਾਂਚ ਦੀ ਕੀ ਕਾਨੂੰਨੀ ਪ੍ਰਕਿਰਿਆ ਹੈ ?**

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੀਨੀਅਰ ਵਕੀਲ ਨਵਕਿਰਨ ਸਿੰਘ ਨੇ ਦੱਸਿਆ ਕਿ ਸੀਆਰਪੀਸੀ ਦੇ ਸੈਕਸ਼ਨ 174(1) ਅਧੀਨ ਹਰ ਕਸਟੋਡੀਅਲ ਡੈੱਥ ਦੀ ਜਾਂਚ ਹੁੰਦੀ ਹੈ। ਜਾਂਚ ਕਿਸ ਪੱਧਰ 'ਤੇ ਹੋਵੇਗੀ, ਇਹ ਇੱਕ ਕੇਸ ਤੋਂ ਦੂਜੇ ਕੇਸ 'ਤੇ ਨਿਰਭਰ ਕਰਦਾ ਹੈ।ਐਡਵੋਕੇਟ ਏ.ਡੀ.ਐੱਸ ਸੁਖੀਜਾ ਨੇ ਦੱਸਿਆ, "ਕਸਟੋਡੀਅਲ ਡੈੱਥ ਦੇ ਕੇਸ ਵਿੱਚ ਦੇਸ਼ ਭਰ ਅੰਦਰ ਇੱਕ ਸਟੈਂਡਰਡ ਪ੍ਰਕਿਰਿਆ ਹੈ। ਹਰ ਕੇਸ ਵਿੱਚ ਨੇੜਲਾ ਮੈਜਿਸਟ੍ਰੇਟ ਸ਼ੁਰੂਆਤੀ ਜਾਂਚ ਕਰੇਗਾ। ਸਬੰਧਤ ਲੋਕਾਂ ਦੇ ਬਿਆਨ ਲਏ ਜਾਣਗੇ, ਮੌਕੇ 'ਤੇ ਕੀਤੀ ਜਾਂਚ ਦੀ ਵੀਡੀਓ ਰਿਕਾਰਡਿੰਗ ਵੀ ਅੱਜ-ਕੱਲ੍ਹ ਹੋਣ ਲੱਗੀ ਹੈ।" ਰਿਪੋਰਟ ਤਿਆਰ ਕਰਕੇ ਉਹ ਸਬੰਧਤ ਸੈਸ਼ਨ ਜੱਜ ਨੂੰ ਭੇਜੀ ਜਾਏਗੀ ਅਤੇ ਉਸ ਤੋਂ ਬਾਅਦ ਤੈਅ ਹੋਏਗਾ ਕਿ ਕੇਸ ਦੀ ਜਾਂਚ ਪੁਲਿਸ ਦੀ ਸਪੈਸ਼ਲ ਟੀਮ ਕਰੇਗੀ, ਕੋਈ ਖਾਸ ਏਜੰਸੀ ਕਰੇਗੀ ਜਾਂ ਰੂਟੀਨ ਵਿੱਚ ਜਾਂਚ ਹੋਏਗੀ। ਜੇ ਜਾਂਚ ਨਾ ਹੋਵੇ ਤਾਂ ਲੋਕਾਂ ਦਾ ਦੇਸ਼ ਦੀ ਕਾਨੂੰਨੀ ਪ੍ਰਕਿਰਿਆ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਜਾਏਗਾ।"

**ਐਨਕਾਊਂਟਰ ਦੇ ਕੇਸ ਵਿੱਚ ਕੀ ਕਾਨੂੰਨੀ ਪ੍ਰਕਿਰਿਆ ਹੈ, ਕਿਹੜੇ ਕੇਸਾਂ ਵਿੱਚ ਜਾਂਚ ਹੋ ਸਕਦੀ ਹੈ ?**

ਐਡਵੋਕੇਟ ਸੁਖੀਜਾ ਨੇ ਦੱਸਿਆ, "ਜਿਸ ਤਰ੍ਹਾਂ ਪੁਲਿਸ ਆਪਣੀ ਹਰ ਕਾਰਵਾਈ ਦੀ ਇੱਕ ਰਿਪੋਰਟ ਬਣਾਉਂਦੀ ਹੈ, ਉਸੇ ਤਰ੍ਹਾਂ ਐਨਕਾਊਂਟਰ ਦੀ ਵੀ ਪੁਲਿਸ ਰਿਪੋਰਟ ਬਣਦੀ ਹੈ ਜਿਸ ਵਿੱਚ ਪੁਲਿਸ ਮੁਤਾਬਕ ਘਟਨਾ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ ਅਤੇ ਫਿਰ ਐੱਫਆਈਆਰ ਦਰਜ ਕੀਤੀ ਜਾਂਦੀ ਹੈ।

ਐਨਕਾਊਂਟਰ ਸਬੰਧੀ ਜਾਂਚ ਹੋਣੀ ਹੈ ਜਾਂ ਨਹੀਂ, ਇਹ ਕੇਸ ਦੇ ਮੁਤਾਬਕ ਹੀ ਤੈਅ ਹੁੰਦਾ ਹੈ। ਕਈ ਵਾਰ ਸਰਕਾਰ ਕਿਸੇ ਐਨਕਾਊਂਟਰ ਦੀ ਜਾਂਚ ਕਰਵਾਉਂਦੀ ਹੈ ਅਤੇ ਜੇਕਰ ਹਾਈਕੋਰਟ ਵਿੱਚ ਕੋਈ ਪਟੀਸ਼ਨ ਦਾਇਰ ਕਰ ਦੇਵੇ ਤਾਂ ਹਾਈਕੋਰਟ ਫ਼ੈਸਲਾ ਸੁਣਾਉਂਦੀ ਹੈ ਕਿ ਜਾਂਚ ਹੋਣੀ ਹੈ ਜਾਂ ਨਹੀਂ।ਐਡਵੋਕੇਟ ਰੀਟਾ ਕੋਹਲੀ ਮੁਤਾਬਕ, "ਐਨਕਾਊਂਟਰ ਦੇ ਕਈ ਕੇਸਾਂ ਵਿੱਚ ਪੁਲਿਸ ਦੀ ਕਹਾਣੀ ਸਪੱਸ਼ਟ ਹੁੰਦੀ ਹੈ, ਉੱਤੇ ਨਿਆਂਅਕ ਜਾਂਚ ਦੀ ਲੋੜ ਨਹੀਂ ਹੁੰਦੀ, ਪਰ ਕਈ ਕੇਸਾਂ ਵਿੱਚ ਜਦੋਂ ਕਹਾਣੀ ਸ਼ੱਕੀ ਲਗਦੀ ਹੈ ਤਾਂ ਮ੍ਰਿਤਕ ਦਾ ਪਰਿਵਾਰ ਜਾਂ ਕੋਈ ਹੋਰ ਜਾਂਚ ਦੀ ਮੰਗ ਕਰਦਾ ਹੈ। ਕੁਝ ਕੇਸਾਂ ਵਿੱਚ ਜਾਚ ਹੋ ਜਾਂਦੀ ਹੈ।"

**ਕੀ ਕਸਟੋਡੀਅਲ ਡੈੱਥ ਦੀ ਜਾਂਚ ਦੇ ਕਾਨੂੰਨ ਦੀ ਪਾਲਣਾ ਹੋ ਰਹੀ ਹੈ ?**

ਦਿ ਵਾਇਰ ਨੇ ਕਸਟੋਡੀਅਲ ਡੈੱਥ ਦੇ ਕੇਸ ਵਿੱਚ ਨਿਆਂਇਕ ਜਾਂਚ ਦੀ ਪ੍ਰੋਵੀਜ਼ਨ ਦੇਣ ਵਾਲੇ ਸੀਆਰਪੀਸੀ ਦੀ ਧਾਰਾ 176(11) ਦਾ ਹਵਾਲਾ ਦਿੰਦਿਆਂ ਆਪਣੇ ਇੱਕ ਆਰਟੀਕਲ ਵਿੱਚ ਲਿਖਿਆ, "ਇਸ ਕਾਨੂੰਨ ਦੇ ਆਉਣ ਤੋਂ ਬਾਅਦ ਪੁਲਿਸ ਦੀ ਜਾਇਜ਼ ਅਤੇ ਨਾ-ਜਾਇਜ਼ ਕਸਟਡੀ ਵਿੱਚ 1373 ਲੋਕਾਂ ਦੀ ਮੌਤ ਹੋਈ ਹੈ ਪਰ ਸਿਰਫ਼ 298 ਕੇਸਾਂ ਵਿੱਚ ਸੂਬਿਆਂ ਨੇ ਲਾਜ਼ਮੀ ਨਿਆਂਇਕ ਜਾਂਚ ਨੂੰ ਅੱਗੇ ਵਧਾਇਆ ਹੈ, ਜੋ ਕਿ ਕੁੱਲ ਕੇਸਾਂ ਦਾ ਸਿਰਫ਼ 21 ਫੀਸਦੀ ਹੈ।" ਆਰਟੀਕਲ ਵਿੱਚ ਮਨੁੱਖੀ ਅਧਿਕਾਰ ਕਾਰਕੁਨ ਸੁਹਾਸ ਚਕਮਾ ਨੇ ਕਿਹਾ, "ਸਰਕਾਰੀ ਅੰਕੜੇ ਹੀ ਦੱਸਦੇ ਹਨ ਕਿ ਅਜਿਹੀਆਂ ਜ਼ਿਆਦਤਰ ਮੌਤਾਂ ਪੁਲਿਸ ਦੀ ਨਜਾਇਜ਼ ਕਸਟਡੀ ਵਿੱਚ ਹੁੰਦੀਆਂ ਹਨ। ਹਿਰਾਸਤ ਵਿੱਚ ਲਏ ਗਏ ਵਿਅਕਤੀ, ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ। 2005 ਤੋਂ 2018 ਵਿਚਕਾਰ 1373 ਵਿੱਚੋਂ 873 ਦੀ ਮੌਤ ਪੁਲਿਸ ਕਸਟਡੀ ਵਿੱਚ ਹੋਈ, ਪਰ ਉਹਨਾਂ ਦਾ ਜੁਡੀਸ਼ੀਅਲ ਰਿਮਾਂਡ ਨਹੀਂ ਸੀ।

# ਭਤੀਜੀ ਨੇ ਕਿਤਾਬ ਵਿਚ ਕੀਤੇ ਵੱਡੇ ਖੁਲਾਸੇ !
# ਡੋਨਲਡ ਟਰੰਪ ਨੇ ਪੈਸੇ ਦੇ ਪਾਸ ਕੀਤੀ ਸੀ ਪ੍ਰੀਖਿਆ

ਵਾਸ਼ਿੰਗਟਨ: ਅਮਰੀਕਾ ਵਿੱਚ ਨਵੰਬਰ ਵਿਚ ਰਾਸ਼ਟਰਪਤੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਜੀਵਨ ਦੇ ਰਾਜ਼ ਖੋਲ੍ਹਣ ਵਾਲੀਆਂ ਕਿਤਾਬਾਂ ਦਾ ਆਉਣ ਲਗਾਤਾਰ ਜਾਰੀ ਹੈ। ਜੌਨ ਬੋਲਟਨ ਤੋਂ ਬਾਅਦ, ਟਰੰਪ ਦੀ ਆਪਣੀ ਭਤੀਜੀ ਮੈਰੀ ਟਰੰਪ ਨੇ ਆਪਣੀ ਕਿਤਾਬ ਵਿੱਚ ਦਾਅਵਾ ਕੀਤਾ ਕਿ ਟਰੰਪ ਨੇ ਕਾਲਜ ਵਿਚ ਦਾਖਲੇ ਲਈ ਫਰਜੀਵਾੜਾ ਕੀਤਾ ਸੀ ਅਤੇ ਪੈਸੇ ਦੇ ਕੇ ਕਿਸੇ ਹੋਰ ਤੋਂ ਆਪਣੀ ਪ੍ਰੀਖਿਆ ਦਵਾਈ ਸੀ। ਟਰੰਪ ਉਸ ਸਮੇਂ ਹਾਈ ਸਕੂਲ ਵਿਚ ਪੜ੍ਹ ਰਿਹਾ ਸੀ ਅਤੇ ਉਸ ਨੂੰ ਕਾਲਜ ਦੇ ਦਾਖਲੇ ਲਈ ਚੰਗੇ ਨੰਬਰਾਂ ਦੀ ਜ਼ਰੂਰਤ ਸੀ। ਮੈਰੀ ਦੀ ਕਿਤਾਬ Too Much and Never Enough: How My Family Created the World's Most Dangerous Man 28 ਜੁਲਾਈ ਨੂੰ ਰਿਲੀਜ਼ ਕੀਤੀ ਜਾਣੀ ਸੀ ਪਰ ਹੁਣ ਇਹ 14 ਜੁਲਾਈ ਨੂੰ ਰਿਲੀਜ਼ ਹੋਵੇਗੀ।



ਇਸ ਕਿਤਾਬ ਵਿੱਚ ਮੈਰੀ ਨੇ ਦੱਸਿਆ ਹੈ ਕਿ ਡੋਨਲਡ ਟਰੰਪ ਨੂੰ ਉਸ ਦੇ ਪਿਤਾ ਫਰੇਡੀ ਟਰੰਪ ਸੀਨੀਅਰ ਤੰਗ ਕਰਦੇ ਸਨ। ਡੋਨਾਲਡ ਦੇ ਵੱਡੇ ਭਰਾ ਫਰੈਡ ਜੂਨੀਅਰ ਦੀ ਧੀ ਮੈਰੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਟਰੰਪ ਦੇ ਪਿਤਾ ਟਰੰਪ ਸੀਨੀਅਰ ਨੂੰ ਪਿਆਰ ਦਾ ਅਰਥ ਨਹੀਂ ਪਤਾ ਸੀ, ਉਹ ਸਿਰਫ ਆਪਣੇ ਹੁਕਮਾਂ ਦੀ ਪਾਲਣਾ ਕਰਵਾਉਣਾ ਜਾਣਦੇ ਸਨ, ਜੋ ਡੋਨਾਲਡ ਨੂੰ ਮਜਬੂਰੀ ਵੱਸ ਕਰਨਾ ਪੈਂਦਾ ਸੀ। ਮੈਰੀ ਦੇ ਅਨੁਸਾਰ, ਟਰੰਪ ਨੂੰ ਪੂਰਾ ਯਕੀਨ ਨਹੀਂ ਸੀ ਕਿ ਉਹ ਯੂਨੀਵਰਸਿਟੀ ਦੀ ਦਾਖਲਾ ਪ੍ਰੀਖਿਆ ਪਾਸ ਕਰ ਸਕਣਗੇ, ਇਸ ਲਈ ਵਧੀਆ ਨੰਬਰ ਪ੍ਰਾਪਤ ਕਰਨ ਲਈ, ਉਨ੍ਹਾਂ ਨੇ ਕਿਸੇ ਹੋਰ ਨੂੰ ਇਮਤਿਹਾਨ ਦੇਣ ਲਈ ਪੈਸੇ ਭੇਜੇ ਸਨ। ਟਰੰਪ ਕੋਲ ਯੂਨੀਵਰਸਿਟੀ ਆਫ ਪੈਨਸਿਲਵੇਨੀਆ ਦੇ ਮਸ਼ਹੂਰ ਵੌਰਟਨ ਬਿਜ਼ਨਸ ਸਕੂਲ ਦੀ ਡਿਗਰੀ ਹੈ। ਮੈਰੀ ਦੇ ਦਾਅਵੇ 'ਤੇ ਵ੍ਹਾਈਟ ਹਾਊਸ ਦੀ ਸਲਾਹਕਾਰ ਕੈਲੇਨੀ ਕੌਨੀ ਨੇ ਕਿਹਾ ਕਿ ਮੈਰੀ ਇਕ ਕਲੀਨਿਕਲ ਮਨੋਵਿਗਿਆਨਕ ਹੈ ਪਰ ਟਰੰਪ ਉਸ ਦਾ ਮਰੀਜ਼ ਨਹੀਂ, ਉਸ ਦਾ ਪਰਿਵਾਰ ਹੈ। ਵ੍ਹਾਈਟ ਹਾਊਸ ਨੇ ਪਹਿਲਾਂ ਵੀ ਮੈਰੀ ਦੇ ਦਾਅਵਿਆਂ ਨੂੰ ਗਲਤ ਕਰਾਰ ਦਿੱਤਾ ਸੀ। ਉਧਰ, ਮੈਰੀ ਦੇ ਅਨੁਸਾਰ, ਟਰੰਪ ਪਰਿਵਾਰ ਵਿੱਚ ਗਲਤੀਆਂ ਲਈ ਜ਼ਿੰਮੇਵਾਰੀ ਲੈਣਾ ਦਾ ਰਿਵਾਜ਼ ਨਹੀਂ, ਸਗੋਂ ਧੋਖਾਧੜੀ ਨੂੰ ਉਤਸ਼ਾਹਤ ਕਰਨਾ ਹੈ।

# ਦੁਨੀਆ 'ਚ ਅਤਿਵਾਦ ਦਾ 'ਕੌਮਾਂਤਰੀ ਕੇਂਦਰ' ਮੰਨਿਆ ਜਾਂਦੈ ਪਾਕਿ: ਭਾਰਤ

ਸੰਯੁਕਤ ਰਾਸ਼ਟਰ, 9 ਜੁਲਾਈ (ਚ.ਨ.ਸ.): ਭਾਰਤ ਨੇ ਆਪਣੇ ਖਿਲਾਫ਼ 'ਗਲਤ ਬਿਰਤਾਂਤ' ਫੈਲਾਉਣ ਲਈ ਪਾਕਿਸਤਾਨ ਦੀ ਆਲੋਚਨਾ ਕੀਤੀ ਹੈ ਅਤੇ ਪਾਕਿਸਤਾਨ ਨੂੰ ਪੜਚੋਲ ਕਰਨ ਲਈ ਕਿਹਾ ਹੈ ਕਿ ਕਿਉਂ ਉਸ ਨੂੰ ਦੁਨੀਆ ਭਰ 'ਚ ਅਤਿਵਾਦ ਦਾ 'ਕੌਮਾਂਤਰੀ ਕੇਂਦਰ ਅਤੇ 'ਅਤਿਵਾਦੀਆਂ ਦੀ ਸੁਰੱਖਿਅਤ ਪਨਾਹਗਾਹ' ਸਮਝਿਆ ਜਾਂਦਾ ਹੈ। ਭਾਰਤੀ ਵਫ਼ਦ ਦੇ ਮੁਖੀ ਮਹਾਵੀਰ ਸਿੰਘਵੀ ਨੇ ਮੰਗਲਵਾਰ ਨੂੰ ਵਰਚੁਅਲ ਅਤਿਵਾਦ ਵਿਰੋਧੀ ਹਫ਼ਤੇ 'ਤੇ ਵੈਬਿਨਾਰ ਦੌਰਾਨ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਜਦੋਂ ਦੁਨੀਆ ਮਹਾਮਾਰੀ ਨਾਲ ਨਜਿੱਠਣ ਲਈ ਇਕਜੁੱਟ ਹੈ ਤਾਂ ਬਦਕਿਸਮਤੀ ਨਾਲ ਪਾਕਿਸਤਾਨ ਅਜਿਹਾ ਮੁਲਕ ਹੈ ਜੋ ਇਸ ਮੌਕੇ ਦੀ ਵਰਤੋਂ ਭਾਰਤ ਖਿਲਾਫ਼ ਝੂਠ ਫੈਲਾਉਣ 'ਚ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਵੀ ਦਖ਼ਲ ਦੇ ਰਿਹਾ ਹੈ। ਸਿੰਘਵੀ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਪਾਕਿਸਤਾਨ ਦੇ ਕਬਜ਼ੇ ਵਾਲੇ ਇਲਾਕਿਆਂ 'ਚ ਸਰਗਰਮ ਅਤਿਵਾਦੀ ਜਥੇਬੰਦੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਜੰਮੂ ਕਸ਼ਮੀਰ ਸਮੇਤ ਭਾਰਤ ਦੀ ਘਰੇਲੂ ਸਿਆਸਤ ਅਤੇ ਅੰਦਰੂਨੀ ਮਾਮਲੇ ਉਠਾਉਣ ਲਈ ਪਾਕਿਸਤਾਨ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਆਜ਼ਾਦੀ ਸੰਘਰਸ਼ ਦੇ ਨਾਮ 'ਤੇ ਭਾਰਤ ਖਿਲਾਫ਼ ਸਰਹੱਦ ਪਾਰੋਂ ਅਤਿਵਾਦ ਲਈ ਆਪਣੀ ਫ਼ੌਜੀ, ਵਿੱਤੀ ਅਤੇ ਸਾਜ਼ੋ-ਸਾਮਾਨ ਸਬੰਧੀ ਸਹਾਇਤਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਭਾਰਤ ਦੇ ਘਰੇਲੂ ਕਾਨੂੰਨਾਂ ਅਤੇ ਨੀਤੀਆਂ ਖਿਲਾਫ਼ ਕੂੜ ਪ੍ਰਚਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਇਹ ਚਾਹੁੰਦਾ ਹੈ ਕਿ ਉਸ ਨੂੰ 'ਅਤਿਵਾਦ ਦੇ ਖ਼ਤਰਨਾਕ ਵਾਇਰਸ' ਖਿਲਾਫ਼ ਲੜਾਈ 'ਚ ਗੰਭੀਰਤਾ ਨਾਲ ਲਿਆ ਜਾਵੇ ਤਾਂ ਉਸ ਨੂੰ ਆਪਣੇ ਅੰਦਰ ਝਾਤ ਮਾਰਨੀ ਪਵੇਗੀ।



# ਭਾਰਤ 'ਤੇ ਵੱਡਾ ਖ਼ਤਰਾ, ਰੋਜ਼ਾਨਾ ਆਉਣਗੇ 2.87 ਲੱਖ ਕੋਰੋਨਾ ਕੇਸ !



ਨਵੀਂ ਦਿੱਲੀ : ਭਾਰਤ 'ਚ 2021 ਦੀ ਸਰਦੀਆਂ ਤੱਕ ਕੋਰੋਨਾ ਇਨਫੈਕਸ਼ਨ ਦੇ ਕੇਸ ਹਰ ਦਿਨ ਵੱਡੀ ਛਲਾਂਗ ਲਾ ਸਕਦੇ ਹਨ। ਇੱਕ ਅਧਿਐਨ ਨੇ ਹੈਰਾਨ ਕਰਨ ਵਾਲੇ ਦਾਅਵੇ ਕੀਤੇ ਹਨ। ਮੈਸੇਚਿਉਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐਮਆਈਟੀ) ਦੇ ਖੋਜਕਰਤਾਵਾਂ ਨੇ ਭਾਰਤ ਵਿੱਚ ਕੋਰੋਨਾ ਦੀ ਲਾਗ ਦਾ ਰੋਜ਼ਾਨਾ ਅੰਕੜਾ 2.87 ਲੱਖ ਹੋਣ ਦੀ ਭਵਿੱਖਬਾਣੀ ਕੀਤੀ ਹੈ। ਐਮਆਈਟੀ ਦੇ ਤਿੰਨ ਖੋਜਕਰਤਾਵਾਂ ਨੇ ਕਿਹਾ ਕਿ ਕੋਰੋਨਾ ਦੇ 2.87 ਲੱਖ ਨਵੇਂ ਕੇਸ ਭਾਰਤ ਵਿੱਚ ਸਾਹਮਣੇ ਆਉਣਗੇ ਜੇ ਕੋਰੋਨਾ ਵਾਇਰਸ ਦੀ ਕੋਈ ਵੈਕਸੀਨ ਜਾਂ ਦਵਾਈ ਨਹੀਂ ਮਿਲਦੀ। ਇਸ ਦੌਰਾਨ ਜੇ ਇਲਾਜ ਦਾ ਕੋਈ ਢੁਕਵਾਂ ਢੰਗ ਨਹੀਂ, ਤਾਂ ਦੁਨੀਆ ਵਿੱਚ ਕੋਰੋਨਾ ਦੀ ਲਾਗ ਦੇ 24.9 ਕਰੋੜ ਨਵੇਂ ਕੇਸ ਹੋਣ ਦੀ ਸੰਭਾਵਨਾ ਹੈ। ਜਦਕਿ ਮਰਨ ਵਾਲਿਆਂ ਦੀ ਗਿਣਤੀ ਪ੍ਰਤੀ ਦਿਨ 18 ਲੱਖ ਤੱਕ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ 10 ਦੇਸ਼ਾਂ 'ਚ ਕੋਰੋਨਾ ਦੀ ਲਾਗ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦਾ ਅਨੁਮਾਨ ਹੈ, ਜਿਥੇ 2021 ਦੀ ਸਰਦੀਆਂ ਤਕ ਰਿਕਾਰਡ ਪੱਧਰ 'ਤੇ ਵਾਧਾ ਦਰਜ ਕੀਤਾ ਜਾ ਸਕਦਾ ਹੈ। ਇਸ ਸੂਚੀ ਵਿੱਚ ਭਾਰਤ, ਅਮਰੀਕਾ, ਦੱਖਣੀ ਅਫਰੀਕਾ, ਇਰਾਨ, ਨਾਈਜੀਰੀਆ, ਤੁਰਕੀ, ਫਰਾਂਸ ਤੇ ਜਰਮਨੀ ਸ਼ਾਮਲ ਹੈ। ਖੋਜਕਰਤਾਵਾਂ ਨੇ ਵੱਖ ਵੱਖ ਦੇਸ਼ਾਂ ਦੇ ਅਨੁਮਾਨਿਤ ਅੰਕੜੇ ਪੇਸ਼ ਕੀਤੇ ਹਨ ਜਿਥੇ 2021 ਦੀ ਸਰਦੀਆਂ ਵਿੱਚ ਕੋਰੋਨਾ ਵਿਸ਼ਾਣੂ ਦੇ ਵਧੇਰੇ ਕੇਸ ਹੋਣ ਦੀ ਸੰਭਾਵਨਾ ਹੈ। ਉਸ ਅਨੁਸਾਰ ਹਰ ਦਿਨ ਅਮਰੀਕਾ 'ਚ 95 ਹਜ਼ਾਰ ਦੀ ਤੇਜ਼ੀ ਦੇਖਣ ਨੂੰ ਮਿਲੇਗੀ। ਦੱਖਣੀ ਅਫਰੀਕਾ 'ਚ 21 ਹਜ਼ਾਰ ਪ੍ਰਤੀ ਦਿਨ, ਈਰਾਨ 'ਚ 17 ਹਜ਼ਾਰ ਪ੍ਰਤੀ ਦਿਨ, ਇੰਡੋਨੇਸ਼ੀਆ 'ਚ 13 ਹਜ਼ਾਰ ਪ੍ਰਤੀ ਦਿਨ ਕੋਰੋਨਾ ਦੇ ਨਵੇਂ ਕੇਸ ਸਾਹਮਣੇ ਆ ਸਕਦੇ ਹਨ। ਉਸ ਨੇ ਇਹ ਵੀ ਦੱਸਿਆ ਕਿ ਲਾਗ ਦੀ ਦਰ 12 ਗੁਣਾ ਵਧੇਰੇ ਹੋਣ ਦਾ ਅਨੁਮਾਨ ਹੈ।

# ਟਰੰਪ ਨੂੰ ਲੈ ਕੇ ਜਗਮੀਤ ਸਿੰਘ ਨੇ ਬੰਨ੍ਹੇ ਤਾਰੀਫ਼ਾਂ ਦੇ ਪੁਲ, ਟਰੂਡੋ 'ਤੇ ਕੱਸੇ ਤੰਜ





ਓਟਾਵਾ : ਨਿਊਡੈਮੋਕ੍ਰੈਟਿਕ ਪਾਰਟੀ (ਐੱਨ. ਡੀ. ਪੀ.) ਦੇ ਨੇਤਾ ਜਗਮੀਤ ਸਿੰਘ ਨੇ ਨਸਲਵਾਦ ਖਿਲਾਫ ਚੁੱਕੇ ਜਾ ਰਹੇ ਕਦਮਾਂ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਦੀ ਤਾਰੀਫ਼ ਕਰਦਿਆਂ ਟਰੂਡੋ 'ਤੇ ਨਿਸ਼ਾਨਾ ਵਿੰਨਿਆ ਹੈ। ਸਿੰਘ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੁਕਾਬਲੇ ਵਿਵਸਥਾਵਾਦੀ ਨਸਲਵਾਦ ਖਿਲਾਫ ਜ਼ਿਆਦਾ ਕਦਮ ਚੁੱਕ ਰਹੇ ਹਨ। ਜਾਰਜ ਫਲਾਈਡ ਦੀ ਮੌਤ ਪਿੱਛੋਂ ਟਰੰਪ ਨੇ ਜੂਨ 'ਚ ਇਕ ਕਾਰਜਕਾਰੀ ਨਿਰਦੇਸ਼ 'ਤੇ ਦਸਤਖਤ ਕੀਤੇ ਹਨ, ਜਿਸ ਤਹਿਤ ਪੁਲਿਸ ਵੱਲੋਂ ਤਾਕਤ ਦੇ ਇਸਤੇਮਾਲ ਨੂੰ ਬੜੀ ਹੱਦ ਤੱਕ ਸੀਮਤ ਕਰ ਦਿੱਤਾ ਗਿਆ ਹੈ। ਮਿਨੀਪੋਲਿਸ ਪੁਲਿਸ ਦੇ ਇੱਕ ਅਧਿਕਾਰੀ ਵੱਲੋਂ ਗੈਰ-ਗੋਰੇ ਫਲਾਈਡ ਦੀ ਗਰਦਨ 9 ਮਿੰਟ ਤੱਕ ਗੋਡੇ ਨਾਲ ਦਬਾਈ ਰੱਖਣ ਨਾਲ ਮੌਤ ਹੋਈ ਸੀ। ਸਿੰਘ ਨੇ ਕਿਹਾ ਕਿ ਟਰੰਪ ਦੇ ਮੁਕਾਬਲੇ ਟਰੂਡੋ ਨੇ ਅਮਲੀ ਤੌਰ 'ਤੇ ਕੁਝ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਟਰੂਡੋ ਨੇ ਜੋ ਸਭ ਤੋਂ ਜ਼ਿਆਦਾ ਕੀਤਾ ਉਹ ਇਕ ਫੋਕਾ ਭਰੋਸਾ ਬਾਡੀ ਕੈਮਰੇ ਹਨ। ਪ੍ਰੈੱਸ ਕਾਨਫਰੰਸ 'ਚ ਸਿੰਘ ਨੇ ਰਾਈਡੋਂ ਹਾਲ 'ਚ ਤਾਜ਼ਾ ਘਟਨਾ 'ਤੇ ਵੀ ਟਿੱਪਣੀ ਕੀਤੀ। ਪਿਛਲੇ ਹਫਤੇ ਇਕ ਹਥਿਆਰਬੰਦ ਵਿਅਕਤੀ ਰਾਈਡੋਂ ਹਾਲ ਦੀ ਜਾਇਦਾਦ 'ਚ ਦਾਖਲ ਹੋ ਗਿਆ ਸੀ, ਜਿਸ 'ਚ ਪ੍ਰਧਾਨ ਮੰਤਰੀ ਅਤੇ ਗਵਰਨਰ ਜਨਰਲ ਦੀ ਰਿਹਾਇਸ਼ ਹੈ। ਦੋ ਘੰਟਿਆਂ ਦੀ ਮਸ਼ਕਤ ਤੋਂ ਬਾਅਦ ਪੁਲਸ ਨੇ ਸੀ. ਏ. ਐੱਫ. ਰਿਜ਼ਰਵਿਸਟ ਕੋਰੀ ਹੁਰੈਨ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ। ਸਿੰਘ ਨੇ ਇਸ ਘਟਨਾ ਨੂੰ ਕਾਨੂੰਨ ਵਿਵਸਥਾ 'ਚ ਵਿਵਸਥਾਵਾਦੀ ਨਸਲਵਾਦ ਦੀ ਇਕ ਉਦਾਹਰਣ ਦੱਸਿਆ ਕਿਉਂਕਿ ਹੁਰੈਨ ਜੋ ਗੋਰਾ ਹੈ, ਨੂੰ ਬਿਨਾਂ ਕਿਸੇ ਨੁਕਸਾਨ ਦੇ ਗ੍ਰਿਫਤਾਰ ਕੀਤਾ ਗਿਆ ਸੀ। ਜਗਮੀਤ ਸਿੰਘ ਨੇ ਕਿਹਾ, ਕਿਸੇ ਨੇ ਸੰਭਾਵਤ ਤੌਰ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਮਾਰਨ ਜਾਂ ਉਸ ਦੀ ਰਿਹਾਇਸ਼ 'ਤੇ ਹਥਿਆਰਾਂ ਨਾਲ ਦਾਖਲ ਹੋਇਆ ਅਤੇ ਉਸ ਵਿਅਕਤੀ ਨੂੰ ਬਿਨਾਂ ਕਿਸੇ ਹਿੰਸਾ ਦੇ ਗ੍ਰਿਫਤਾਰ ਕੀਤਾ ਗਿਆ। ਇਕ ਵਿਅਕਤੀ ਉਹ ਵੀ ਸੀ ਜਿਸ ਨੂੰ ਤੁਸੀਂ ਉਸ ਦੇ ਘਰ ਹੀ ਮਾਰ ਦਿੱਤਾ।

# ਅਮਰੀਕਾ ਵਿਚ ਭਾਰਤ ਕੋਰੋਨਾ ਤੋਂ ਬਚਾਅ ਲਈ ਆਯੁਰਵੈਦਿਕ ਦਵਾਈਆਂ ਦਾ ਕਰੇਗਾ ਟੈਸਟ

ਵਾਸ਼ਿੰਗਟਨ : ਕੋਰੋਨਾ ਵਾਇਰਸ ਦੀ ਵੈਕਸੀਨ ਬਣਾਉਣ ਲਈ ਭਾਰਤ ਸਣੇ ਦੁਨੀਆ ਭਰ ਦੇ ਵਿਗਿਆਨੀ ਦਿਨ ਰਾਤ ਲੱਗੇ ਹੋਏ ਹਨ। ਇਸ ਦੌਰਾਨ ਆਯੂਰਵੈਦ ਜ਼ਰੀਏ ਕੋਰੋਨਾ ਦਾ ਇਲਾਜ ਲੱਭਣ ਲਈ ਭਾਰਤ ਅਤੇ ਅਮਰੀਕਾ ਵਿਚ ਆਯੂਰਵੈਦਿਕ ਡਾਕਟਰ ਅਤੇ ਖੋਜਾਰਥੀ ਇਕੱਠੇ ਮਿਲ ਕੇ ਕਲੀਨਿਕਲ ਟਰਾਈਲ ਸ਼ੁਰੂ ਕਰ ਰਹੇ ਹਨ । ਭਾਰਤੀ ਅਮਰੀਕੀ ਵਿਗਿਆਨੀ, ਖੋਜਾਰਥੀ ਅਤੇ ਡਾਕਟਰਾਂ ਦਾ ਇਕ ਸਮੂਹ ਵਰਚੂਅਲ ਇੰਟਰੈਕਸ਼ਨ ਜ਼ਰੀਏ ਅਮਰੀਕੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਸੰਸਥਾਵਾਂ ਦੇ ਵਿਸ਼ਾਲ ਨੈਟਵਰਕ ਨੇ ਦੋਵੇਂ ਦੇਸ਼ਾਂ ਵਿਚਕਾਰ ਵਿਗਿਆਨਕ ਭਾਈਚਾਰੇ ਨੂੰ ਕੋਰੋਨਾ ਵਾਇਰਸ ਖਿਲਾਫ਼ ਲੜਾਈ ਵਿਚ ਇਕੱਠੇ ਖੜ੍ਹੇ ਕਰ ਦਿੱਤਾ ਹੈ ।ਸੰਧੂ ਨੇ ਕਿਹਾ ਕਿ ਸਾਡੀਆਂ ਸੰਸਥਾਵਾਂ, ਖੋਜ ਕੇਂਦਰ, ਵਿਦਿਅਕ ਅਤੇ ਸਿਖਲਾਈ ਪ੍ਰੋਗਰਾਮਾਂ ਜ਼ਰੀਏ ਆਯੂਰਵੈਦ ਨੂੰ ਪ੍ਰਫੁੱਲਤ ਕਰਨ ਵਿਚ ਸਹਿਯੋਗ ਕਰ ਰਹੇ ਹਨ । ਦੋਵੇਂ ਦੇਸ਼ਾਂ ਦੇ ਆਯੂਰਵੈਦਿਕ ਮਾਹਰ ਅਤੇ ਖੋਜਾਰਥੀਆਂ ਨੇ ਕੋਰੋਨਾ ਵਾਇਰਸ ਦਾ ਆਯੂਰਵੈਦਿਕ ਇਲਾਜ ਲੱਭਣ ਲਈ ਕਲੀਨਿਕਲ ਟਰਾਈਲ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ ।ਸੰਧੂ ਨੇ ਕਿਹਾ ਕਿ ਭਾਰਤੀ ਦਵਾਈ ਕੰਪਨੀਆਂ ਸਸਤੀ ਲਾਗਤ ਵਾਲੀਆਂ ਦਵਾਈਆਂ ਅਤੇ ਟੀਕਿਆਂ ਦੇ ਉਤਪਾਦਨ ਵਿਚ ਗਲੋਬਲ ਲੀਡਰ ਹਨ ਅਤੇ ਇਸ ਮਹਾਮਾਰੀ ਖਿਲਾਫ਼ ਲੜਾਈ ਵਿਚ ਅਹਿਮ ਭੂਮਿਕਾ ਨਿਭਾਉਣਗੀਆਂ । ਰਾਜਦੂਤ ਅਨੁਸਾਰ ਅਮਰੀਕਾ ਸਥਿਤ ਸੰਸਥਾਵਾਂ ਨਾਲ ਭਾਰਤੀ ਵੈਕਸੀਨ ਕੰਪਨੀਆਂ ਵਿਚ ਘੱਟ ਤੋਂ ਘੱਟ ਤਿੰਨ ਸਹਿਯੋਗ ਚੱਲ ਰਹੇ ਹਨ । ਉਨ੍ਹਾਂ ਨੇ ਕਿਹਾ ਕਿ ਇਹ ਸਹਿਯੋਗ ਨਾ ਕੇਵਲ ਭਾਰਤ ਅਤੇ ਅਮਰੀਕਾ ਲਈ ਫਾਇਦੇਮੰਦ ਹੋਵੇਗਾ।




## ਦੁਨੀਆ 'ਚ ਅਤਿਵਾਦ ਦਾ 'ਕੌਮਾਂਤਰੀ ਕੇਂਦਰ' ਮੰਨਿਆ ਜਾਂਦੈ ਪਾਕਿ: ਭਾਰਤ

ਸੰਯੁਕਤ ਰਾਸ਼ਟਰ, : ਭਾਰਤ ਨੇ ਆਪਣੇ ਖਿਲਾਫ਼ 'ਗਲਤ ਬਿਰਤਾਂਤ' ਫੈਲਾਉਣ ਲਈ ਪਾਕਿਸਤਾਨ ਦੀ ਆਲੋਚਨਾ ਕੀਤੀ ਹੈ ਅਤੇ ਪਾਕਿਸਤਾਨ ਨੂੰ ਪੜਚੋਲ ਕਰਨ ਲਈ ਕਿਹਾ ਹੈ ਕਿ ਕਿਉਂ ਉਸ ਨੂੰ ਦੁਨੀਆ ਭਰ 'ਚ ਅਤਿਵਾਦ ਦਾ 'ਕੌਮਾਂਤਰੀ ਕੇਂਦਰ ਅਤੇ 'ਅਤਿਵਾਦੀਆਂ ਦੀ ਸੁਰੱਖਿਅਤ ਪਨਾਹਗਾਹ' ਸਮਝਿਆ ਜਾਂਦਾ ਹੈ। ਭਾਰਤੀ ਵਫ਼ਦ ਦੇ ਮੁਖੀ ਮਹਾਵੀਰ ਸਿੰਘਵੀ ਨੇ ਮੰਗਲਵਾਰ ਨੂੰ ਵਰਚੁਅਲ ਅਤਿਵਾਦ ਵਿਰੋਧੀ ਹਫ਼ਤੇ 'ਤੇ ਵੈਬਿਨਾਰ ਦੌਰਾਨ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਜਦੋਂ ਦੁਨੀਆ ਮਹਾਮਾਰੀ ਨਾਲ ਨਜਿੱਠਣ ਲਈ ਇਕਜੁੱਟ ਹੈ ਤਾਂ ਬਦਕਿਸਮਤੀ ਨਾਲ ਪਾਕਿਸਤਾਨ ਅਜਿਹਾ ਮੁਲਕ ਹੈ ਜੋ ਇਸ ਮੌਕੇ ਦੀ ਵਰਤੋਂ ਭਾਰਤ ਖਿਲਾਫ਼ ਝੂਠ ਫੈਲਾਉਣ 'ਚ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਵੀ ਦਖ਼ਲ ਦੇ ਰਿਹਾ ਹੈ। ਸਿੰਘਵੀ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਪਾਕਿਸਤਾਨ ਦੇ ਕਬਜ਼ੇ ਵਾਲੇ ਇਲਾਕਿਆਂ 'ਚ ਸਰਗਰਮ ਅਤਿਵਾਦੀ ਜਥੇਬੰਦੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਉਨ੍ਹਾਂ ਜੰਮੂ ਕਸ਼ਮੀਰ ਸਮੇਤ ਭਾਰਤ ਦੀ ਘਰੇਲੂ ਸਿਆਸਤ ਅਤੇ ਅੰਦਰੂਨੀ ਮਾਮਲੇ ਉਠਾਉਣ ਲਈ ਪਾਕਿਸਤਾਨ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਉਹ ਆਜ਼ਾਦੀ ਸੰਘਰਸ਼ ਦੇ ਨਾਮ 'ਤੇ ਭਾਰਤ ਖਿਲਾਫ਼ ਸਰਹੱਦ ਪਾਰੋਂ ਅਤਿਵਾਦ ਲਈ ਆਪਣੀ ਫ਼ੌਜੀ, ਵਿੱਤੀ ਅਤੇ ਸਾਜ਼ੋ-ਸਾਮਾਨ ਸਬੰਧੀ ਸਹਾਇਤਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਭਾਰਤ ਦੇ ਘਰੇਲੂ ਕਾਨੂੰਨਾਂ ਅਤੇ ਨੀਤੀਆਂ ਖਿਲਾਫ਼ ਕੂੜ ਪ੍ਰਚਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨ ਇਹ ਚਾਹੁੰਦਾ ਹੈ ਕਿ ਉਸ ਨੂੰ 'ਅਤਿਵਾਦ ਦੇ ਖ਼ਤਰਨਾਕ ਵਾਇਰਸ' ਖਿਲਾਫ਼ ਲੜਾਈ 'ਚ ਗੰਭੀਰਤਾ ਨਾਲ ਲਿਆ ਜਾਵੇ ਤਾਂ ਉਸ ਨੂੰ ਆਪਣੇ ਅੰਦਰ ਝਾਤ ਮਾਰਨੀ ਪਵੇਗੀ।

# ਚੀਨ ਖ਼ਿਲਾਫ਼ ਅਮਰੀਕਾ 'ਚ ਪੇਸ਼ ਹੋਇਆ ਬਿੱਲ, ਕਰਤੂਤਾਂ ਦੀ ਹੋਵੇਗੀ ਜਾਂਚ



ਵਾਸ਼ਿੰਗਟਨ : ਚੀਨ ਵੱਲੋਂ ਕੋਰੋਨਾ ਮਹਾਂਮਾਰੀ ਦਾ ਫਾਇਦਾ ਚੁੱਕਣ ਦੀਆਂ ਕੋਸ਼ਿਸ਼ਾਂ ਦੀ ਜਾਂਚ ਦੀ ਮੰਗ ਨੂੰ ਲੈ ਕੇ ਅਮਰੀਕੀ ਸੰਸਦ 'ਚ ਬਿੱਲ ਪੇਸ਼ ਕੀਤਾ ਗਿਆ । ਇਸ 'ਚ ਚੀਨੀ ਸਰਕਾਰ ਦੇ ਗ਼ਲਤ ਕੰਮਾਂ ਦੀ ਪਛਾਣ ਕਰਨ, ਵਿਸ਼ਲੇਸ਼ਣ ਕਰਨ ਤੇ ਉਨ੍ਹਾਂ ਦਾ ਮੁਕਾਬਲਾ ਕਰਨ ਦੀ ਮੰਗ ਕੀਤੀ ਗਈ ਹੈ ।ਅਮਰੀਕਾ ਦੇ 14 ਸੰਸਦ ਮੈਂਬਰਾਂ ਨੇ ਮਿਲ ਕੇ ਇਹ ਬਿੱਲ ਪੇਸ਼ ਕੀਤਾ ਹੈ ।ਸੰਸਦ ਮੈਂਬਰ ਜੇਰੇਡ ਗੋਲਡਨ ਨੇ ਸੰਸਦ ਦੇ ਹੇਠਲੇ ਸਦਨ, ਅਮਰੀਕੀ ਪ੍ਰਤੀਨਿਧ ਸਦਨ 'ਚ 'ਪ੍ਰਿਵੈਂਟਿੰਗ ਚਾਈਨਾ ਫਰੋਮ ਐਕਸਪਲਾਈਟਿੰਗ ਕੋਵਿਡ-19 ਐਕਟ' ਨਾਮਕ ਬਿੱਲ ਪੇਸ਼ ਕੀਤਾ ਹੈ । ਇਸ ਦਾ ਸਮਰਥਨ 13 ਹੋਰ ਸੰਸਦ ਮੈਂਬਰਾਂ ਨੇ ਕੀਤਾ ਹੈ । ਇਸ ਬਿੱਲ ਦੇ ਪਾਸ ਹੋਣ ਨਾਲ, ਨੈਸ਼ਨਲ ਇੰਟੈਲੀਜੈਂਸ (ਡੀਐਨਆਈ) ਦੇ ਡਾਇਰੈਕਟਰ ਲਈ ਚੀਨ ਮਾਮਲੇ ਦੀ ਜਾਂਚ ਕਰਨਾ ਲਾਜ਼ਮੀ ਹੋ ਜਾਵੇਗਾ । ਬਿੱਲ 'ਚ ਇਸ ਗੱਲ ਦੀ ਜਾਂਚ ਦੀ ਮੰਗ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਚੀਨੀ ਸਰਕਾਰ ਨੇ ਕੋਵਿਡ-19 ਦੇ ਪਰਦੇ ਹੇਠ ਆਪਣੇ ਕੌਮੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ । ਅਮਰੀਕਾ ਲਈ ਪੈਦਾ ਹੋਏ ਖਤਰੇ ਦਾ ਮੁਲਾਂਕਣ ਕਰਨ ਦੀ ਮੰਗ ਵੀ ਕੀਤੀ ਗਈ ਹੈ । ਗੋਲਡਨ ਨੇ ਕਿਹਾ, ਕੋਵਿਡ -19 ਦੀ ਸ਼ੁਰੂਆਤ ਤੋਂ ਹੀ ਇਸ ਗੱਲ ਦਾ ਸਬੂਤ ਹੈ ਕਿ ਚੀਨ ਸਾਈਬਰ ਚੋਰੀ ਤੇ ਝੂਠੀਆਂ ਖ਼ਬਰਾਂ ਰਾਹੀਂ ਅਮਰੀਕੀਆਂ ਖ਼ਿਲਾਫ਼ ਮਹਾਂਮਾਰੀ ਦੀ ਵਰਤੋਂ ਕਰ ਰਿਹਾ ਹੈ ।ਸਾਨੂੰ ਇਨ੍ਹਾਂ ਖਤਰਿਆਂ ਨੂੰ ਪੂਰੀ ਤਰ੍ਹਾਂ ਸਮਝਣ ਤੇ ਉਨ੍ਹਾਂ ਦਾ ਜਵਾਬ ਦੇਣ ਦੀ ਲੋੜ ਹੈ ।

# ਦੁਬਈ 'ਚ ਰਹਿੰਦੇ ਭਾਰਤੀ ਨੌਜਵਾਨ ਨੇ ਵਧਾਇਆ ਦੇਸ਼ ਦਾ ਮਾਣ, ਗਿੰਨੀਜ਼ ਬੁੱਕ 'ਚ ਦਰਜ ਹੋਇਆ ਨਾਮ



ਦੁਬਈ : ਦੁਬਈ ਵਿਚ ਭਾਰਤੀ ਨੌਜਵਾਨ ਸੋਹਮ ਮੁਖਰਜੀ ਨੇ ਇਕ ਪੈਰ ਨਾਲ 101 ਵਾਰ ਜੰਪ (ਛਾਲ ਮਾਰ ਕੇ) ਕਰਕੇ ਆਪਣਾ ਨਾਮ ਗਿਨੀਜ਼ ਵਰਲਡ ਰਿਕਾਰਡ ਵਿਚ ਦਰਜ ਕਰਾ ਲਿਆ ਹੈ । ਦਿੱਲੀ ਨਾਲ ਤਾਲੁੱਕ ਰੱਖਣ ਵਾਲੇ ਮੁਖਰਜੀ ਨੇ 30 ਸਕਿੰਟਾਂ ਵਿਚ 96 ਵਾਰ ਜੰਪ ਕਰਨ ਦੇ ਪਿਛਲੇ ਰਿਕਾਰਡ ਨੂੰ ਤੋੜ ਦਿੱਤਾ ਹੈ ।ਰਿਕਾਰਡ ਤੋੜਨ 'ਤੇ ਗਲੋਬਲ ਸੰਸਥਾ ਨੇ ਇਕ ਬਿਆਨ ਜਾਰੀ ਕਰਕੇ ਕਿਹਾ, 'ਵੀਡੀਓ ਵਿਚ ਮੁਖਰਜੀ ਨੇ ਕੁੱਲ 110 ਵਾਰ ਜੰਪ ਕੀਤਾ ਪਰ ਇਨ੍ਹਾਂ ਵਿਚੋਂ 9 ਨੂੰ ਅਯੋਗ ਕਰਾਰ ਦਿੱਤਾ ਗਿਆ । ਮੁਖਰਜੀ ਨੇ ਕਿਹਾ ਕਿ ਇਸ ਨੂੰ 2 ਕੈਮਰਿਆਂ ਨਾਲ ਰਿਕਾਰਡ ਕੀਤਾ ਗਿਆ ਅਤੇ ਨੇੜਿਓਂ 'ਸਲੋਅ ਮੋਸ਼ਨ' ਨਾਲ ਇਸ ਨੂੰ ਮਾਪਿਆ ਗਿਆ । ਮੁਖਰਜੀ ਨੇ ਇਕ ਬਿਆਨ ਵਿਚ ਕਿਹਾ ਰਿਕਾਰਡ ਨੂੰ ਨੇੜਿਓਂ ਸਲੋਅ-ਮੋਸ਼ਨ ਵੀਡੀਓ ਨਾਲ ਮਾਪਿਆ ਗਿਆ ਸੀ ਤਾਂ ਕਿ ਲਕੀਰ ਆਬਜੈਕਟ ਅਤੇ ਮੇਰੇ ਪੈਰ ਸਪੱਸ਼ਟ ਰੂਪ ਨਾਲ ਵਿਖਾਈ ਦੇਣ । ਮੁਖਰਜੀ ਨੇ ਇਸ ਦਾ ਸਿਹਰਾ ਆਪਣੇ ਸਰਗਰਮ ਖੇਡ ਜੀਵਨ ਨੂੰ ਦਿੰਦੇ ਹੋਏ ਕਿਹਾ ਕਿ ਇਸ ਵਿਸ਼ੇਸ਼ ਰਿਕਾਰਡ ਨੂੰ ਤੋੜਨ ਵਿਚ ਉਨ੍ਹਾਂ ਦੀ ਮਦਦ ਤਾਈਕਵਾਂਡੋ ਵਿਚ 13 ਸਾਲਾਂ ਦੀ ਉਨ੍ਹਾਂ ਦੀ ਮਿਹਨਤ ਨੇ ਕੀਤੀ ।

# ਭਗੌੜੇ ਨੀਰਵ ਮੋਦੀ ਦੀ 327 ਕਰੋੜ ਦੀ ਜਾਇਦਾਦ ਜਬਤ

ਨਵੀਂ ਦਿੱਲੀ : ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਭਗੌੜੇ ਹੀਰੇ ਦੇ ਵਪਾਰੀ ਨੀਰਵ ਮੋਦੀ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਦੱਸਿਆ ਹੈ ਕਿ ਨੀਰਵ ਮੋਦੀ ਦੀ 326.99 ਕਰੋੜ ਦੀ ਜਾਇਦਾਦ ਭਗੌੜੇ ਆਰਥਿਕ ਅਪਰਾਧ ਐਕਟ ਤਹਿਤ ਜ਼ਬਤ ਕਰ ਲਈ ਗਈ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਜੂਨ ਦੇ ਸ਼ੁਰੂਆਤੀ ਹਫ਼ਤੇ ਪੀਐਮਐਲਏ ਅਦਾਲਤ ਨੇ ਆਦੇਸ਼ ਦਿੱਤਾ ਕਿ ਨੀਰਵ ਮੋਦੀ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ। ਇਸ ਆਦੇਸ਼ ਦੇ ਬਾਅਦ ਹੁਣ ਨੀਰਵ ਦੀਆਂ ਸਾਰੀਆਂ ਜਾਇਦਾਦਾਂ 'ਤੇ ਭਾਰਤ ਸਰਕਾਰ ਦਾ ਅਧਿਕਾਰ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਹਾ ਹੈ ਕਿ ਨੀਰਵ ਮੋਦੀ ਦੀਆਂ ਜ਼ਬਤ ਕੀਤੀਆਂ ਜਾਇਦਾਦਾਂ ਵਿੱਚ ਮੁੰਬਈ ਵਿੱਚ ਚਾਰ ਫਲੈਟ, ਅਲੀਬਾਗ ਵਿੱਚ ਜ਼ਮੀਨ, ਇੱਕ ਫਾਰਮ ਹਾਊਸ, ਲੰਦਨ ਵਿੱਚ ਫਲੈਟ, ਯੂਏਈ ਵਿੱਚ ਇੱਕ ਫਲੈਟ, ਜੈਸਲਮੇਰ ਵਿੱਚ ਇੱਕ ਵਿੰਡ ਮਿੱਲ ਅਤੇ ਬੈਂਕਾਂ ਅਤੇ ਸ਼ੇਅਰਾਂ ਵਿੱਚ ਜਮ੍ਹਾਂ ਪੈਸੇ ਸ਼ਾਮਲ ਹਨ। ਕਿਹਾ ਜਾ ਰਿਹਾ ਹੈ ਕਿ ਈਡੀ ਦੀ ਇਸ ਵੱਡੀ ਕਾਰਵਾਈ ਕਾਰਨ ਨੀਰਵ ਮੋਦੀ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਨੀਦ ਮੋਦੀ 'ਤੇ ਈ.ਡੀ. ਦੁਆਰਾ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾ ਚੁੱਕੀ ਹੈ। ਮਾਰਚ,2020 ਵਿਚ ਹੋਈ ਨੀਰਵ ਮੋਦੀ ਦੀ ਜਾਇਦਾਦਾਂ ਦੀ ਨਿਲਾਮੀ ਤੋਂ 51 ਕਰੋੜ ਪ੍ਰਾਪਤ ਹੋਏ ਸਨ। ਇਹ ਸੰਪਤੀਆਂ ਈਡੀ ਨੇ ਜ਼ਬਤ ਕਰ ਲਈਆਂ ਸਨ। ਨਿਲਾਮੀ ਕੀਤੀ ਗਈ ਜਾਇਦਾਦਾਂ ਵਿੱਚ ਰੋਲਸ ਰਾਇਸ ਕਾਰਾਂ, ਐਮ.ਐਫ. ਹੁਸੈਨ ਅਤੇ ਅਮ੍ਰਿਤਾ ਸ਼ੇਰ-ਗਿੱਲ ਪੇਂਟਿੰਗਜ਼ ਅਤੇ ਡਿਜ਼ਾਈਨਰ ਹੈਂਡਬੈਗ ਸ਼ਾਮਲ ਸਨ। ਇਸ ਤੋਂ ਪਹਿਲਾਂ, ਸੈਸਟਰਨ ਆਰਟ ਨੇ ਮਾਰਚ 2019 ਵਿਚ ਨੀਰਵ ਮੋਦੀ ਦੀ ਮਾਲਕੀ ਵਾਲੀਆਂ ਕੁਝ ਕਲਾਵਾਂ ਦੀ ਨਿਲਾਮੀ ਕਰਦਿਆਂ, 55 ਕਰੋੜ ਰੁਪਏ ਇਕੱਠੇ ਕੀਤੇ ਸਨ। ਨੀਰਵ ਮੋਦੀ 'ਤੇ ਪੰਜਾਬ ਨੈਸ਼ਨਲ ਬੈਂਕ ਨਾਲ 14,000 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਨੀਰਵ ਮੋਦੀ ਦੇਸ਼ ਤੋਂ ਫਰਾਰ ਹੈ ਅਤੇ ਇਸ ਸਮੇਂ ਲੰਡਨ ਦੀ ਇੱਕ ਜੇਲ੍ਹ ਵਿੱਚ ਬੰਦ ਹੈ।


# ਡਬਲਿਊ.ਐਚ.ਓ. ਤੋਂ ਅਮਰੀਕਾ ਦੇ ਵੱਖ ਹੋਣ ਸੰਬੰਧੀ ਟਰੰਪ ਸਰਕਾਰ ਨੇ ਭੇਜੀ ਅਧਿਕਾਰਤ ਚਿੱਠੀ

ਵਾਸ਼ਿੰਗਟਨ : ਦੁਨੀਆਂ ਭਰ ਵਿਚ ਕੋਰੋਨਾ ਵਾਇਰਸ ਦੇ ਪ੍ਰਸਾਰ ਵਿਚਕਾਰ ਅਮਰੀਕਾ ਨੇ ਵਿਸ਼ਵ ਸਿਹਤ ਸੰਗਠਨ ਨਾਲ ਆਪਣੇ ਸਾਰੇ ਸਬੰਧ ਖਤਮ ਕਰਨ ਦੀ ਅਧਿਕਾਰਤ ਤੌਰ 'ਤੇ ਸੰਯੁਕਤ ਰਾਸ਼ਟਰ ਨੂੰ ਜਾਣਕਾਰੀ ਦੇ ਦਿੱਤੀ ਹੈ। ਅਮਰੀਕਾ ਨੇ ਦੋਸ਼ ਲਾਇਆ ਕਿ ਸਿਹਤ ਸੰਗਠਨ ਦੇ ਵਿਸ਼ਵ ਨੂੰ ਗੁੰਮਰਾਹ ਕਰਨ ਕਾਰਨ ਇਸ ਵਾਇਰਸ ਕਾਰਨ ਦੁਨੀਆਂ ਭਰ ਵਿਚ 5 ਲੱਖ ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ, ਜਿਨ੍ਹਾਂ ਵਿਚੋਂ 1,30,000 ਤੋਂ ਵੱਧ ਲੋਕ ਤਾਂ ਅਮਰੀਕਾ ਦੇ ਹੀ ਹਨ। ਟਰੰਪ ਪ੍ਰਸ਼ਾਸਨ ਦੇ ਸਬੰਧਾਂ ਦੀ ਸਮੀਖਿਆ ਸ਼ੁਰੂ ਕਰਨ ਦੇ ਬਾਅਦ ਅਮਰੀਕਾ ਨੇ ਅਪ੍ਰੈਲ ਵਿਚ ਹੀ ਡਬਲਿਊ.ਐਚ.ਓ. ਨੂੰ ਫੰਡ ਦੇਣਾ ਬੰਦ ਕਰ ਦਿੱਤਾ ਸੀ। ਇਸ ਦੇ ਇਕ ਮਹੀਨੇ ਬਾਅਦ ਟਰੰਪ ਨੇ ਵਿਸ਼ਵ ਸਿਹਤ ਸੰਗਠਨ ਦੇ ਨਾਲ ਸਬੰਧ ਖਤਮ ਕਰਨ ਦੀ ਘੋਸ਼ਣਾ ਕੀਤੀ ਸੀ। ਅਮਰੀਕਾ ਡਬਲਿਊ.ਐਚ.ਓ. ਨੂੰ ਸਭ ਤੋਂ ਵੱਧ ਫੰਡ 45 ਕਰੋੜ ਡਾਲਰ ਤੋਂ ਵੱਧ ਪ੍ਰਤੀ ਸਾਲ ਦਿੰਦਾ ਹੈ ਜਦਕਿ ਚੀਨ ਦਾ ਯੋਗਦਾਨ ਅਮਰੀਕਾ ਦੇ ਯੋਗਦਾਨ ਦੇ ਦਸਵੇਂ ਹਿੱਸੇ ਦੇ ਬਰਾਬਰ ਹੈ। ਸੰਯੁਕਤ ਰਾਸ਼ਟਰ ਦੇ ਬੁਲਾਰੇ ਨੇ ਕਿਹਾ ਕਿ ਮੈਂ ਕਹਿ ਸਕਦਾ ਹਾਂ ਕਿ 6 ਜੁਲਾਈ, 2020 ਨੂੰ ਅਮਰੀਕਾ ਨੇ ਜਨਰਲ ਸਕੱਤਰ ਨੂੰ ਵਿਸ਼ਵ ਸਿਹਤ ਸੰਗਠਨ ਤੋਂ ਹਟਣ ਦੀ ਅਧਿਕਾਰਕ ਜਾਣਕਾਰੀ ਦਿੱਤੀ ਜੋ 6 ਜੁਲਾਈ, 2021 ਤੋਂ ਪ੍ਰਭਾਵੀ ਹੋਵੇਗਾ। ਜ਼ਿਕਰਯੋਗ ਹੈ ਕਿ ਅਮਰੀਕਾ 21 ਜੂਨ, 1948 ਤੋਂ ਵਿਸ਼ਵ ਸਿਹਤ ਸੰਗਠਨ ਸੰਵਿਧਾਨ ਦਾ ਪੱਖਕਾਰ ਹੈ।

# ਕੈਪਟਨ ਸਰਕਾਰ ਦੇਵੇਗੀ ਪੰਜਾਬੀਆਂ ਨੂੰ ਵੱਡਾ ਝਟਕਾ, ਕਿਸਾਨਾਂ ਸਿਰ ਪਏਗਾ ਹੋਰ ਬੋਝ


ਚੰਡੀਗੜ੍ਹ: ਕੋਰੋਨਾ ਦੇ ਕਹਿਰ ਤੇ ਲਾਕਡਾਊਨ ਕਰਕੇ ਖਾਲੀ ਹੋਏ ਖਜ਼ਾਨੇ ਨੂੰ ਭਰਨ ਲਈ ਪੰਜਾਬ ਸਰਕਾਰ ਲੋਕਾਂ ਉਪਰ ਹੋਰ ਬੋਝ ਪਾਉਣ ਜਾ ਰਹੀ ਹੈ। ਚਰਚਾ ਹੈ ਕਿ ਅਗਲੇ ਦਿਨਾਂ ਵਿੱਚ ਜ਼ਮੀਨ ਤੇ ਵਾਹਨਾਂ ਦੀ ਰਜਿਸਟ੍ਰੇਸ਼ਨ ਦੀ ਫੀਸ ਵਧ ਸਕਦੀ ਹੈ। ਇਸ ਤੋਂ ਇਲਾਵਾ ਇੰਤਕਾਲ ਫ਼ੀਸ ਦੁੱਗਣੀ ਕੀਤੀ ਜਾ ਸਕਦੀ ਹੈ। ਇਸ ਨਾਲ ਲੋਕਾਂ 'ਤੇ ਕਰੋੜਾਂ ਰੁਪਏ ਦਾ ਬੋਝ ਪਵੇਗਾ। ਇਸ ਦਾ ਸਭ ਤੋਂ ਵੱਧ ਅਸਰ ਕਿਸਾਨਾਂ 'ਤੇ ਪਏਗਾ ਕਿਉਂਕਿ ਕਿਸਾਨ ਸਭ ਤੋਂ ਵੱਧ ਇੰਤਕਾਲ ਕਰਾਉਂਦੇ ਹਨ। ਸੂਤਰਾਂ ਮੁਤਾਬਕ ਪੰਜਾਬ ਮੰਤਰੀ ਮੰਡਲ ਦੀ 8 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਵਿੱਚ ਕੁਝ ਸਖਤ ਫੈਸਲੇ ਲਏ ਜਾ ਸਕਦੇ ਹਨ ਹੈ। ਚਰਚਾ ਹੈ ਕਿ ਮਾਲ ਵਿਭਾਗ ਨੇ ਕੈਬਨਿਟ ਮੀਟਿੰਗ ਲਈ ਇੰਤਕਾਲ ਫ਼ੀਸ 'ਚ ਵਾਧੇ ਦਾ ਏਜੰਡਾ ਭੇਜ ਦਿੱਤਾ ਹੈ। ਇਸ ਲਈ ਇੰਤਕਾਲ ਫ਼ੀਸ 'ਚ ਵਾਧਾ ਹੋਣਾ ਲਗਪਗ ਤੈਅ ਹੈ। ਪੰਜਾਬ ਸਰਕਾਰ ਵੱਲੋਂ ਮੌਜੂਦਾ ਇੰਤਕਾਲ ਫ਼ੀਸ 300 ਰੁਪਏ ਨੂੰ ਵਧਾ ਕੇ 600 ਰੁਪਏ ਕੀਤਾ ਜਾ ਰਿਹਾ ਹੈ। ਮਹਿਕਮੇ ਨੇ ਪੰਜਾਬ ਸਰਕਾਰ ਨੂੰ ਵਾਧੇ ਬਾਰੇ ਲਿਖ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਵੱਡੀ ਮਾਲੀ ਸੱਟ ਕਿਸਾਨਾਂ ਤੇ ਮਜ਼ਦੂਰਾਂ ਨੂੰ ਵੱਜੇਗੀ। ਇੰਤਕਾਲ ਫ਼ੀਸ ਦੁੱਗਣੀ ਹੁੰਦੀ ਹੈ ਤਾਂ ਪੰਜਾਬ ਦੇ ਲੋਕਾਂ 'ਤੇ ਸਾਲਾਨਾ 25 ਕਰੋੜ ਦਾ ਨਵਾਂ ਭਾਰ ਪਵੇਗਾ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿੱਚ ਸਾਲਾਨਾ ਕਰੀਬ 8.25 ਲੱਖ ਇੰਤਕਾਲ ਹੁੰਦੇ ਹਨ। ਪੰਜਾਬ 'ਚ ਹਰ ਮਹੀਨੇ 69 ਹਜ਼ਾਰ ਦੇ ਕਰੀਬ ਇੰਤਕਾਲ ਦਰਜ ਹੁੰਦੇ ਹਨ। ਸੂਤਰਾਂ ਅਨੁਸਾਰ ਬੇਅੰਤ ਸਰਕਾਰ ਸਮੇਂ ਪੰਜਾਬ ਵਿੱਚ ਇੰਤਕਾਲ ਫ਼ੀਸ ਵਿੱਚ ਵਾਧਾ ਹੋਇਆ ਸੀ। ਪਹਿਲਾਂ ਫ਼ੀਸ ਇੱਕ ਰੁਪਏ ਤੋਂ ਵਧਾ ਕੇ 50 ਰੁਪਏ ਕੀਤੀ ਗਈ ਤੇ ਦੂਸਰੀ ਵਾਰ 100 ਰੁਪਏ ਕੀਤੀ ਗਈ। ਮੁੱਖ ਮੰਤਰੀ ਵਜੋਂ ਰਜਿੰਦਰ ਕੌਰ ਭੱਠਲ ਦੇ ਕਾਰਜਕਾਲ ਦੌਰਾਨ ਇੰਤਕਾਲ ਫ਼ੀਸ ਵਧਾ ਕੇ 150 ਰੁਪਏ ਕਰ ਦਿੱਤੀ ਗਈ। ਮਗਰੋਂ ਆਈ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਇੰਤਕਾਲ ਫ਼ੀਸ ਵਧਾ ਕੇ 300 ਰੁਪਏ ਕਰ ਦਿੱਤੀ ਸੀ।

# 8 ਮਹੀਨੇ ਦੇ ਬੱਚੇ ਨੇ ਇਲਾਜ ਲਈ ਕੀਤੀ 400 ਕਿਲੋਮੀਟਰ ਦੀ ਯਾਤਰਾ



ਸ਼ਿਲਾਂਗ : ਇਲਾਜ ਲਈ ਅਰੁਣਾਚਲ ਪ੍ਰਦੇਸ਼ ਤੋਂ ਮੇਘਾਲਿਆ ਤੱਕ ਲਗਭਗ 400 ਕਿਲੋਮੀਟਰ ਦਾ ਸਫ਼ਰ ਕਰਨ ਵਾਲੇ 8 ਮਹੀਨੇ ਦੇ ਇਕ ਬੱਚੇ ਨੇ ਕੋਰੋਨਾ ਵਾਇਰਸ ਇਨਫੈਕਸ਼ਨ ਦੀ ਪੁਸ਼ਟੀ ਹੋਣ ਦੇ ਕੁਝ ਹੀ ਘੰਟਿਆਂ ਬਾਅਦ ਦਮ ਤੋੜ ਦਿੱਤਾ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਬੱਚੇ ਨੂੰ ਕੁਝ ਬੀਮਾਰੀਆਂ ਦੇ ਇਲਾਜ ਲਈ ਅਰੁਣਾਚਲ ਪ੍ਰਦੇਸ਼ ਦੇ ਤੋਮੋ ਰਿਬਾ ਇੰਸਟੀਚਿਊਟ ਆਫ ਹੈਲਥ ਐਂਡ ਮੈਡੀਕਲ ਸਾਇੰਸੇਜ਼ ਤੋਂ ਇੱਥੇ ਨਾਰਥਨ ਈਸਟਰਨ ਇੰਦਰਾ ਗਾਂਧੀ ਰੀਜਨਲ ਇੰਸਟੀਚਿਊਟ ਆਫ਼ ਹੈਲਥ ਐਂਡ ਮੈਡੀਕਲ ਸਾਇੰਸੇਜ਼ (ਐੱਨ.ਆਈ.ਜੀ.ਆਰ.ਆਈ.ਐੱਚ.ਐੱਮ.ਐੱਸ.) ਭੇਜਿਆ ਗਿਆ ਸੀ। ਬੱਚੇ ਦੇ ਮਾਤਾ-ਪਿਤਾ ਉਸ ਨੂੰ ਸੜਕ ਮਾਰਗ ਰਾਹੀਂ ਸ਼ਿਲਾਂਗ ਲੈ ਕੇ ਆਏ ਸਨ। ਉਹ ਸੋਮਵਾਰ ਤੜਕੇ ਹਸਪਤਾਲ ਪਹੁੰਚ ਗਏ ਸਨ। ਮੇਘਾਲਿਆ ਦੇ ਸਿਹਤ ਮੰਤਰੀ ਏ.ਐੱਲ. ਹੇਕ ਨੇ ਕਿਹਾ,''ਉਨ੍ਹਾਂ ਦੇ ਹਸਪਤਾਲ ਪਹੁੰਚਣ 'ਤੇ ਜਾਂਚ ਲਈ ਬੱਚੇ ਦੇ ਨਮੂਨੇ ਲਏ ਗਏ। ਜਾਂਚ ਰਿਪੋਰਟ 'ਚ ਬੱਚੇ ਦੇ ਕੋਰੋਨਾ ਵਾਇਰਸ ਨਾਲ ਇਨਫੈਕਟਡ ਹੋਣ ਦੀ ਪੁਸ਼ਟੀ ਹੋਈ। ਸ਼ਾਮ ਨੂੰ ਉਸ ਦੀ ਮੌਤ ਹੋ ਗਈ।

# ਪਾਕਿ ਦਾ ਦਾਅਵਾ ਕੁਲਭੂਸ਼ਣ ਜਾਧਵ ਨੇ ਸਜ਼ਾ ਖ਼ਿਲਾਫ਼ ਨਜ਼ਰਸਾਨੀ ਪਟੀਸ਼ਨ ਪਾਉਣੋਂ ਕੀਤਾ ਇਨਕਾਰ



ਨਵੀਂ ਦਿੱਲੀ : ਪਾਕਿਸਤਾਨ ਦੀ ਜੇਲ੍ਹ ਵਿੱਚ ਜਾਸੂਸੀ ਦੇ ਦੋਸ਼ ਵਿੱਚ ਬੰਦ ਭਾਰਤੀ ਜਲ ਸੈਨਾ ਦੇ ਸੇਵਾਮੁਕਤ ਕੁਲਭੂਸ਼ਣ ਜਾਧਵ ਨੇ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਉਸ ਨੇ ਜਾਧਵ ਨੂੰ ਇੱਕ ਹੋਰ ਕੌਂਸਲਰ ਐਕਸੈਸ ਦੇਣ ਦੀ ਪੇਸ਼ਕਸ਼ ਕੀਤੀ ਹੈ। ਜਾਣਕਾਰੀ ਇਹ ਹੈ ਕਿ ਜਾਧਵ ਨੇ ਪਟੀਸ਼ਨ ਦਾਇਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਾਕਿਸਤਾਨ ਨੇ ਜਾਧਵ ਨੂੰ 17 ਜੂਨ ਨੂੰ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਲਈ ਕਿਹਾ, ਪਰ ਜਾਧਵ ਨੇ ਇਨਕਾਰ ਕਰ ਦਿੱਤਾ। ਪਾਕਿਸਤਾਨ ਨੇ ਇਸ ਸਬੰਧੀ ਭਾਰਤੀ ਹਾਈ ਕਮਿਸ਼ਨ ਨੂੰ ਪੱਤਰ ਲਿਖਿਆ ਹੈ। ਪਾਕਿਸਤਾਨ ਨੇ ਇੱਕ ਹੋਰ ਕੌਂਸਲਰ ਪਹੁੰਚ ਦੀ ਪੇਸ਼ਕਸ਼ ਕੀਤੀ ਹੈ। ਦੱਸ ਦਈਏ ਕਿ ਜਾਧਵ ਨੂੰ ਜਾਸੂਸੀ ਤੇ ਅੱਤਵਾਦ ਦੇ ਦੋਸ਼ਾਂ ਵਿੱਚ ਅਪਰੈਲ 2017 ਵਿੱਚ ਇੱਕ ਪਾਕਿਸਤਾਨੀ ਸੈਨਿਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ। ਬਾਅਦ ਵਿੱਚ ਭਾਰਤੀ ਜਾਧਵ ਨੂੰ ਕੂਟਨੀਤਕ ਪਹੁੰਚ ਦੇਣ ਤੇ ਮੌਤ ਦੀ ਸਜ਼ਾ ਸੁਣਨ ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਪਾਕਿਸਤਾਨ ਦੇ ਵਿਰੁੱਧ ਆਈਸੀਜੇ ਅਦਾਲਤ ਵਿੱਚ ਆਇਆ, ਜਿੱਥੇ ਇਸ ਦੇ ਹੱਕ ਵਿੱਚ ਫੈਸਲਾ ਆਇਆ ਸੀ।

Nlight Financial

# Insurance



Are you paying too much for Auto, Home, Business, Workman Compensation, Contractors, General Liability, E&O ?

Call us today for complimentary analysis of your policy.

## NLight Financial LLC



**Sharanjit Singh Thind**
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com

# ਪੁਲਵਾਮਾ 'ਚ ਸ਼ਹੀਦ ਹੋਏ ਨਾਇਕ ਰਾਜਵਿੰਦਰ ਸਿੰਘ ਦਾ ਜੱਦੀ ਪਿੰਡ ਦੋਦੜਾ 'ਚ ਅੰਤਿਮ ਸਸਕਾਰ







ਸਮਾਣਾ, : ਬੀਤੇ ਦਿਨ ਜੰਮੂ ਕਸ਼ਮੀਰ ਦੇ ਪੁਲਵਾਮਾ ਖੇਤਰ ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਦਿਆਂ ਅਤਿਵਾਦੀਆਂ ਨਾਲ ਬਹਾਦਰੀ ਨਾਲ ਲੜਦਿਆਂ ਸ਼ਹੀਦ ਹੋਏ ਸਮਾਣਾ ਨੇੜਲੇ ਪਿੰਡ ਦੋਦੜਾ ਦੇ ਵਸਨੀਕ ਤੇ ਭਾਰਤੀ ਫ਼ੌਜ ਦੇ ਨੌਜਵਾਨ ਸੈਨਿਕ ਨਾਇਕ ਰਾਜਵਿੰਦਰ ਸਿੰਘ (29 ਸਾਲ) ਦੇ ਅੰਤਿਮ ਸਸਕਾਰ ਮੌਕੇ ਸਾਰਾ ਪਿੰਡ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ। ਪਰਿਵਾਰ ਦੀ ਦੁੱਖ ਦੀ ਘੜੀ 'ਚ ਸ਼ਾਮਲ ਹੋਏ ਹਰ ਸ਼ਖ਼ਸ ਨੇ ਭਾਵੁਕ ਹੁੰਦਿਆਂ ਨਮ ਅੱਖਾਂ ਨਾਲ ਸ਼ਹੀਦ ਨੂੰ ਅੰਤਿਮ ਵਿਦਾਈ ਦਿੱਤੀ। ਜਦੋਂਕਿ ਸ਼ਹੀਦ ਦੇ ਪਿਤਾ ਸ. ਅਵਤਾਰ ਸਿੰਘ, ਮਾਤਾ ਸ਼੍ਰੀਮਤੀ ਮਹਿੰਦਰ ਕੌਰ, ਵੱਡੇ ਭਰਾ ਬਲਵੰਤ ਸਿੰਘ ਨੇ ਸ਼ਹੀਦ ਰਾਜਵਿੰਦਰ ਸਿੰਘ ਨੂੰ ਸਲਿਊਟ ਕਰਕੇ ਸਲਾਮੀ ਦਿੱਤੀ। ਕਸ਼ਮੀਰ ਤੋਂ ਭਾਰਤੀ ਫ਼ੌਜ ਦੇ ਵਿਸ਼ੇਸ਼ ਜਹਾਜ਼ ਰਾਹੀਂ ਨਾਇਕ ਰਾਜਵਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਚੰਡੀਗੜ੍ਹ ਲਿਆ ਕੇ ਅੱਗੇ ਪਟਿਆਲਾ ਮਿਲਟਰੀ ਸਟੇਸ਼ਨ ਲਿਆਂਦਾ ਗਿਆ, ਜਿਥੋਂ ਸੜਕ ਰਸਤੇ ਰਾਹੀਂ ਵੱਡੇ ਕਾਫ਼ਲੇ ਨਾਲ ਪਿੰਡ ਦੋਦੜਾ ਵਿਖੇ ਲਿਆਂਦਾ ਗਿਆ। ਇਸ ਮਗਰੋਂ ਪੂਰੇ ਸਰਕਾਰੀ ਤੇ ਫ਼ੌਜੀ ਸਨਮਾਨਾਂ ਸਮੇਤ ਧਾਰਮਿਕ ਰਹੁ ਰੀਤਾਂ ਨਾਲ ਨਾਇਕ ਰਾਜਵਿੰਦਰ ਸਿੰਘ ਦੀ ਚਿਖਾ ਨੂੰ ਅਗਨੀ ਦਿਖਾਈ ਗਈ। ਸ਼ਹੀਦ ਰਾਜਵਿੰਦਰ ਸਿੰਘ ਦੇ ਅੰਤਿਮ ਸਸਕਾਰ ਮੌਕੇ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ ਦੀ ਤਰਫ਼ੋਂ ਐਸ.ਡੀ.ਐਮ. ਨਾਭਾ ਸ੍ਰੀ ਕਾਲਾ ਰਾਮ ਕਾਂਸਲ ਨੇ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਰਫ਼ੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਸ. ਨਿਰਮਲ ਸਿੰਘ ਨੇ ਸ਼ਹੀਦ ਦੀ ਦੇਹ 'ਤੇ ਰੀਥ ਰੱਖ ਕੇ ਸ਼ਰਧਾ ਦੇ ਫ਼ੁੱਲ ਭੇਟ ਕੀਤੇ। ਲੋਕ ਸਭਾ ਮੈਂਬਰ ਪਟਿਆਲਾ ਸ਼੍ਰੀਮਤੀ ਪਰਨੀਤ ਕੌਰ ਦੀ ਤਰਫ਼ੋਂ ਉਨ੍ਹਾਂ ਦੇ ਨਿਜੀ ਸਕੱਤਰ ਸ੍ਰੀ ਬਲਵਿੰਦਰ ਸਿੰਘ ਨੇ ਰੀਥ ਰੱਖੀ। ਭਾਰਤੀ ਫ਼ੌਜ ਦੇ ਮੁਖੀ ਜਨਰਲ ਐਮ.ਐਮ. ਨਰਵਾਣੇ ਦੀ ਤਰਫ਼ੋਂ ਪਟਿਆਲਾ ਸਟੇਸ਼ਨ ਦੇ ਕਮਾਂਡਰ ਬ੍ਰਿਗੇਡੀਅਰ ਪ੍ਰਤਾਪ ਸਿੰਘ ਰਾਣਾਵਤ ਨੇ ਰੀਥ ਰੱਖਕੇ ਸ਼ਰਧਾਂਜਲੀ ਅਰਪਿਤ ਕੀਤੀ। ਜਦੋਂਕਿ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸ. ਹਰਪਾਲ ਸਿੰਘ ਚੀਮਾ ਨੇ ਵੀ ਰੀਥ ਰੱਖੀ। ਇਸ ਤੋਂ ਪਹਿਲਾਂ ਭਾਰਤੀ ਫ਼ੌਜ ਦੇ ਬਿਗਲਰ ਨੇ ਮਾਤਮੀ ਧੁਨ ਵਜਾਈ ਅਤੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਗਾਰਡ ਆਫ਼ ਆਨਰ ਦਿੰਦਿਆਂ ਫ਼ਾਇਰ ਕਰਕੇ ਸ਼ਹੀਦ ਨੂੰ ਸਲਾਮੀ ਦਿੱਤੀ। ਪਟਿਆਲਾ ਮਿਲਟਰੀ ਸਟੇਸ਼ਨ ਦੇ ਕਮਾਂਡਰ ਬ੍ਰਿਗੇਡੀਅਰ ਪ੍ਰਤਾਪ ਸਿੰਘ ਰਾਣਾਵਤ ਨੇ ਸ਼ਹੀਦ ਦੇ ਤਾਬੂਤ 'ਤੇ ਲਿਪਟਿਆ ਤਿਰੰਗਾ ਝੰਡਾ ਸ਼ਹੀਦ ਦੇ ਮਾਤਾ ਸ਼੍ਰੀਮਤੀ ਮਹਿੰਦਰ ਕੌਰ ਅਤੇ ਪਿਤਾ ਅਵਤਾਰ ਸਿੰਘ ਨੂੰ ਸੌਂਪਕੇ ਸਲਿਊਟ ਕੀਤਾ। ਇਸ ਦੌਰਾਨ ਲੋਕ ਸਭਾ ਮੈਂਬਰ ਸ਼੍ਰੀਮਤੀ ਪਰਨੀਤ ਕੌਰ ਨੇ ਸ਼ਹੀਦ ਦੇ ਪਰਿਵਾਰ ਨੂੰ ਵੀਡੀਓ ਕਾਲ ਕਰਕੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਸ ਦੁੱਖ ਦੀ ਘੜੀ 'ਚ ਉਹ ਅਤੇ ਉਨ੍ਹਾਂ ਦੇ ਪਰਿਵਾਰ ਸਮੇਤ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ। ਡਿਪਟੀ ਕਮਿਸ਼ਨਰ ਪਟਿਆਲਾ ਸ੍ਰੀ ਕੁਮਾਰ ਅਮਿਤ ਦੀ ਤਰਫ਼ੋਂ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਸ. ਇਸ਼ਵਿੰਦਰ ਸਿੰਘ ਗਰੇਵਾਲ, ਐਸ.ਐਸ.ਪੀ.ਸ. ਮਨਦੀਪ ਸਿੰਘ ਸਿੱਧੂ ਦੀ ਤਰਫ਼ੋਂ ਐਸ.ਪੀ. ਟ੍ਰੈਫਿਕ ਤੇ ਸੁਰੱਖਿਆ ਸ. ਪਲਵਿੰਦਰ ਸਿੰਘ ਚੀਮਾ, ਜ਼ਿਲ੍ਹਾ ਪ੍ਰੀਸ਼ਦ ਦੇ ਵਾਇਸ ਚੇਅਰਮੈਨ ਸ. ਸਤਨਾਮ ਸਿੰਘ, ਐਸ.ਡੀ.ਐਮ. ਸਮਾਣਾ ਸ੍ਰੀ ਨਮਨ ਮੜਕਣ ਦੀ ਤਰਫ਼ੋਂ ਤਹਿਸੀਲਦਾਰ ਸ. ਸੰਦੀਪ ਸਿੰਘ, ਡੀ.ਐਸ.ਪੀ. ਜਸਵੰਤ ਸਿੰਘ ਮਾਂਗਟ, ਟੂ ਕੋਰ ਕਮਾਂਡਰ ਅੰਬਾਲਾ ਦੀ ਤਰਫ਼ੋਂ ਕਰਨਲ ਉਠੱਈਆ, ਵਨ ਆਰਮਡ ਡਵੀਜਨ ਪਟਿਆਲਾ ਦੇ ਜੀਓਸੀ ਦੀ ਤਰਫ਼ੋਂ ਲੈਫਟੀਨੈਂਟ ਕਰਨਲ ਅਨਿਲ ਪੁੰਨ, 53 ਆਰ.ਆਰ. ਦੀ ਤਰਫ਼ੋਂ ਮੇਜਰ ਰਮੇਸ਼ ਭੱਟ ਤੇ ਸੂਬੇਦਾਰ ਹਰਪ੍ਰੀਤ ਸਿੰਘ, ਫਰਸਟ ਗਾਰਡ ਦੀ ਤਰਫ਼ੋਂ ਸੂਬੇਦਰ ਮੈਨਪਾਲ ਸਿੰਘ, 102 ਟੀ.ਏ. ਪੰਜਾਬ ਦੀ ਤਰਫ਼ੋਂ ਲਾਂਸ ਨਾਇਕ ਧਰਮਿੰਦਰ, ਗਾਰਡਸਮੈਂਨ ਦੀ ਤਰਫ਼ੋਂ ਸੈਨਿਕ ਅਕਾਸ਼ ਨੇ ਰੀਥਾਂ ਰੱਖੀਆਂ।

# ਪੰਜਾਬੀ ਗਾਇਕ ਦੀ ਨਸ਼ੇ ਨਾਲ ਮੌਤ ਦਾ ਮਾਮਲਾ, 4 ਗ੍ਰਿਫ਼ਤਾਰ, 3 ਦੀ ਭਾਲ ਜਾਰੀ





ਬਰਨਾਲਾ : 9 ਦਿਨ ਪਹਿਲਾਂ ਮਹਿਲ ਕਲਾਂ ਦੇ ਰਹਿਣ ਵਾਲੇ ਨੌਜਵਾਨ ਗਾਇਕ ਗਗਨਦੀਪ ਸਿੰਘ ਉਰਫ ਗੱਗੂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਮੌਤ ਲਈ ਕਥਿਤ ਤੌਰ ਤੇ ਜਿੰਮੇਵਾਰ ਉਸ ਦੇ ਦੋਸਤ 4 ਨੌਜਵਾਨਾਂ ਨੂੰ ਪੁਲਿਸ ਨੇ ਗਿਰਫਤਾਰ ਕੀਤਾ ਹੈ। ਜਦੋਂ ਕਿ 3 ਹੋਰ ਦੋਸ਼ੀਆਂ ਦੀ ਪੁਲਿਸ ਤਲਾਸ਼ ਕਰ ਰਹੀ ਹੈ। ਮੀਡੀਆ ਨੂੰ ਇਹ ਜਾਣਕਾਰੀ ਐਸਐਸਪੀ ਸੰਦੀਪ ਗੋਇਲ ਨੇ ਪ੍ਰੈਸ ਕਾਨਫਰੰਸ ਕਰਕੇ ਦਿੱਤੀ। ਉੱਧਰ ਪੁਲਿਸ ਦੁਆਰਾ ਪੇਸ਼ ਕੀਤੀ ਇਸ ਕਹਾਣੀ ਦਾ ਦੂਸਰਾ ਪੱਖ ਨਾਮਜ਼ਦ ਦੋਸ਼ੀ ਹਰਪ੍ਰੀਤ ਸਿੰਘ ਦੀ ਪਤਨੀ ਤੇ ਈ.ਜੀ.ਐਸ. ਟੀਚਰ ਵਰਿੰਦਰਪਾਲ ਕੌਰ ਨੇ ਪੱਤਰਕਾਰਾਂ ਸਾਹਮਣੇ ਹੰਝੂ ਭਰੀਆਂ ਅੱਖਾਂ ਨਾਲ ਬਿਆਨ ਕਰਕੇ ਪੁਲਿਸ ਦੀ ਕਹਾਣੀ ਤੇ ਸਵਾਲੀਆਂ ਚਿੰਨ੍ਹ ਖੜ੍ਹੇ ਕਰ ਦਿੱਤੇ ਹਨ। ਪਰੰਤੂ ਪੁਲਿਸ ਅਧਿਕਾਰੀਆਂ ਨੇ ਨਾਮਜ਼ਦ ਦੋਸ਼ੀ ਹਰਪ੍ਰੀਤ ਸਿੰਘ ਦੀ ਪਤਨੀ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ਼ ਕਰ ਦਿੱਤਾ। **ਪਹਿਲਾਂ 174 ਦੀ ਕਾਰਵਾਈ, ਫਿਰ ਕੀਤਾ ਪੁਲਿਸ ਨੇ ਹੱਤਿਆ ਦਾ ਕੇਸ ਦਰਜ:** 28/29 ਜੂਨ ਦੀ ਦਰਮਿਆਨੀ ਰਾਤ ਨੂੰ ਨਸ਼ੇ ਦੀ ਉਵਰਡੋਜ ਨਾਲ ਗਗਨਦੀਪ ਸਿੰਘ ਉਰਫ ਗੱਗੂ ਪੁੱਤਰ ਸੁਖਦੇਵ ਸਿੰਘ ਨਿਵਾਸੀ ਸੋਢੇ ਪੱਤੀ ਮਹਿਲ ਕਲਾਂ ਦੀ ਮੌਤ ਹੋ ਗਈ। ਪੁਲਿਸ ਨੇ ਮੌਤ ਦਾ ਸੱਚ ਸਾਹਮਣੇ ਆ ਜਾਣ ਦੇ ਬਾਵਜੂਦ ਵੀ ਮ੍ਰਿਤਕ ਦੇ ਪਿਤਾ ਦੇ ਬਿਆਨ ਤੇ 174 ਸੀਆਰਪੀਸੀ ਦੇ ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਉਪਰੰਤ ਲਾਸ਼ ਵੀ ਵਾਰਿਸਾਂ ਦੇ ਸਪੁਰਦ ਕਰ ਦਿੱਤੀ। ਮ੍ਰਿਤਕ ਦੇ ਪਿਤਾ ਨੇ ਪੁਲਿਸ ਅਧਿਕਾਰੀਆਂ ਨੂੰ ਦੱਸਿਆ ਸੱਚ ਮੀਡੀਆ ਸਾਹਮਣੇ ਵੀ ਬਿਆਨ ਕਰ ਦਿੱਤਾ। ਜਿਸ ਤੋਂ ਬਾਅਦ ਪੁਲਿਸ ਨੇ ਮੁਖਬਰ ਦੀ ਸੂਚਨਾ ਤੇ 5/6 ਅਣਪਛਾਤਿਆਂ ਦੇ ਖਿਲਾਫ ਅਧੀਨ ਜੁਰਮ 304 ਆਈਪੀਸੀ ਦੇ ਤਹਿਤ ਥਾਣਾ ਮਹਿਲ ਕਲਾਂ ਚ, ਕੇਸ ਦਰਜ਼ ਵੀ ਕਰ ਦਿੱਤਾ। ਆਖਿਰ ਪੁਲਿਸ ਨੇ ਅੱਜ ਮੀਡੀਆ ਨੂੰ ਦੱਸਿਆ ਕਿ ਅਣਪਛਾਤੇ ਦੋਸ਼ੀਆਂ ਵਿੱਚੋਂ 7 ਦੋਸ਼ੀਆਂ ਦੀ ਸ਼ਿਨਾਖਤ ਹੋ ਗਈ ਅਤੇ 4 ਦੋਸ਼ੀਆਂ ਨੂੰ ਗਿਰਫਤਾਰ ਕਰਕੇ 6 ਜੂਨ ਨੂੰ ਜੇਲ੍ਹ ਵੀ ਭੇਜ਼ ਦਿੱਤਾ। **ਐਸਐਸਪੀ ਨੇ ਕਿਹਾ ਜਲਦ ਕਾਬੂ ਕਰ ਲਵਾਂਗੇ 3 ਹੋਰ ਦੋਸ਼ੀ:** ਐਸਐਸਪੀ ਸੰਦੀਪ ਗੋਇਲ ਨੇ ਪ੍ਰੈਸ ਕਾਨਫਰੰਸ ਚ, ਦੱਸਿਆ ਕਿ ਪੁਲਿਸ ਨੇ ਹੱਤਿਆ ਦੇ ਇਸ ਕੇਸ ਵਿੱਚ ਹਰਦੀਪ ਸਿੰਘ ਉਰਫ ਦੀਪਾ, ਹਰਵਿੰਦਰ ਸਿੰਘ ਉਰਫ ਲਾਡੀ, ਹਰਪ੍ਰੀਤ ਸਿੰਘ ਤੇ ਕੇਵਲ ਕ੍ਰਿਸ਼ਨ ਸਾਰੇ ਨਿਵਾਸੀ ਮਹਿਲ ਕਲਾਂ ਨੂੰ ਨਾਮਜ਼ਦ ਕਰਕੇ ਗਿਰਫਤਾਰ ਕੀਤਾ ਗਿਆ ਹੈ। ਜਦੋਂ ਕਿ ਮਹਿਲ ਕਲਾਂ ਦੇ ਹੀ ਰਹਿਣ ਵਾਲੇ ਜਤਿੰਦਰ ਕੁਮਾਰ ਉਰਫ ਬਬਲੀ, ਰੁਪਿੰਦਰ ਕੁਮਾਰ ਉਰਫ ਸੋਨੀ ਅਤੇ ਅਰਸ਼ਦੀਪ ਸਿੰਘ ਅਰਸ਼ੀ ਨੂੰ ਵੀ ਕੇਸ ਚ, ਦੋਸ਼ੀ ਨਾਮਜ਼ਦ ਕੀਤਾ ਗਿਆ। ਇੱਨਾਂ ਤਿੰਨੋਂ ਦੋਸ਼ੀਆਂ ਨੂੰ ਵੀ ਜਲਦ ਹੀ ਗਿਰਫਤਾਰ ਕਰ ਲਿਆ ਜਾਵੇਗਾ। ਉੱਨਾਂ ਕਿਹਾ ਕਿ ਪੁਲਿਸ ਨੂੰ ਇਹ ਸਫਲਤਾ ਪ੍ਰੱਗਿਆ ਜੈਨ ਏ.ਐਸ.ਪੀ ਮਹਿਲ ਕਲਾਂ ਅਤੇ ਐਸਐਚਓ ਜਸਵਿੰਦਰ ਕੌਰ ਦੀ ਅਗਵਾਈ ਵਿੱਚ ਮਿਲੀ ਹੈ। **ਪੁਲਿਸ ਨੇ ਮੇਰੇ ਪਤੀ ਨੂੰ 30 ਜੂਨ ਦੀ ਰਾਤ 11 ਵਜੇ ਘਰੋਂ ਨਹਾਉਂਦੇ ਨੂੰ ਫੜਿਆ:** ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਕਲਾਂ ਚ, ਈ.ਜੀ.ਐਸ ਟੀਚਰ ਵਰਿੰਦਰਪਾਲ ਕੌਰ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੇ ਪਤੀ ਹਰਪ੍ਰੀਤ ਸਿੰਘ ਨੂੰ ਪੁਲਿਸ ਨੇ ਇੱਕ ਹਫਤੇ ਅੰਦਰ ਹੀ 2 ਝੂਠੇ ਕੇਸਾਂ ਚ, ਫਿੱਟ ਕਰਕੇ ਉਸ ਦਾ ਹੱਸਦਾ ਵੱਸਦਾ ਘਰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਹੰਝੂ ਭਿੱਜੀਆਂ ਅੱਖਾਂ ਨਾਲ ਦੱਸਿਆ ਕਿ ਉਸ ਦਾ ਪਤੀ ਮਿਲਕ ਪਲਾਂਟ ਰਾਏਕੋਟ ਵਿਖੇ 7500 ਰੁਪਏ ਮਹੀਨੇ ਤੇ ਨੌਕਰੀ ਕਰਦਾ ਸੀ। ਅਚਾਣਕ ਹੀ ਪੁਲਿਸ ਨੇ 30 ਜੂਨ ਦੀ ਰਾਤ ਕਰੀਬ 11 ਵਜੇ ਉਨਾਂ ਦੇ ਘਰ ਛਾਪਾ ਮਾਰਿਆ ਤੇ ਨਹਾ ਰਹੇ ਹਰਪ੍ਰੀਤ ਨੂੰ ਗਿਰਫਤਾਰ ਕਰ ਲਿਆ। ਪੁਲਿਸ ਪਾਰਟੀ ਨੇ ਘਰ ਦੀ ਤਲਾਸ਼ੀ ਵੀ ਲਈ, ਪਰ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਮਿਲੀ। ਪੁਲਿਸ ਬਿਨਾਂ ਕੁਝ ਦੱਸੇ ਹੀ ਹਰਪ੍ਰੀਤ ਨੂੰ ਆਪਣੇ ਨਾਲ ਲੈ ਗਈ। ਉਨ੍ਹਾਂ ਨੂੰ ਬਾਅਦ ਚ, ਪਤਾ ਲੱਗਿਆ ਕਿ ਠੁੱਲੀਵਾਲ ਥਾਣੇ ਦੀ ਪੁਲਿਸ ਨੇ ਉਸ ਦੇ ਪਤੀ ਨੂੰ ਮਾਂਗੇਵਾਲ-ਮਨਾਲ ਏਰੀਏ ਵਿੱਚੋਂ ਆਉਂਦਾ ਦਿਖਾ ਕੇ ਪੀ.ਬੀ.10 ਡੀ- 3572 ਵਰਨਾ ਕਾਰ ਚੋਂ ਹੋਰ ਦੋਸ਼ੀਆਂ ਨਾਲ ਝੂਠਾ ਹੀ ਗਿਰਫਤਾਰ ਕੀਤਾ ਦਿਖਾ ਦਿੱਤਾ। ਉਨ੍ਹਾਂ ਕਿਹਾ ਕਿ ਉਨਾਂ ਦੇ ਘਰ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਘਟਨਾ ਦਾ ਸੱਚ ਜਾਣਨ ਲਈ ਵੇਖੀ ਜਾ ਸਕਦੀ ਹੈ। ਉਨਾਂ ਕਿਹਾ ਕਿ ਹੈਰਾਨੀ ਤੇ ਪੁਲਿਸ ਦੇ ਅੱਤਿਆਚਾਰ ਦੀ ਹੱਦ ਉਦੋਂ ਹੋਰ ਵੀ ਟੱਪ ਗਈ, ਜਦੋਂ ਉਸ ਨੂੰ ਪਤਾ ਲੱਗਿਆ ਕਿ ਪੁਲਿਸ ਨੇ ਉਸ ਦੇ ਪਤੀ ਨੂੰ ਗਗਨਦੀਪ ਸਿੰਘ ਦੀ ਉਵਰਡੋਜ ਨਾਲ ਹੋਈ ਮੌਤ ਦੇ ਦੋਸ਼ ਚ, ਵੀ ਨਾਮਜ਼ਦ ਕਰ ਦਿੱਤਾ ਹੈ। ਉਨ੍ਹਾਂ ਪੁਲਿਸ ਦੀ ਕਹਾਣੀ ਨੂੰ ਮਨਘੜਤ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਉਸ ਦਾ ਪਤੀ ਸੱਚਮੁੱਚ ਹੀ ਦੋਸ਼ੀ ਸੀ, ਫਿਰ 30 ਜੂਨ ਨੂੰ ਹੀ ਉਸ ਦੇ ਖਿਲਾਫ ਕੇਸ ਦਰਜ਼ ਕਿਉਂ ਨਹੀਂ ਕੀਤਾ ਗਿਆ। ਫਿਰ 2 ਦਿਨ ਪੁਲਿਸ ਇੰਤਜ਼ਾਰ ਕਿਸ ਗੱਲ ਦਾ ਕਰਦੀ ਰਹੀ। **ਅਸੀਂ ਦੋਵੇਂ ਜੀਅ ਮਿਹਨਤ ਨਾਲ ਗਰੀਬੀ ਦਾਵੇ ਗੁਜਾਰਾ ਕਰਦੇ ਹਾਂ:** ਵਰਿੰਦਰਪਾਲ ਕੌਰ ਨੇ ਕਿਹਾ ਕਿ ਮੈਂ ਤੇ ਮੇਰਾ ਪਤੀ ਦੋਵੇਂ ਜੀਅ 13 ਕੁ ਹਜ਼ਾਰ ਰੁਪੱਈਏ ਚ, ਘਰ ਦਾ ਗੁਜ਼ਾਰਾ ਮੁਸ਼ਿਕਲ ਨਾਲ ਚਲਾਉਂਦੇ ਸੀ। ਜੇ ਹਰਪ੍ਰੀਤ ਚਿੱਟਾ ਨਸ਼ਾ ਵੇਚਦਾ ਹੁੰਦਾ, ਫਿਰ ਅਸੀਂ ਗਰੀਬੀ ਚ, ਕਿਉਂ ਦਿਨ ਕਟੀ ਕਰਦੇ। ਹੋਰ ਨਸ਼ਾ ਸਮਗਲਰਾਂ ਵਾਂਗੂ ਅਸੀਂ ਵੀ ਕਾਰਾਂ ਚ, ਘੁੰਮਦੇ ਹੁੰਦੇ। ਉਨ੍ਹਾਂ ਕਿਹਾ ਕਿ 9 ਦਿਨ ਚ, ਪੁਲਿਸ ਨੇ ਇੱਕ ਵਾਰ ਵੀ ਉਸ ਦੇ ਪਤੀ ਨੂੰ ਮਿਲਣ ਤੱਕ ਨਹੀਂ ਦਿੱਤਾ। ਜਦੋਂ ਕਿ ਨਸ਼ਾ ਵੇਚਣ ਵਾਲਿਆਂ ਨੂੰ ਤਾਂ ਪੁਲਿਸ ਉਨ੍ਹਾਂ ਦੇ ਸਾਹਮਣੇ 2/2 ਹਜ਼ਾਰ ਰੁਪੱਈਏ ਲੈ ਕੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਾਉਂਦੀ ਰਹੀ।

## ਸੰਯੁਕਤ ਰਾਸ਼ਟਰ ਦੀ ਚੇਤਾਵਨੀ

# ਜੰਗਲੀ ਜਾਨਵਰਾਂ ਨੂੰ ਖਾਂਦੇ ਰਹੇ ਤਾਂ ਕੋਰੋਨਾ ਵਰਗੀਆਂ ਬਿਮਾਰੀਆਂ ਦੁਨੀਆ 'ਤੇ ਕਾਇਮ ਰਹਿਣਗੀਆਂ



ਅਮਰੀਕਾ : ਸੰਯੁਕਤ ਰਾਸ਼ਟਰ ਦੀ ਵਾਤਾਵਰਣ ਨਾਲ ਜੁੜੀ ਸੰਸਥਾ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਲੋਕ ਐਵੇਂ ਹੀ ਜੰਗਲੀ ਜਾਨਵਰਾਂ ਨੂੰ ਖਾਂਦੇ ਰਹੇ ਤਾਂ ਤਾਂ ਕੋਰਨਾ ਵਾਇਰਸ ਵਰਗੀਆਂ ਬੀਮਾਰੀਆਂ ਹਮੇਸ਼ਾਂ ਦੁਨੀਆ 'ਤੇ ਕਾਇਮ ਰਹਿਣਗੀਆਂ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਸਾਰੇ ਦੇਸ਼ਾਂ ਨੂੰ ਇਸ ਦਿਸ਼ਾ ਵਿਚ ਲੋੜੀਂਦੇ ਕਦਮ ਚੁੱਕਣੇ ਪੈਣਗੇ। ਮਾਸ ਅਤੇ ਜ਼ੁਲਮ ਦੇ ਹੋਰ ਤਰੀਕਿਆਂ ਲਈ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਬੰਦ ਕਰਨਾ ਪਵੇਗਾ ਨਹੀਂ ਤਾਂ ਉਨ੍ਹਾਂ ਨੂੰ ਕੋਵਿਡ -19 ਵਰਗੀਆਂ ਹੋਰ ਬਿਮਾਰੀਆਂ ਦਾ ਲਗਾਤਾਰ ਸਾਹਮਣਾ ਕਰਨਾ ਪਵੇਗਾ। ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪ੍ਰੋਗਰਾਮ ਅਤੇ ਅੰਤਰਰਾਸ਼ਟਰੀ ਲਾਈਵ ਸਟਾਕ ਖੋਜ ਸੰਸਥਾ ਦੀ ਇੱਕ ਰਿਪੋਰਟ ਦੇ ਅਨੁਸਾਰ ਵਾਤਾਵਰਣ ਨੂੰ ਲਗਾਤਾਰ ਹੋਏ ਨੁਕਸਾਨ, ਕੁਦਰਤੀ ਸਰੋਤਾਂ ਬੇਲੋੜੀ ਅੰਨ੍ਹੇਵਾਹ ਵਰਤੋਂ, ਮੌਸਮ ਵਿੱਚ ਤਬਦੀਲੀ ਅਤੇ ਜੰਗਲੀ ਜਾਨਵਰਾਂ ਦੇ ਮੀਟ ਦੀ ਵਰਤੋਂ ਕਾਰਨ ਕੋਰੋਨਾ ਦੀ ਲਾਗ ਵਰਗੀਆਂ ਬਿਮਾਰੀਆਂ ਲੱਗੀਆਂ ਹਨ। ਸੰਸਥਾ ਨੇ ਕਿਹਾ ਕਿ ਇਨਸਾਨ ਇਨ੍ਹਾਂ ਸਾਰੀਆਂ ਬਿਮਾਰੀਆਂ ਲਈ ਅਸਲ ਵਿੱਚ ਜ਼ਿੰਮੇਵਾਰ ਹੈ ਕਿਉਂ ਕਿ ਉਸ ਨੇ ਆਪਣੇ ਨਿਯਮਾਂ ਨੂੰ ਤੋੜ ਕੇ ਵਾਤਾਵਰਣ ਅਤੇ ਜਾਨਵਰਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਹੈ।

**ਬਹੁਤੀਆਂ ਬਿਮਾਰੀਆਂ ਪੰਛੀਆਂ ਤੋਂ ਫੈਲ ਰਹੀਆਂ ਹਨ**

ਸੰਯੁਕਤ ਰਾਸ਼ਟਰ ਦੇ ਮਾਹਰ ਕਹਿੰਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਜਾਨਵਰਾਂ ਅਤੇ ਪੰਛੀਆਂ ਤੋਂ ਮਨੁੱਖਾਂ ਵਿੱਚ ਫੈਲੀਆਂ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਵਿਗਿਆਨੀ ਭਾਸ਼ਾ ਵਿੱਚ ਅਜਿਹੀਆਂ ਬਿਮਾਰੀਆਂ ਨੂੰ 'ਜ਼ੂਨੋਟਿਕ ਬਿਮਾਰੀ' ਕਿਹਾ ਜਾਂਦਾ ਹੈ। ਵਾਤਾਵਰਣ ਅਤੇ ਸਿਹਤ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਮਨੁੱਖ ਵਾਤਾਵਰਣ ਅਤੇ ਜੰਗਲੀ ਜੀਵਾਂ ਨੂੰ ਨਹੀਂ ਬਚਾਉਂਦੇ ਤਾਂ ਉਨ੍ਹਾਂ ਨੂੰ ਵੀ ਅਜਿਹੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਦੇ ਅਨੁਸਾਰ ਪ੍ਰੋਟੀਨ ਦੀ ਵੱਧਦੀ ਮੰਗ ਲਈ ਜਾਨਵਰਾਂ ਨੂੰ ਮਾਰਿਆ ਜਾ ਰਿਹਾ ਹੈ।



# ਕੁਦਰਤ ਨੇ ਮਹਾਮਾਰੀ ਦੇ ਬਹਾਨੇ ਕੀਤੀ ਦੁਨੀਆਂ ਰੀਸੈਟ

ਅੱਜ ਰੀਸੈਟ ਦਾ ਮਤਲਬ ਸਾਰੇ ਸਮਝਦੇ ਹਨ। ਖਾਸ ਕਰਕੇ ਮੋਬਾਇਲ ਫੋਨ ਵਰਤਨ ਵਾਲੇ ਲੋਕ। ਜਦ ਗੈਰ ਜਰੂਰੀ ਐਪ ਜਾਂ ਹੋਰ ਵਾਧੂ ਸਮੱਗਰੀ ਜਿਆਦਾ ਇਕੱਠੀ ਹੋ ਜਾਵੇ। ਚਾਹੇ ਗਲਤੀ ਨਾਲ ਚਾਹੇ ਜਰੂਰਤ ਮੁਤਾਬਕ ਅਪਲੋਡ ਕੀਤੇ ਪ੍ਰੋਗਰਾਮ ਸਾਨੂੰ ਫਾਇਦੇ ਦੀ ਜਗ੍ਹਾ ਨੁਕਸਾਨ ਕਰਨ ਲੱਗ ਪੈਣ, ਸਾਡਾ ਫੋਨ ਬੰਦ ਹੋਣ ਲੱਗ ਪਵੇ, ਹੈਗ ਹੋਣ ਲੱਗ ਪਵੇ ਤਾਂ ਅਸੀਂ ਚਾਹੁੰਦੇ ਹਾਂ ਕਿ ਸਾਡਾ ਫੋਨ ਮੁੜ ਪਹਿਲਾ ਵਾਲੀ ਸਥਿਤੀ ਵਿੱਚ ਆ ਜਾਵੇਂ। ਇਸ ਵਾਸਤੇ ਅਸੀਂ ਆਪਣੇ ਫੋਨ ਨੂੰ ਰੀਸੈਟ ਕਰ ਦਿੰਦੇ ਹਾਂ। ਅੱਜ ਦੀ ਤਾਰੀਖ ਵਿੱਚ ਕੁਦਰਤ ਨੇ ਵੀ ਅਜਿਹਾ ਹੀ ਕੀਤਾ ਹੈ।

ਅੱਜ ਦੇ ਹਾਲਾਤ ਵਿੱਚ ਸਾਰੀ ਦੁਨੀਆਂ ਦੇ ਲੋਕ ਵਿਗਿਆਨਕ ਤਰੱਕੀ ਦੇ ਨਾਮ ਤੇ ਕੁਦਰਤ ਨਾਲ ਖਿਲਵਾੜ ਕਰਨ ਲੱਗੇ ਹੋਏ ਹਨ। ਕਈ ਲੋਕ ਆਪਣੇ ਨਿਜੀ ਮੁਨਾਫਿਆਂ ਲਈ ਲੋਕਾਈ ਨਾਲ ਲੁੱਟ-ਘਸੁੱਟ ਕਰਨ ਲੱਗੇ ਹੋਏ ਹਨ। ਮਿੰਟ-ਮਿੰਟ ਬਾਅਦ ਹਰ ਦੇਸ਼ ਦੇ ਏਅਰਪੋਰਟ ਤੋਂ ਆਕਾਸ਼ ਵਿੱਚ ?ਉਡਦੇ ਜਹਾਜਾਂ ਨੇ ਸਾਰੇ ਅਕਾਸ਼ ਦੀ ਹਵਾ ਪਲੀਤ ਕਰ ਰੱਖੀ ਹੈ। ਤਰੱਕੀ ਦੇ ਨਾਮ ਤੇ ਸਰਕਾਰਾਂ ਵੱਲੋਂ ਵੇਚੀਆਂ ਜਾ ਰਹੀਆਂ ਸੜਕਾਂ ਤੇ ਰੋਡ ਚੋੜੇ ਕਰਨ ਦੇ ਬਹਾਨੇ ਕਈ ਦੇਸ਼ਾ ਵੱਲੋਂ ਕੱਟੇ ਗਏ ਕਰੋੜਾਂ ਦਰਖਤਾਂ ਨਾਲ ਕੁਦਰਤ ਨਾਲ ਖਿਲਵਾੜ ਹੋ ਰਿਹਾ ਹੈ। ਚੀਨ ਅਤੇ ਇਸ ਵਰਗੇ ਹੋਰ ਕਈ ਦੇਸ਼ਾ ਵਿੱਚ ਆਪਣੇ ਵਪਾਰ ਨੂੰ ਸਾਰੀ ਦੁਨੀਆਂ ਵਿੱਚ ਫੈਲਾਉਣ ਦੇ ਮਨਸੂਬਿਆ ਕਾਰਨ ਸਮੁੰਦਰ ਵਿਚ ਚੱਲ ਰਹੇ ਵੱਡੇ-ਵੱਡੇ ਸਮੁੰਦਰੀ ਜਹਾਜ਼ਾ ਕਾਰਨ ਸਮੁੰਦਰ ਵਿੱਚ ਉਥਲ-ਪੁਥਲ ਕੀਤੀ ਜਾ ਰਹੀ ਸੀ। ਚੀਨ ਵਰਗੇ ਦੇਸ਼ਾ ਦੇ ਲੋਕ ਰਾਕਸ਼ਸਾ ਵਾਲੀਆ ਭੈੜੀਆ ਪ੍ਰਵਿਰਤੀ ਰੱਖਦੇ ਹੋਏ ਕੁਦਰਤੀ ਜੀਵ ਜੰਤੂਆ ਨੂੰ ਜਿਉਂਦਿਆਂ ਨੂੰ ਖਾਂ ਜਾਦੇ ਹਨ। ਸਾਰੀ ਦੁਨੀਆਂ ਆਪਣੇ ਕੰਮਾ ਕਾਰਾਂ ਵਿੱਚ ਵਿਅਸਤ ਹੋਈ ਪਈ ਹੈ, ਅੱਜ ਕੋਈ ਵਿਅਕਤੀ ਆਪਣੇ ਬੁੱਢੇ ਮਾਪਿਆਂ ਕੋਲ ਬੈਠ ਕੇ ਉਨ੍ਹਾ ਨਾਲ ਕੋਈ ਗੱਲ ਨਹੀਂ ਕਰ ਰਿਹਾ ਸੀ, ਬੱਚੇ ਫੋਨਾਂ ਨਾਲ ਖੇਡ ਰਹੇ ਸਨ ਕਿਉਂਕਿ ਮਾਪਿਆਂ ਕੋਲ ਆਪਣੇ ਬੱਚਿਆ ਨਾਲ ਖੇਡਣ ਦਾ ਟਾਈਮ ਨਹੀਂ ਸੀ। ਪਤੀ-ਪਤਨੀ ਆਪੋ ਆਪਣੇ ਕੰਮਾਂ ਵਿੱਚ ਵਿਅਸਤ ਸੀ ਉਨ੍ਹਾ ਕੋਲ ਇਕ ਦੂਜੇ ਨਾਲ ਕਿਸੇ ਕਿਸਮ ਦੀ ਕੋਈ ਵਿਚਾਰ ਕਰਨ ਦਾ ਟਾਈਮ ਨਹੀਂ ਸੀ। ਕਿਸੇ ਕੋਲ ਇਕ ਦੂਜੇ ਨੂੰ ਸਮਝਣ ਦਾ ਟਾਈਮ ਨਹੀਂ ਸੀ ਜਿਸ ਕਾਰਨ ਰਿਸ਼ਤੇ, ਨਾਤੇ ਟੁਟਦੇ ਜਾ ਰਹੇ ਸਨ।

ਇਸ ਸਭ ਕੁੱਝ ਦੇ ਬਚਾਅ ਲਈ ਜਰੂਰੀ ਸੀ ਇੱਕ ਖੜੋਤ। ਪਰ ਇਹ ਕਿਵੇਂ ਸੰਭਵ ਸੀ। ਅਸੀਂ ਕਦੇ ਕਲਪਨਾ ਵੀ ਨਹੀਂ ਕਰ ਸਕਦੇ ਸੀ ਕਿ ਇਸ ਤਰ੍ਹਾਂ ਕੋਈ ਸਾਰੇ ਸੰਸਾਰ ਨੂੰ ਰੋਕ ਦੇਵੇਗਾ। ਦੁਨੀਆਂ ਦੇ ਕਿਸੇ ਵੀ ਰਾਜੇ ਮਹਾਰਾਜੇ ਵਿੱਚ ਸੀ ਸਕਤੀ ਅਜਿਹਾ ਕਰਨ ਦੀ ? ਪਰ ਕੁਦਰਤ ਨੇ ਕੁੱਝ ਪਲਾ ਵਿੱਚ ਇਹ ਸਭ ਕੁੱਝ ਕਰਨ ਲਈ ਮਜਬੂਰ ਕਰ ਦਿੱਤਾ। ਇਹ ਹੈ ਕੁਦਰਤ ! ਕੁਦਰਤ ਨੇ ਕਰੋਨਾ ਵਰਗੀ ਮਹਾ-ਮਾਰੀ ਦੇ ਬਹਾਨੇ ਦੁਨੀਆਂ ਨੂੰ ਰੀਸੈਟ ਕਰ ਦਿੱਤਾ।

ਕੁਦਰਤ ਨੂੰ ਨਾ ਮੰਨਣ ਵਾਲੇ ਲੋਕ ਕਹਿਣਗੇ ਕਿ ਇਹ ਮਹਾਮਾਰੀ ਤਾਂ ਚੀਨ 'ਚੋ ਆਈ ਹੈ, ਕੁਦਰਤ ਨੇ ਨਹੀਂ ਲਿਆਂਦੀ ! ਪਰ ਯਾਦ ਰੱਖਿਓ ਕਿ ਕੁਦਰਤ ਹਮੇਸ਼ਾ ਕੋਈ ਨਾ ਕੋਈ ਬਹਾਨਾ ਬਣਾਉਂਦੀ ਹੈ। ਚੀਨ ਜਿਹੜਾ ਸਾਰੀ ਦੁਨੀਆਂ ਨਾਲ ਆਪਣੇ ਬਣਾਏ ਸਾਮਾਨ ਦਾ ਵਪਾਰ ਕਰਦਾ ਸੀ ਉਹ ਕਦੋਂ ਚਾਹੁੰਦਾ ਸੀ ਕਿ ਹੁਣ ਸਾਰੀ ਦੁਨੀਆਂ ਉਸ ਨੂੰ ਲਾਹਨਤਾਂ ਪਾਵੇ। ਚੀਨ ਨੇ ਨਕਲੀ ਚੰਦ ਬਣਾ ਕੇ ਕੁਦਰਤ ਦੀ ਰੀਸ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਆਪ ਰੱਬ ਬਣ ਕੇ ਬੈਠ ਗਿਆ ਸੀ। ਇਸ ਲਈ ਰੱਬ ਨੇ ਚੀਨ ਨੂੰ ਇੱਕ ਟਰੇਲਰ ਵਿਖਾਇਆ ਹੈ ਕਿ ਕੁਦਰਤ ਚਾਹੇ ਤਾਂ ਪਲ ਵਿੱਚ ਸਭ ਅਸਤ-ਵਿਅਸਤ ਕਰ ਸਕਦੀ ਹੈ।

ਕੋਈ ਕਹਿ ਰਿਹਾ ਹੈ ਕਿ ਕਰੋਨਾ ਰਾਈਰਸ ਚਮਗਾਦੜ ਦੇ ਸੂਪ 'ਚੋਂ ਆਇਆ ਹੈ। ਕੋਈ ਕਹਿ ਰਿਹਾ ਹੈ ਕਿ ਚੀਨ ਕੋਈ ਖਤਰਨਾਕ ਪ੍ਰਮਾਣੂ ਬਣਾ ਰਿਹਾ ਸੀ ਉਹ ਲੀਕ ਹੋ ਗਿਆ। ਕਈ ਪੁਰਾਣੇ ਬਜੂਰਗਾਂ ਤੋਂ ਸੁਣੀਆਂ ਹੈ ਕਿ ੧੯੬੫ ਦੀ ਜੰਗ ਵੇਲੇ ਚੀਨ ਨੇ ਕੁੱਝ ਨਕਲੀ ਆਰਮੀ ਮੈਨ (ਫੋਜੀ) ਬਣਾ ਕੇ ਸਰਹੰਦ ਤੇ ਬਿਠਾ ਦਿਤੇ ਸੀ ਜਿਹੜੇ ਰਿਮੋਟ ਤੇ ਚਲਦੇ ਸਨ। ਮਰਦਾ ਤਾਂ ਉਹ ਵਿਅਕਤੀ ਹੈ ਜਿਸ ਵਿੱਚ ਜਾਨ ਹੁੰਦੀ ਹੈ, ਬੇ-ਜਾਨ ਚੀਜ ਕਿਵੇਂ ਮਰੇਗੀ ਇਸ ਕਾਰਨ ਚੀਨ ਦੇ ਨਕਲੀ ਫੋਜੀ ਜੰਗ ਵਿੱਚ ਕਈ-ਕਈ ਫੋਜਾ ਨੂੰ ਮਾਤ ਪਾਉਦੇ ਰਹੇ। ਇਸੇ ਆਧਾਰ ਤੇ ਚੀਨ ਵਾਈਰਸ ਤਿਆਰ ਕਰ ਰਿਹਾ ਸੀ ਕਿ ਲੜਾਈਆ ਕਰਨ ਦੇ ਬਜਾਏ ਵਾਈਰਸ ਨਾਲ ਹੀ ਜੰਗਾਂ ਜਿੱਤੀਆਂ ਜਾ ਸਕਣ ਅਤੇ ਹੋ ਉਲਟ ਗਿਆ। ਉਨ੍ਹਾ ਦਾ ਵਾਈਰਸ ਲੀਕ ਹੋ ਕੇ ਸਭ ਤੋਂ ਪਹਿਲਾ ਉਨ੍ਹਾ ਤੇ ਹੀ ਭਾਰੂ ਪੈ ਗਿਆ। ਖੈਰ ! ਇਨ੍ਹਾ ਗੱਲਾ ਵਿੱਚ ਕਿੰਨੀ ਸਚਾਈ ਹੈ ਇਹ ਤਾਂ ਟਾਈਮ ਪੈ ਕੇ ਹੀ ਪਤਾ ਲੱਗੇਗਾ। ਅੱਜ ਤਾਂ ਸਾਰੀ ਦੁਨੀਆ ਦੀ ਲੜਾਈ ਕਰੋਨਾ ਵਾਈਰਸ ਨਾਲ ਹੈ।

ਰੱਬ ਦੀ ਹੋਂਦ ਨਾ ਮੰਨਣ ਵਾਲੇ ਅੱਜ ਰੌਲਾ ਪਾ ਰਹੇ ਹਨ ਕਿ ਗੁਰਦੁਆਰੇ ਬਹੁਤ ਬਣ ਗਏ, ਮੰਦਿਰ ਬਹੁਤ ਬਣਾ ਲਏ ਸਾਨੂੰ ਚਾਹੀਦਾ ਸੀ ਕਿ ਅਸੀਂ ਹਸਪਤਾਲ ਬਣਾਉਂਦੇ ਤਾਂ ਆਹ ਦਿਨ ਨਾ ਵੇਖਣੇ ਪੈਂਦੇ। ਭਲਿਓ ਮਾਨਸੋ ! ਜਰਾ ਸੋਚੋ ? ਜਿਥੋਂ ਇਹ ਬੀਮਾਰੀ ਆਈ ਹੈ 'ਚੀਨ' ਉਥੇਂ ਤਾਂ ਕੋਈ ਗੁਰਦੁਆਰਾ ਵੀ ਨਹੀਂ ਹੈ, ਕੋਈ ਮੰਦਿਰ ਵੀ ਨਹੀਂ ਹੈ ਤੇ ਹਸਪਤਾਲ ਵੀ ਵਾਧੂ ਹਨ। ਡਾਕਟਰੀ ਸਹੂਲਤਾ ਬੇਸ਼ੁਮਾਰ ਹਨ। ਫਿਰ ਉਥੇਂ ਇਹ ਬੀਮਾਰੀ ਕਿਵੇਂ ਆ ਗਈ। ਜੋ ਹੋਣਾ ਹੈ ਉਹ ਹੋਣਾ ਹੈ, ਜੋ ਕੁਦਰਤ ਨੇ ਕਰਨਾ ਹੈ ਉਸ ਨੂੰ ਕੋਈ ਵਿਗਿਆਨੀ ਨਹੀਂ ਰੋਕ ਸਕਦਾ। ਮੈਂ ਇਹ ਨਹੀਂ ਕਹਿੰਦਾ ਕਿ ਹਸਪਤਾਲ ਨਾ ਬਣਾਓ, ਜੰਮ-ਜੰਮ ਬਣਾਓ। ਪਰ ਹਸਪਤਾਲ ਆਪਣੀ ਜਗ੍ਹਾ ਹਨ, ਗੁਰਦੁਆਰਾ, ਮਸਜਿਦ, ਚਰਚ ਤੇ ਮੰਦਿਰ ਆਪਣੀ ਜਗ੍ਹਾ। ਪੰਜਾਬ, ਸਾਰਾ ਭਾਰਤ ਹੀ ਕਹਿ ਲਵੋ (ਦਿੱਲੀ ਨੂੰ ਛੱਡ ਕੇ) ਇਸ ਵਿੱਚ ਜਿਹੜੇ ਹਸਪਤਾਲ ਬਣੇ ਹੋਏ ਹਨ ਉਨ੍ਹਾਂ ਵਿੱਚ ਕੀ ਸਹੂਲਤਾਂ ਹਨ ? ਇਕੱਲੀਆਂ ਹਸਪਤਾਲਾ ਦੀ ਬਿਲਡਿੰਗਾਂ ਬਣਾਉਣ ਨਾਲ ਤਾਂ ਹੱਲ ਨਹੀਂ ਹੋਣਾ ! ਖਾਲਸਾ ਏਡ ਵਰਗੀਆਂ ਸੰਸਥਾਵਾਂ ਨੂੰ ਕਹਿ ਕੇ ਵੇਖੋ ! ਅੱਜ ਪੰਜਾਬ ਵਿੱਚ ੧੦੦ ਹਸਪਤਾਲ ਖੜਾ ਕਰ ਦੇਣਗੀਆਂ, ਪਰ ਇਨ੍ਹਾ ਨੂੰ ਚਲਾਓ ਕੌਣ ? ਡਾਕਟਰ ਕਿਥੋਂ ਆਉਣਗੇ ? ਲੈਬਾ ਤਾਂ ਬਣ ਜਾਣਗੀਆਂ ਪਰ ਲੈਬ ਟੈਕਨੀਸੀਅਨ ਕਿਥੋਂ ਲਿਆਉਗੇ।

ਜੇਕਰ ਚੀਨ ਵਿੱਚ ਗੁਰਦੁਆਰੇ, ਮਸਜਿਦ, ਚਰਚ ਤੇ ਮੰਦਿਰ ਹੁੰਦੇ ਤਾਂ ਘੱਟੋ-ਘੱਟ ਅੱਧੇ ਲੋਕ ਤਾਂ ਧਰਮ ਦੇ ਪ੍ਰਭਾਵ ਥੱਲੇ ਆ ਕੇ ਜਿਆਉਦੇਂ ਜੀਵ ਜੰਤੂ ਨਾ ਖਾਦੇ ਹੁੰਦੇ। ਫਿਰ ਸਾਈਦ ਅਜਿਹੀ ਮਹਾ-ਮਾਰੀ ਨਾ ਹੀ ਫੈਲਦੀ। ਜਿਉਂਦੇ ਜੀਵਾ ਨੂੰ ਖਾਣ ਵਾਲੇ ਲੋਕਾਂ ਵਿੱਚ ਕਿਸੇ ਲਈ ਕਦੇ ਕੋਈ ਦਿਆ ਭਾਵਨਾ ਹੋ ਸਕਦੀ ਹੈ ? ਜਿਹੜੇ ਜਿਉਂਦੇ ਜੀਵ ਜੰਤੂਆ ਨੂੰ ਖਾ ਸਕਦੇ ਹਨ ਉਹ ਇਨਸਾਨ ਨੂੰ ਵੀ ਖਾ ਸਕਦੇ ਹਨ। ਜਿਹੜੇ ਰਾਕਸ਼ਸਾਂ ਦੀਆਂ ਆਪਾਂ ਕਹਾਣੀਆਂ ਪੜ੍ਹਦੇ ਸੁਣਦੇ ਹਾਂ ਉਹ ਸਿੰਗਾ ਵਾਲੇ ਨਹੀਂ ਹੁੰਦੇ, ਉਹ ਅਜਿਹੇ ਲੋਕ ਹੀ ਹੁੰਦੇ ਹਨ। ਧਰਮ ਨਾਲ ਜੁੜੇ ਲੋਕ ਫਿਰ ਵੀ ਦਿਆ, ਭਾਵਨਾ ਅਤੇ ਦਾਨ ਪੁੰਨ ਵਾਲੇ ਬਣਦੇ ਹਨ।

ਜਿਨ੍ਹਾ ਨਿਯਮਾਂ ਦੀ ਪਾਲਣਾ ਅਸੀਂ ਅੱਜ ਕਰੋਨਾ ਦੀ ਮਹਾਮਾਰੀ ਦੇ ਡਰੋਂ ਕਰ ਰਹੇ ਹਾਂ ਅਜਿਹੇ ਨਿਯਮ ਸਾਡੇ ਗੁਰੂ ਸਾਹਿਬਾਨ ਸਾਡੇ ਲਈ ਸੈਕੜੇ ਸਾਲ ਪਹਿਲਾਂ ਬਣਾ ਗਏ ਸਨ। ਪਰ ਉਨ੍ਹਾ ਦੀਆਂ ਸਖਿਆਵਾਂ ਵੱਲ ਅਸੀਂ ਧਿਆਨ ਨਹੀਂ ਦਿੰਦੇ। ਉਨ੍ਹਾ ਨੇ ਨਿਯਮ ਬਣਾਇਆ ਸੀ ਕਿ ਹੱਥ ਸੁਚੇ ਰੱਖਣੇ ਭਾਵ ਵਾਰ-ਵਾਰ ਹੱਥ ਧੋਣੇ, ਕਿਸੇ ਨੂੰ ਹੱਥ ਮਿਲਾ ਕੇ ਮਿਲਣ ਦੀ ਜਗਾ ਹੱਥ ਜੋੜ ਕੇ ਫਤਹਿ ਬੁਲਾਉਣੀ, ਕਿਸੇ ਨਸ਼ੇ ਕਰਨ ਵਾਲੇ ਬੰਦੇ ਦੇ ਹੱਥ ਦਾ ਬਣਿਆ ਭੋਜਣ ਨਾ ਛਕਣਾ, ਆਪਣਾ ਬਰਤਨ ਆਪ ਸਾਫ ਕਰਣਾ, ਟੂਟੀ/ਨਲਕੇ ਤੋਂ ਜਲ ਛਕਣ ਲੱਗਿਆ ਪਹਿਲੇ ਟੂਟੀ ਨੂੰ ਮਾਂਝਣਾ, ਖੰਘਣ ਜਾਂ ਛਿਕ ਮਾਰਣ ਲੱਗੇ ਮੂੰਹ ਅੱਗੇ ਕੱਪੜਾ ਕਰਣਾ, ਕਿਸੇ ਨਾਲ ਖਾਣਾ ਨਾ ਖਾਣਾ। ਅੱਜ ਇਹ ਸਭ ਸਲਾਹਾਂ ਡਾਕਟਰ ਦੇ ਰਹੇਂ ਹਨ ਤਾਂ ਅਸੀਂ ਇਹ ਠੀਕ ਮੰਨਣ ਲੱਗ ਪਏ ਜਾਂ ਮਜਬੂਰੀ ਕਾਰਨ ਇਹ ਸਭ ਕਰਨ ਲੱਗ ਪਏ। ?

ਅੱਜ ਦੁਨੀਆਂ ਭਰ ਵਿੱਚ ਮਾਨਵਤਾ ਦੀ ਸੇਵਾ ਨਿਭਾਉਣ ਵਾਲੇ ਲੋਕ ਗੁਰਦੁਆਰਾ ਸਾਹਿਬ, ਮਸਜਿਦ, ਚਰਚ ਤੇ ਮੰਦਿਰਾ ਨਾਲ ਸਬੰਧਿਤ ਹਨ। ਉਹ ਬਿਨਾਂ ਕਿਸੇ ਭੇਦ-ਭਾਵ ਦੇ ਸੇਵਾ ਕਰਦੇ ਹਨ। ਕੱਟੜਤਾ ਤੇ ਵਿਖਾਵਾ ਕਰਨ ਵਾਲਿਆ ਦਾ ਕੋਈ ਧਰਮ ਨਹੀਂ ਹੁੰਦਾ, ਉਨ੍ਹਾ ਦੀ ਸੇਵਾ ਵੀ ਨੇਫਲ ਹੁੰਦੀ ਹੈ। ਅੱਜ ਦੁਨੀਆਂ ਭਰ ਵਿੱਚ ਲੋਕਾਂ ਨੂੰ ਸਰਨ ਦੇਣ ਲਈ ਗੁਰਦੁਆਰਾ ਸਾਹਿਬ ਹੀ ਕੰਮ ਆ ਰਹੇ ਹਨ। ਰੱਬ ਨਾ ਕਰੇ ਜੇਕਰ ਮਹਾਮਾਰੀ ਫੈਲਦੀ ਹੈ ਤਾਂ ਲੰਗਰ ਗੁਰਦੁਆਰਾ ਸਾਹਿਬ ਵਿੱਚੋਂ ਹੀ ਆਉਣਗੇ ਅਤੇ ਲੰਗਰ ਬਣਾਉਣ ਤੇ ਵਰਤਾਉਣ ਦੀ ਸੇਵਾ ਵੀ ਗੁਰੂ ਘਰ ਦੀਆਂ ਸੰਗਤਾ ਹੀ ਨਿਭਾਉਣਗੀਆਂ। ਪ੍ਰਮਾਤਮਾ ਕਰੇ ਅਜਿਹਾ ਮੌਕਾ ਨਾ ਆਵੇ। ਅਸੀਂ ਲੰਗਰ ਖੁਸ਼ੀ ਅਤੇ ਸ਼ੁਕਰਾਨੇ ਵਜੋਂ ਹੀ ਲਾਈਏ।

ਮੰਨੋ ਜਾਂ ਨਾ ਮੰਨੋ ਪਰ ਅਰਦਾਸ ਵਿੱਚ ਸ਼ਕਤੀ ਹੈ। ਸਾਡੇ ਭਾਰਤ ਕੋਲ ਕੀ ਸਹੂਲਤਾਂ ਹਨ ? ਜੇਕਰ ਇਥੇ ਮਹਾ-ਮਾਰੀ ਫੈਲ ਜਾਦੀ ਤਾਂ ਮਿੰਟਾ ਵਿੱਚ ਪਰਲੋ ਆ ਜਾਣੀ ਸੀ। ਸਾਡੀਆਂ ਸਹੂਲਤਾਂ ਦੇ ਮੁਕਾਬਲੇ ਸਾਡੀ ਆਬਾਦੀ ਇੰਨੀ ਹੈ ਕਿ ਅਸੀਂ ਕਿਸੇ ਬੀਮਾਰੀ ਦਾ ਮੁਕਾਬਲਾ ਨਹੀਂ ਕਰ ਸਕਦੇ। ਸਾਨੂੰ ਸਿਰਫ ਅਰਦਾਸਾ ਹੀ ਬਚਾ ਰਹੀਆਂ ਹਨ। ਸਿਆਣਿਆਂ ਨੇ ਕਿਹਾ ਹੈ ਕਿ ਸਵੇਰ ਦਾ ਭੁੱਲਿਆ ਜੇਕਰ ਸ਼ਾਮ ਨੂੰ ਘਰ ਮੁੜ ਆਵੇ ਉਸ ਨੂੰ ਭੁਲਿਆ ਨਹੀਂ ਕਹਿੰਦੇ। ਹੁਣ ਵੀ ਵੇਲਾ ਹੈ ਗੁਰੂ ਸਾਹਿਬ ਜੀ ਨੂੰ ਸਮਰੱਥ ਸਮਝਦੇ ਹੋਏ ਗੁਰ ਪੰਰਪਰਾਵਾਂ ਨੂੰ ਮੰਨੀਏ।

ਅਰਦਾਸਾਂ ਕਰੋ ਕਿ ਹੇ ਪ੍ਰਮਾਤਮਾ ਅਸੀਂ ਤੁਹਾਡੀ ਤਾਕਤ ਵੇਖ ਲਈ ਹੈ। ਤੁਸੀਂ ਦੁਨੀਆਂ ਰੀਸੈਟ ਕਰਨ ਲਈ ਜੋ ਖੜੋਤ ਲਿਆਦੀ ਮਹਾ-ਮਾਰੀ ਦੇ ਬਹਾਨੇ ਉਹ ਮਹਾ-ਮਾਰੀ ਦੂਰ ਕਰੋ। ਅੱਜ ਕੁਦਰਤ ਨੇ ਥੋੜਾ ਹੱਥ ਵਿਖਾਇਆ ਹੈ ਤਾਂ ਇਸ ਬ੍ਰਹਿਮੰਡ ਦੀਆਂ ਗਲੀਆਂ ਖਾਲੀ ਹੋ ਗਈਆਂ ਹਨ। ਪੂਰੀ ਦੁਨੀਆਂ ਵਿੱਚ ਸਾਰੇ ਰੁੱਖ ਸ਼ੁੱਧ ਹਵਾ ਵਿੱਚ ਝੂਲ ਰਹੇ ਹਨ। ਸਮੁੰਦਰੀ ਜਹਾਜ ਸਮੁੰਦਰ ਦੇ ਪਾਣੀ ਵਿਚ ਉਥਲ-ਪੁਥਲ ਨਹੀਂ ਕਰ ਰਹੇ, ਕੋਈ ਵੀ ਹੁਣ ਸਮੁੰਦਰ ਦੇ ਪਾਣੀ ਨੂੰ ਗੰਦਾ ਨਹੀਂ ਕਰ ਰਿਹਾ ਹੈ। ਲੋਕ ਜੀਵ ਹੱਤਿਆ ਨੂੰ ਬੰਦ ਕਰਕੇ ਸ਼ਾਕਾਹਾਰੀ ਭੋਜਨ ਖਾਣ ਲੱਗੇ ਹਨ। ਵੈਨੇਸ ਦੇਸ਼ ਵਿੱਚ ਨਹਿਰਾਂ ਦੇ ਪਾਣੀ ਦਾ ਰੰਗ ਨੀਲਾ ਹੋ ਗਿਆ ਹੈ। ਜਪਾਨ ਦੀਆਂ ਗਲੀਆਂ ਵਿੱਚ ਹਿਰਨ ਦਿਖਾਈ ਦੇ ਰਹੇਂ ਹਨ। ਥਾਈਲੈਂਡ ਵਿੱਚ ਬਾਦਰ ਸੈਰ ਸਪਾਟਾ ਕਰ ਰਹੇ ਹਨ। ਸਾਰੀ ਦੁਨੀਆਂ ਦੇ ਦੇਸ਼ਾ ਵਿੱਚ ਖਾਸ ਕਰਕੇ ਚੀਨ ਵਿੱਚ ਪ੍ਰਦੂਸ਼ਨ ਦੀ ਰਿਕਾਰਡ ਤੋੜ ਗਿਰਾਵਟ ਹੋ ਗਈ ਹੈ। ਮਨੁੱਖਾ ਦੇ ਅੰਦਰ ਵੜ ਜਾਣ ਕਾਰਨ ਕੁਦਰਤੀ ਦੇ ਜੀਵ ਜੰਤੂਆ ਨੇ ਟਹਿਲਨਾ ਸ਼ੁਰੂ ਕਰ ਦਿੱਤਾ ਹੈ। ਅੱਜ ਕਈ ਹਮੇਸ਼ਾ ਵਿਅਸਤ ਰਹਿਣ ਵਾਲੇ ਵਿਅਕਤੀ ਆਪਣੇ ਬੁੱਢੇ ਮਾਪਿਆਂ ਕੋਲ ਬੈਠ ਕੇ ਉਨ੍ਹਾ ਨਾਲ ਗੱਲਾਂ ਕਰ ਰਹੇ ਹਨ, ਨਿੱਕੇ ਬੱਚੇ ਆਪਣੇ ਮੰਮੀ-ਪਾਪਾ ਨਾਲ ਖੇਡ ਰਹੇ ਹਨ, ਪਤੀ-ਪਤਨੀ ਇਕ ਦੂਜੇ ਨਾਲ ਸਮਾਂ ਬਿਤਾ ਰਹੇ ਹਨ।

ਹੋਰ ਤਾਂ ਹੋਰ ਅੱਜ ਨਸ਼ਾ ਤਸਕਰਾਂ ਦੀ ਚੈਨ ਵੀ ਟੁੱਟ ਗਈ ਹੋਵੇਗੀ। ਨਸ਼ਈ ਲੋਕ ਵੀ ਨਸ਼ੇ ਤੋਂ ਬਗੈਰ ਜਿਉਣ ਦੇ ਯੋਗ ਬਣ ਚੱਲੇ ਹੋਣਗੇ। ਇਹ ਸਭ ਸਾਡੇ ਵੱਸ ਦਾ ਰੋਗ ਨਹੀਂ ਸੀ। ਬੰਦੇ ਦੀ ਕੀ ਔਕਾਤ ਹੈ ਕਿ ਉਹ ਕਿਸੇ ਵੀ ਤਰੀਕੇ ਕੁੱਦਰਤ ਦਾ ਸੰਤੁਲਨ ਕਰ ਸਕੇ। ਇਹ ਸਭ ਕੁਦਰਤ ਦੀਆਂ ਖੇਡਾਂ ਹਨ।

# ਸੰਘਵਾਦ ਦੇ ਖ਼ਾਤਮੇ ਵੱਲ ਵਧ ਰਿਹਾ ਹੈ ਭਾਰਤ ?

ਕੀ ਭਾਰਤ ਸੰਘਵਾਦ ਦੇ ਖ਼ਾਤਮੇ ਵੱਲ ਵਧ ਰਿਹਾ ਹੈ ? ਕੀ ਦੇਸ਼ ਵਿਚ ਇਕ ਖ਼ਾਸ ਤਰ੍ਹਾਂ ਦੀ ਤਾਨਾਸ਼ਾਹੀ ਦੇ ਆਸਾਰ ਬਣਦੇ ਜਾ ਰਹੇ ਹਨ ? ਇਹ ਸਵਾਲ ਉਸ ਵੇਲੇ ਬਹੁਤ ਜ਼ੋਰ ਨਾਲ ਮਨ ਨੂੰ ਕਚੋਟਦੇ ਹਨ, ਜਦੋਂ ਪਿਛਲੇ ਕੁਝ ਸਮੇਂ ਦੇ ਹਾਲਾਤ, ਹੁਕਮਾਂ ਤੇ ਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਕੋਰੋਨਾ ਮਹਾਂਮਾਰੀ ਦੇ ਬਹਾਨੇ ਸੀ.ਬੀ.ਐਸ.ਈ. ਦੇ ਵਿਦਿਆਰਥੀਆਂ 'ਤੇ ਬੋਝ ਘਟਾਉਣ ਦੇ ਨਾਂਅ 'ਤੇ 30 ਫ਼ੀਸਦੀ ਪਾਠਕ੍ਰਮ (ਸਿਲੇਬਸ) ਘਟਾਉਣ ਦਾ ਫ਼ੈਸਲਾ ਲਿਆ ਗਿਆ ਹੈ। ਪਰ ਜਿਹੜੇ ਅਧਿਆਏ ਪੜ੍ਹਾਈ ਵਿਚੋਂ ਹਟਾਏ ਜਾ ਰਹੇ ਹਨ, ਉਨ੍ਹਾਂ ਵਿਚ ਕੁਝ ਅਜਿਹੇ ਹਨ ਜਿਨ੍ਹਾਂ ਦੀ ਅਣਹੋਂਦ ਆਉਣ ਵਾਲੀ ਪੀੜ੍ਹੀ ਦੀ ਸੋਚ ਸੰਘਵਾਦ, ਸੰਵਿਧਾਨ ਤੇ ਧਰਮ-ਨਿਰਪੱਖਤਾ ਬਾਰੇ ਖੁੰਢੀ ਕਰ ਸਕਦੀ ਹੈ। ਦੁਨੀਆ ਵਿਚ ਤਾਨਾਸ਼ਾਹ ਬਣਨ ਦੇ ਚਾਹਵਾਨ ਹੁਕਮਰਾਨ ਕਈ ਰਸਤੇ ਅਪਣਾਉਂਦੇ ਹਨ। ਪਰ ਉਹ ਸਾਰੇ ਤਾਂ ਸ਼ਾਇਦ ਭਾਰਤ ਦੇ ਸੰਦਰਭ ਵਿਚ ਲਾਗੂ ਨਹੀਂ ਹੁੰਦੇ। ਉਂਜ ਤਾਨਾਸ਼ਾਹੀ ਜੰਗ ਅਤੇ ਬਾਹਰੀ ਖ਼ਤਰਿਆਂ 'ਤੇ ਪਲਦੀ ਹੈ। ਤਾਨਾਸ਼ਾਹ ਬਣਨ ਦਾ ਚਾਹਵਾਨ ਜੰਗ ਦੇ ਖ਼ਤਰੇ ਜਾਂ ਜੰਗ ਵਿਚ ਪਹਿਲਾਂ ਇਕ ਰੱਖਿਅਕ ਵਜੋਂ ਉੱਭਰਦਾ ਹੈ। ਜੰਗ ਦੀ ਹਾਲਤ ਹਮੇਸ਼ਾ ਸੈਨਿਕ ਕਾਰਵਾਈ ਦੀ ਸਫ਼ਲਤਾ ਲਈ ਇਕ ਕੇਂਦਰੀ ਕਮਾਂਡ ਅਤੇ ਕੰਟਰੋਲ ਸਿਸਟਮ ਉਸਾਰੇ ਜਾਣ ਨੂੰ ਸਮੇਂ ਦੀ ਲੋੜ ਬਣਾ ਦਿੰਦੀ ਹੈ। ਤਾਨਾਸ਼ਾਹ ਬਣਨ ਦਾ ਚਾਹਵਾਨ ਹਮੇਸ਼ਾ ਸੂਚਨਾ ਦੇ ਖੁੱਲ੍ਹੇ ਵੇਗ ਨੂੰ ਰੋਕਦਾ ਹੈ ਅਤੇ ਦੇਸ਼ ਭਗਤੀ ਦੇ ਨਾਂਅ 'ਤੇ ਇਸ ਪ੍ਰਵਾਹ ਨੂੰ ਰੋਕਣ ਦੀ ਪ੍ਰਕਿਰਿਆ ਹੋਰ ਵੀ ਸੌਖੀ ਤੇ ਪ੍ਰਵਾਨਿਤ ਹੋ ਜਾਂਦੀ ਹੈ। ਤਾਨਾਸ਼ਾਹ ਬਣਨ ਦਾ ਚਾਹਵਾਨ ਮੀਡੀਆ ਨੂੰ ਆਪਣੀ ਪ੍ਰਚਾਰ ਮਸ਼ੀਨ ਵਿਚ ਬਦਲ ਦਿੰਦਾ ਹੈ ਅਤੇ ਇਸ ਮੰਤਵ ਲਈ ਉਹ ਸਾਮ, ਦਾਮ, ਦੰਡ, ਭੇਦ ਸਾਰੀਆਂ ਨੀਤੀਆਂ ਦੀ ਵਰਤੋਂ ਵੀ ਕਰਦਾ ਹੈ। ਹਾਲਾਂ ਕਿ ਸਭ ਤੋਂ ਪਹਿਲਾ ਤੇ ਪ੍ਰਭਾਵੀ ਹਥਿਆਰ ਦਾਮ (ਪੈਸਾ) ਹੀ ਹੁੰਦਾ ਹੈ। ਫਿਰ ਇਹ ਪ੍ਰਚਾਰ ਮਸ਼ੀਨ ਸੰਭਾਵਿਤ ਤਾਨਾਸ਼ਾਹ ਨੂੰ 'ਨਾਇਕ' ਬਣਾ ਕੇ ਪੇਸ਼ ਕਰਦੀ ਹੈ ਤੇ ਬਹੁਗਿਣਤੀ ਲੋਕਾਂ ਨੂੰ ਆਪਣੀਆਂ ਸਾਰੀਆਂ ਮੁਸ਼ਕਿਲਾਂ ਤੋਂ ਮੁਕਤੀ ਉਸ ਨਾਇਕ ਦੀ ਸਫ਼ਲਤਾ ਵਿਚ ਨਜ਼ਰ ਆਉਣ ਲੱਗ ਪੈਂਦੀ ਹੈ। ਖ਼ੈਰ, ਹਾਲ ਦੀ ਘੜੀ ਭਾਰਤ ਵਿਚ ਤਾਨਾਸ਼ਾਹੀ ਦਾ ਸਿੱਧਾ ਖ਼ਤਰਾ ਤਾਂ ਦੂਰ ਦੀ ਗੱਲ ਜਾਪਦਾ ਹੈ, ਭਾਰਤ ਵਿਚ ਸਿੱਧਾ ਖ਼ਤਰਾ ਤਾਂ ਸੰਘਵਾਦ ਦੇ ਖ਼ਾਤਮੇ ਦਾ ਨਜ਼ਰ ਆ ਰਿਹਾ ਹੈ, ਜੋ ਭਵਿੱਖ ਵਿਚ ਰੂਸ ਅਤੇ ਉਸ ਤੋਂ ਵੀ ਜ਼ਿਆਦਾ ਤੁਰਕੀ ਦੇ ਰਾਜ ਮੁਖੀਆਂ ਵਲੋਂ ਅਪਣਾਏ ਕੇਂਦਰਵਾਦੀ ਮਾਡਲ ਵਰਗੀ ਕੋਈ ਸਵਦੇਸ਼ੀ (ਇੰਡੀਜੀਨੀਅਸ) ਰਾਜਨੀਤਕ ਵਿਵਸਥਾ ਬਣਾ ਲਏ ਜਾਣ ਦਾ ਆਧਾਰ ਜ਼ਰੂਰ ਬਣ ਸਕਦਾ ਹੈ। ਖ਼ੈਰ, ਗੱਲ ਕਰ ਰਹੇ ਸੀ ਸੀ.ਬੀ.ਐਸ.ਈ. ਦੀਆਂ ਕਿਤਾਬਾਂ ਵਿਚੋਂ 30 ਫ਼ੀਸਦੀ ਪਾਠਕ੍ਰਮ ਘਟਾਉਣ ਦੀ, ਇਸ ਸਬੰਧ ਵਿਚ ਜਿਸ ਤਰ੍ਹਾਂ ਦੀਆਂ ਸੂਚਨਾਵਾਂ ਮਿਲੀਆਂ ਹਨ, ਉਨ੍ਹਾਂ ਵਿਚ ਬਾਕੀ ਵਿਸ਼ਿਆਂ ਦੀ ਗੱਲ ਨਾ ਕਰੀਏ ਤਾਂ ਇਤਿਹਾਸ, ਪੁਲੀਟੀਕਲ ਸਾਇੰਸ ਅਤੇ ਅਰਥਸ਼ਾਸਤਰ ਦੇ ਵਿਸ਼ਿਆਂ ਵਿਚੋਂ ਅਜਿਹੇ ਚੈਪਟਰ (ਅਧਿਆਏ) ਖ਼ਤਮ ਕੀਤੇ ਜਾ ਰਹੇ ਹਨ, ਜੋ ਭਾਰਤ ਦੀ ਆਉਣ ਵਾਲੀ ਪੀੜ੍ਹੀ ਦੀ ਸੋਚ ਵਿਚੋਂ ਸੰਘਵਾਦ, ਰਾਸ਼ਟਰਵਾਦ ਅਤੇ ਨਿਰਪੱਖਤਾਵਾਦ, ਲੋਕਤੰਤਰਿਕ ਅਧਿਕਾਰਾਂ ਆਦਿ ਬਾਰੇ ਜਾਣਕਾਰੀ ਨੂੰ ਮਨਫ਼ੀ ਕਰਨ ਵਿਚ ਸਹਾਇਕ ਹੋਣਗੇ। ਪ੍ਰਾਪਤ ਜਾਣਕਾਰੀ ਅਨੁਸਾਰ 11ਵੀਂ ਦੇ ਰਾਜਨੀਤੀ ਵਿਗਿਆਨ ਪਾਠਕ੍ਰਮ ਵਿਚੋਂ ਉਪਰੋਕਤ ਵਿਸ਼ਿਆਂ ਨਾਲ ਸਬੰਧਿਤ ਅਧਿਆਇਆਂ ਤੋਂ ਇਲਾਵਾ ਸਥਾਨਕ ਸਰਕਾਰ ਨਾਲ ਸਬੰਧਿਤ ਚੈਪਟਰਾਂ ਵਿਚੋਂ 'ਸਾਨੂੰ ਸਥਾਨਕ ਸਰਕਾਰ ਦੀ ਲੋੜ ਕਿਉਂ ਹੈ ?' ਅਤੇ 'ਭਾਰਤ ਵਿਚ ਸਥਾਨਕ ਸਰਕਾਰ ਦਾ ਵਿਕਾਸ' ਆਦਿ ਚੈਪਟਰ ਖ਼ਤਮ ਕੀਤੇ ਗਏ ਹਨ, ਜਦੋਂ ਕਿ 12ਵੀਂ ਜਮਾਤ ਦੇ ਪਾਠਕ੍ਰਮ ਵਿਚੋਂ 'ਖੇਤਰੀ ਇੱਛਾਵਾਂ', 'ਭਾਰਤ ਵਿਚ ਸਮਾਜਿਕ ਅਤੇ ਨਵ-ਸਮਾਜਿਕ ਲਹਿਰਾਂ', 'ਭਾਰਤ ਅਤੇ ਇਸ ਦੇ ਗੁਆਂਢੀ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ ਅਤੇ ਮਿਆਂਮਾਰ' ਵਰਗੇ ਵਿਸ਼ੇ ਵੀ ਹਟਾ ਦਿੱਤੇ ਗਏ ਹਨ। 9ਵੀਂ ਜਮਾਤ ਵਿਚ ਜਮਹੂਰੀ ਅਧਿਕਾਰ, ਭਾਰਤੀ ਸੰਵਿਧਾਨ ਦੀ ਸੰਰਚਨਾ ਅਤੇ ਖ਼ੁਰਾਕ ਸੁਰੱਖਿਆ ਵਰਗੇ ਲੋਕ ਰਾਜ ਲਈ ਜ਼ਰੂਰੀ ਅਧਿਆਏ ਵੀ ਹਟਾਏ ਜਾਣ ਦੀ ਚਰਚਾ ਹੈ। 10ਵੀਂ ਜਮਾਤ ਦੇ ਪਾਠਕ੍ਰਮ ਵਿਚੋਂ 'ਲੋਕਤੰਤਰ ਅਤੇ ਅਨੇਕਤਾ' ਅਤੇ 'ਲੋਕਤੰਤਰ ਨੂੰ ਚੁਣੌਤੀਆਂ' ਵਰਗੇ ਅਧਿਆਏ ਵੀ ਹਟਾਏ ਜਾ ਰਹੇ ਹਨ। ਇਹ ਵਰਨਣਯੋਗ ਹੈ ਕਿ ਜੇ ਭਾਰਤ ਵਰਗੇ ਦੇਸ਼ ਦੀ ਜਵਾਨ ਹੋ ਰਹੀ ਪੀੜ੍ਹੀ ਦੇਸ਼ ਵਿਚ ਅਨੇਕਤਾ, ਸੰਘਵਾਦ, ਖੇਤਰੀ ਇੱਛਾਵਾਂ, ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਸਬੰਧਾਂ ਅਤੇ ਲੋਕਤੰਤਰ ਨੂੰ ਚੁਣੌਤੀਆਂ ਤੋਂ ਅਨਜਾਣ ਰਹੇਗੀ ਤਾਂ ਉਸ ਦੀ ਸੋਚ ਕੀ ਹੋਵੇਗੀ। ਇਸ ਦਾ ਅੰਦਾਜ਼ਾ ਤਾਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਵਕਤ ਕੀ ਫ਼ਿਕਰ ਕਰ ਨਾਦਾਂ, ਮੁਸੀਬਤ ਆਣੇ ਵਾਲੀ ਹੈ, ਤੇਰੀ ਬਰਬਾਦੀਓਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ। ਅਮਲਾਂ 'ਤੇ ਹੋਣਗੇ ਨਬੇੜੇ ਅਕਾਲੀ ਦਲ ਵਿਚ ਫੁੱਟ ਦਾ ਇਤਿਹਾਸ ਬਹੁਤ ਪੁਰਾਣਾ ਹੈ। ਬੇਸ਼ੱਕ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਵਿਚ ਬਣੇ ਅਨੇਕਾਂ ਅਕਾਲੀ ਦਲ ਫੇਲ੍ਹ ਸਾਬਤ ਹੋਏ ਹਨ ਪਰ ਅਜਿਹਾ ਵੀ ਨਹੀਂ ਕਿ ਕਦੇ ਪੁਰਾਣੇ ਅਕਾਲੀ ਦਲ ਨੂੰ ਛੱਡ ਕੇ ਨਵਾਂ ਬਣਨ ਵਾਲਾ ਕੋਈ ਅਕਾਲੀ ਦਲ ਕਾਮਯਾਬ ਹੀ ਨਾ ਹੋਇਆ ਹੋਵੇ। ਮਾਸਟਰ ਤਾਰਾ ਸਿੰਘ ਦੇ ਇਕ ਛਤਰ ਰਾਜ ਨੂੰ ਤੋੜ ਕੇ ਸੰਤ ਫਤਿਹ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ ਸਿੱਖਾਂ ਵਿਚ ਪ੍ਰਵਾਨ ਚੜ੍ਹ ਗਿਆ ਸੀ। ਬਾਦਲ ਦੇ ਦੋ ਵਾਰ ਮੁੱਖ ਮੰਤਰੀ ਰਹਿ ਲੈਣ ਦੇ ਬਾਵਜੂਦ ਸੁਰਜੀਤ ਸਿੰਘ ਬਰਨਾਲਾ 1985 ਵਿਚ ਮੁੱਖ ਮੰਤਰੀ ਬਣਨ ਵਿਚ ਕਾਮਯਾਬ ਰਹੇ। 1989 ਵਿਚ ਮਾਨ ਅਕਾਲੀ ਦਲ, ਬਾਦਲ, ਟੌਹੜਾ ਅਤੇ ਤਲਵੰਡੀ ਦੀ ਤਿਕੜੀ ਨੂੰ ਗੁੱਠੇ ਲਾ ਕੇ ਲੋਕ ਸਭਾ ਦੀਆਂ 13 ਵਿਚੋਂ 9 ਸੀਟਾਂ ਜਿੱਤਣ ਵਿਚ ਸਫ਼ਲ ਰਿਹਾ ਸੀ। ਹਾਂ, ਅਸਲ ਤੇ ਸਾਫ਼ ਗੱਲ ਇਹ ਹੈ ਕਿ ਸਿੱਖਾਂ ਨੇ ਹਮੇਸ਼ਾ ਇਕ ਹੀ ਅਕਾਲੀ ਦਲ ਜਾਂ ਲੀਡਰ 'ਤੇ ਸਮੁੱਚੇ ਤੌਰ 'ਤੇ ਵਿਸ਼ਵਾਸ ਪ੍ਰਗਟਾਇਆ ਹੈ। ਅੱਜ ਅਤੇ ਬਾਦਲ ਦਲ ਸਾਹਮਣੇ ਫੇਲ੍ਹ ਹੋਣ ਵਾਲੇ ਦਲਾਂ ਦੇ ਵੇਲੇ ਵਿਚ ਇਕ ਵੱਡਾ ਫ਼ਰਕ ਹੈ ਕਿ ਉਸ ਸਮੇਂ ਪ੍ਰਕਾਸ਼ ਸਿੰਘ ਬਾਦਲ ਸਿੱਖਾਂ ਵਿਚ ਸਰਵਪ੍ਰਵਾਨਿਤ ਹੋ ਚੁੱਕੇ ਸਨ। ਹੁਣ ਉਹ ਲਗਪਗ ਸੇਵਾ-ਮੁਕਤ ਹੋ ਚੁੱਕੇ ਹਨ। ਦੂਜੇ ਪਾਸੇ ਮੌਜੂਦਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣਾ ਪੰਥਕ ਆਗੂ ਦਾ ਅਕਸ ਨਹੀਂ ਬਣਾ ਸਕੇ। ਪਿਛਲੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਅਤੇ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਕਰਾਰੀ ਹਾਰ ਨੇ ਅਕਾਲੀ ਦਲ ਦੀ ਸਥਿਤੀ ਕਮਜ਼ੋਰ ਕੀਤੀ ਹੈ। ਅਕਾਲੀ ਰਾਜ ਵੇਲੇ ਹੋਈਆਂ ਬੇਅਦਬੀਆਂ ਤੇ ਉਨ੍ਹਾਂ ਦੇ ਦੋਸ਼ੀ ਨਾ ਫੜੇ ਜਾਣੇ, ਸਿਰਸਾ ਡੇਰੇ ਦੇ ਮੁਖੀ ਦੀ ਮੁਆਫ਼ੀ, ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਦੇ ਪ੍ਰਧਾਨ ਦਾ ਵਧੇਰੇ ਕੰਟਰੋਲ ਹੋਣਾ ਅਤੇ ਕਈ ਹੋਰ ਘਟਨਾਵਾਂ ਨੇ ਵੀ ਸਿੱਖਾਂ ਨੂੰ ਅਕਾਲੀ ਦਲ ਨਾਲ ਨਾਰਾਜ਼ ਕੀਤਾ ਹੈ। ਬੇਸ਼ੱਕ ਅਜੇ ਵੀ ਅਕਾਲੀ ਦਲ ਬਾਦਲ ਦਾ ਆਪਣਾ ਕੇਡਰ ਉਸ ਦੇ ਨਾਲ ਹੈ। ਉੱਪਰੋਂ ਕਾਂਗਰਸ ਦੀ ਪਿਛਲੇ 3 ਸਾਢੇ 3 ਸਾਲਾਂ ਦੀ ਕਾਰਗੁਜ਼ਾਰੀ ਤੋਂ ਵੀ ਲੋਕ ਨਿਰਾਸ਼ ਹਨ, ਜਦੋਂ ਕਿ ਆਮ ਆਦਮੀ ਪਾਰਟੀ ਵੀ ਇਸ ਸਥਿਤੀ ਵਿਚ ਨਹੀਂ ਕਿ ਉਹ ਇਕੱਲੀ ਸਰਕਾਰ ਬਣਾ ਸਕੇ। ਇਸ ਸਾਰੀ ਸਥਿਤੀ ਵਿਚ ਪੰਜਾਬ ਵਿਚ ਇਕ ਸਿਆਸੀ ਖਲਾਅ ਤਾਂ ਹੈ ਹੀ ਪਰ ਸਿੱਖਾਂ ਦੀ ਹਾਲਤ ਇਸ ਵੇਲੇ ਪੂਰੀ ਤਰ੍ਹਾਂ ਆਗੂਹੀਣ ਵਾਲੀ ਹੈ। ਇਹ ਹਾਲਾਤ ਬੇਸ਼ੱਕ ਨਵੀਂ ਪਾਰਟੀ ਲਈ ਸਾਜ਼ਗਾਰ ਹਨ ਪਰ ਕੀ ਸੁਖਦੇਵ ਸਿੰਘ ਢੀਂਡਸਾ ਇਨ੍ਹਾਂ ਹਾਲਤਾਂ ਵਿਚ ਆਪਣੇ-ਆਪ ਨੂੰ ਇਕ ਪੰਥਕ ਤੇ ਪੰਜਾਬੀ ਨੇਤਾ ਵਜੋਂ ਸਥਾਪਤ ਕਰ ਸਕਣਗੇ ਤਾਂ ਜੋ ਸਿੱਖ ਉਨ੍ਹਾਂ 'ਤੇ ਵਿਸ਼ਵਾਸ ਕਰ ਲੈਣ ? ਇਸ ਵੇਲੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਖ਼ਾਸ ਕਰ ਸਿੱਖਾਂ ਦਾ ਫ਼ੈਸਲਾ ਤਾਂ ਇਸ ਗੱਲ 'ਤੇ ਹੀ ਨਿਰਭਰ ਕਰੇਗਾ ਕਿ ਉਹ ਆਪਣੇ ਸੰਕਲਪ-ਪੱਤਰ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਅਮਲੀ ਰੂਪ ਵਿਚ ਕੀ ਕਦਮ ਚੁੱਕਦੇ ਹਨ। ਤੀਸਰਾ ਬਦਲ ਦੇਣ ਲਈ ਉਹ ਕਿਹੜੀਆਂ ਧਿਰਾਂ ਨੂੰ ਨਾਲ ਲੈਂਦੇ ਹਨ। ਪੰਜਾਬ ਤੇ ਸਿੱਖਾਂ ਦੀਆਂ ਪੁਰਾਣੀਆਂ ਮੰਗਾਂ ਪ੍ਰਤੀ ਕੀ ਰਵੱਈਆ ਅਪਣਾਉਂਦੇ ਹਨ ? ਕਿਉਂਕਿ ਲੋਕਾਂ ਨੇ ਤਾਂ ਪੰਜਾਬ ਅਤੇ ਪੰਥ ਲਈ ਕੀਤੇ ਕੰਮਾਂ ਅਤੇ ਇਨ੍ਹਾਂ ਪ੍ਰਤੀ ਸਮਰਪਣ ਅਤੇ ਕੁਰਬਾਨੀ ਦੀ ਭਾਵਨਾ ਨੂੰ ਪਰਖਣਾ ਹੈ। 'ਬੱਸ ਅਮਲਾਂ 'ਤੇ ਹੋਣਗੇ ਨਬੇੜੇ।'

# ਕੀ ਬਿਪਤਾ ਨਾਲ ਨਿਪਟਣ ਸਬੰਧੀ ਕਾਨੂੰਨ ਕੋਰੋਨਾ ਮਹਾਂਮਾਰੀ 'ਤੇ ਲਾਗੂ ਹੁੰਦਾ ਹੈ?

ਤਾਲਾਬੰਦੀ 1, 2, 3 ਅਤੇ 4 ਦੇ ਦੌਰਾਨ ਕੇਂਦਰ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਜਿਹੜੀਆਂ ਕਿ ਡਿਜ਼ਾਸਟਰ ਮੈਨੇਜਮੈਂਟ ਐਕਟ-2005 ਹੇਠ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਅਤੇ ਤਾਲਾਬੰਦੀ ਕਾਰਨ ਆਮ ਲੋਕਾਂ ਦਾ ਜਨਜੀਵਨ, ਵਪਾਰ, ਮਜ਼ਦੂਰ ਤਬਕਾ ਅਤੇ ਹੋਰ ਅਦਾਰੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਕੇਂਦਰ ਸਰਕਾਰ ਵਲੋਂ ਇਹ ਜਾਰੀ ਕੀਤੀਆਂ ਗਈਆਂ ਹਦਾਇਤਾਂ ਜਿਹੜੀਆਂ ਕਿ ਆਮ ਤੌਰ 'ਤੇ ਰਾਜ ਸਰਕਾਰਾਂ ਵਲੋਂ ਜਾਰੀ ਕੀਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਤਾਲਾਬੰਦੀ ਦੌਰਾਨ ਦਿੱਤੀਆਂ ਗਈਆਂ ਹਦਾਇਤਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਅਤੇ ਰਾਜ ਸਰਕਾਰਾਂ ਨੂੰ ਇਹ ਵੀ ਕਿਹਾ ਗਿਆ ਕਿ ਇਨ੍ਹਾਂ ਹਦਾਇਤਾਂ ਵਿਚ ਰਾਜ ਆਪਣੀਆਂ ਹਦਾਇਤਾਂ ਤਾਂ ਸ਼ਾਮਿਲ ਕਰ ਸਕਦੇ ਹਨ ਪਰ ਇਨ੍ਹਾਂ ਹਦਾਇਤਾਂ ਨੂੰ ਘਟਾ ਕੇ ਲਾਗੂ ਨਹੀਂ ਕਰ ਸਕਦੇ। ਕੇਂਦਰ ਸਰਕਾਰ ਦੀ ਕੋਵਿਡ-19 ਦੌਰਾਨ ਦਿੱਤੀਆਂ ਗਈਆਂ ਹਦਾਇਤਾਂ ਦੀ ਇਸ ਪਹੁੰਚ ਨੇ ਭਾਰਤ ਦੇ ਸੰਘੀ ਢਾਂਚੇ 'ਤੇ ਕਈ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਦਿੱਤੇ ਹਨ। ਅਸਲ ਵਿਚ ਕੇਂਦਰ ਸਰਕਾਰ ਵਲੋਂ ਦਿੱਤੀਆਂ ਗਈਆਂ ਇਹ ਹਦਾਇਤਾਂ ਸੰਵਿਧਾਨ ਅਨੁਸਾਰ ਉਸ ਦੀ ਸ਼ਕਤੀ ਤੋਂ ਕਿਤੇ ਪਰੇ ਹਨ ਅਤੇ ਭਾਰਤੀ ਸੰਵਿਧਾਨ ਵਿਚ ਰਾਜਾਂ ਨੂੰ ਦਿੱਤੇ ਗਏ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਹਨ।

ਕੇਂਦਰ ਸਰਕਾਰ ਵਲੋਂ ਤੀਜੀ ਤਾਲਾਬੰਦੀ ਦੌਰਾਨ ਭਾਰਤ ਰਾਜ ਦੇ ਸਾਰੇ ਜ਼ਿਲ੍ਹਿਆਂ ਨੂੰ ਰੈੱਡ, ਔਰੇਂਜ ਅਤੇ ਗ੍ਰੀਨ ਜ਼ੋਨਾਂ ਵਿਚ ਵੰਡ ਦਿੱਤਾ ਗਿਆ ਸੀ। ਇਸ ਵੰਡ 'ਤੇ ਪੰਜਾਬ ਸਮੇਤ ਕਈ ਦੂਜੇ ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਲੋਂ ਇਤਰਾਜ਼ ਵੀ ਉਠਾਇਆ ਗਿਆ ਸੀ ਕਿ ਸਾਰੇ ਜ਼ਿਲ੍ਹੇ ਨੂੰ ਰੈੱਡ ਜ਼ੋਨ ਵਿਚ ਨਾ ਰੱਖਿਆ ਜਾਵੇ, ਸਿਰਫ ਉਸ ਹਿੱਸੇ ਨੂੰ ਹੀ ਰੈੱਡ ਜ਼ੋਨ ਵਿਚ ਰੱਖਿਆ ਜਾਵੇ, ਜਿਥੇ ਕਿ ਕੋਵਿਡ-19 (ਕੋਰੋਨਾ) ਦੇ ਕੇਸ ਜ਼ਿਆਦਾ ਮਾਤਰਾ ਵਿਚ ਹਨ। ਚੌਥੀ ਤਾਲਾਬੰਦੀ ਵਿਚ ਕੇਂਦਰ ਸਰਕਾਰ ਨੇ ਆਪਸੀ ਹਦਾਇਤਾਂ ਜਾਰੀ ਕਰਦੇ ਸਮੇਂ ਰਾਜਾਂ ਨੂੰ ਅਧਿਕਾਰ ਦਿੱਤਾ ਕਿ ਉਹ ਆਪਣੇ ਤੌਰ 'ਤੇ ਰੈੱਡ, ਔਰੇਂਜ, ਗ੍ਰੀਨ ਅਤੇ ਬਫ਼ਰ ਜ਼ੋਨ ਤਿਆਰ ਕਰਨ।

ਪੰਜਾਬ ਸਰਕਾਰ ਵਲੋਂ ਵੀ ਕੇਂਦਰ ਸਰਕਾਰ ਦੇ ਕਈ ਫ਼ੈਸਲਿਆਂ 'ਤੇ ਇਤਰਾਜ਼ ਜਤਾਇਆ ਗਿਆ ਅਤੇ ਸਮੇਂ-ਸਮੇਂ ਚਿੱਠੀ ਪੱਤਰ ਰਾਹੀਂ ਪੰਜਾਬ ਵਿਚ ਵਪਾਰ ਅਤੇ ਹੋਰ ਅਦਾਰੇ ਖੋਲ੍ਹਣ ਲਈ ਮੰਗ ਕੀਤੀ ਗਈ, ਜਿਹੜੀ ਕਿ ਕੇਂਦਰ ਸਰਕਾਰ ਵਲੋਂ ਠੁਕਰਾ ਦਿੱਤੀ ਗਈ। ਇਸੇ ਤਰ੍ਹਾਂ ਕੇਰਲਾ ਰਾਜ ਜਿਹੜਾ ਕਿ ਕਾਫੀ ਹੱਦ ਤੱਕ ਕੋਰੋਨਾ ਦੀ ਬਿਮਾਰੀ 'ਤੇ ਕਾਬੂ ਪਾ ਚੁੱਕਾ ਹੈ, ਉਸ ਦੇ ਕਈ ਜ਼ਿਲ੍ਹਿਆਂ ਨੂੰ ਰੈੱਡ ਜ਼ੋਨ ਵਿਚ ਰੱਖਿਆ ਗਿਆ ਹੈ। ਭਾਵੇਂ ਕਿ ਉਸ ਵਲੋਂ ਕੇਂਦਰ ਦੇ ਇਸ ਫ਼ੈਸਲੇ 'ਤੇ ਇਤਰਾਜ਼ ਵੀ ਜਤਾਇਆ ਗਿਆ। ਉਸ ਨੂੰ ਵੀ ਕੇਂਦਰ ਸਰਕਾਰ ਵਲੋਂ ਅੱਖੋਂ ਪਰੋਖੇ ਕਰ ਦਿੱਤਾ ਗਿਆ। ਜੇਕਰ ਅਸੀਂ ਡਿਜ਼ਾਸਟਰ ਮੈਨੇਜਮੈਂਟ ਐਕਟ-2005 ਅਤੇ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਨੂੰ ਧਿਆਨ ਨਾਲ ਘੋਖੀਏ ਤਾਂ ਪਤਾ ਚਲਦਾ ਹੈ ਕਿ ਕੇਂਦਰ ਸਰਕਾਰ ਵਲੋਂ ਕੋਵਿਡ-19 ਦੀ ਬਿਮਾਰੀ ਨੂੰ ਰੋਕਣ ਲਈ ਅਪਣਾਈ ਜਾ ਰਹੀ ਪਹੁੰਚ ਅਤੇ ਹਦਾਇਤਾਂ ਗ਼ੈਰ-ਸੰਵਿਧਾਨਕ ਹਨ। ਭਾਰਤੀ ਸੰਵਿਧਾਨ ਦੇ ਸੰਘੀ ਢਾਂਚੇ ਅਨੁਸਾਰ ਪਾਰਲੀਮੈਂਟ ਯੂਨੀਅਨ ਲਿਸਟ-1 ਹੇਠ ਅਤੇ ਰਾਜ ਸਰਕਾਰਾਂ ਲਿਸਟ-2 ਦੇ ਹੇਠ ਕਾਨੂੰਨ ਬਣਾ ਸਕਦੀਆਂ ਹਨ ਅਤੇ ਦੋਵੇਂ ਕੰਕਰੰਟ ਲਿਸਟ-3 ਹੇਠ ਬਣਾਏ ਕਾਨੂੰਨ ਨੂੰ ਵੀ ਲਾਗੂ ਕਰ ਸਕਦੀਆਂ ਹਨ। ਇਸ ਤਰ੍ਹਾਂ ਸੰਵਿਧਾਨ ਅਨੁਸਾਰ ਜਿਹੜੇ ਵਿਸ਼ੇ ਨਾ ਤਾਂ ਲਿਸਟ-2 ਅਤੇ ਲਿਸਟ-3 ਵਿਚ ਹਨ, ਉਨ੍ਹਾਂ ਬਾਰੇ ਪਾਰਲੀਮੈਂਟ ਕੋਲ ਆਰਟੀਕਲ 248 ਅਤੇ ਐਂਟਰੀ 97 ਦੀ ਲਿਸਟ-1 ਹੇਠ ਕਾਨੂੰਨ ਬਣਾਉਣ ਲਈ ਰਿਜ਼ੀਡਯੂਇਰੀ ਪਾਵਰ (ਸ਼ਕਤੀ) ਹੈ। ਇਸੇ ਤਰ੍ਹਾਂ ਹੀ ਸੰਵਿਧਾਨ ਦੇ ਆਰਟੀਕਲ 73 ਅਤੇ 162 ਹੇਠ ਕੇਂਦਰ ਅਤੇ ਰਾਜ ਸਰਕਾਰਾਂ ਕੋਲ ਸਹਿ-ਵਿਆਪਕ ਸ਼ਕਤੀ ਹੈ ਕਿ ਉਹ ਕਾਨੂੰਨ ਬਣਾ ਵੀ ਸਕਦੀਆਂ ਹਨ ਅਤੇ ਉਸ ਨੂੰ ਲਾਗੂ ਵੀ ਕਰ ਸਕਦੀਆਂ ਹਨ। ਡਿਜ਼ਾਸਟਰ ਮੈਨੇਜਮੈਂਟ ਐਕਟ ਜਿਹੜਾ ਕਿ ਸੰਵਿਧਾਨ ਦੀ ਲਿਸਟ-1, 2 ਅਤੇ 3 ਦੇ ਅਧੀਨ ਨਹੀਂ ਆਉਂਦਾ, ਪਰ ਪਾਰਲੀਮੈਂਟ ਆਰਟੀਕਲ 248 ਅਤੇ ਐਂਟਰੀ 97 ਦੀ ਲਿਸਟ-1 ਅਨੁਸਾਰ ਆਪਣੀ ਰਿਜ਼ੀਡਿਊਇਰੀ ਸ਼ਕਤੀ ਹੇਠ ਕਾਨੂੰਨ ਬਣਾ ਸਕਦੀ ਹੈ।

ਸਵਾਲ ਇਹ ਉੱਠਦਾ ਹੈ ਕਿ, ਕੀ ਕੇਂਦਰ ਸਰਕਾਰ ਡਿਜ਼ਾਸਟਰ ਮੈਨੇਜਮੈਂਟ ਐਕਟ ਹੇਠ ਇਸ ਕੋਵਿਡ-19 ਮਹਾਂਮਾਰੀ ਨੂੰ ਰੋਕਣ ਲਈ ਰਾਜ ਸਰਕਾਰਾਂ ਨੂੰ ਹਦਾਇਤਾਂ ਜਾਰੀ ਕਰ ਸਕਦੀ ਹੈ ?

ਭਾਵੇਂ ਕਿ ਡਿਜ਼ਾਸਟਰ ਮੈਨੇਜਮੈਂਟ ਐਕਟ ਹੇਠ ਕੇਂਦਰ ਸਰਕਾਰ ਨੂੰ ਵੀ ਅਧਿਕਾਰ ਹਨ ਕਿ ਉਹ ਕੋਵਿਡ-19 ਦੀ ਬਿਮਾਰੀ ਨੂੰ ਇਕ ਰਾਜ ਤੋਂ ਦੂਸਰੇ ਰਾਜ ਵਿਚ ਫੈਲਣ ਤੋਂ ਰੋਕਣ ਲਈ ਹਦਾਇਤਾਂ ਜਾਰੀ ਕਰੇ। ਪਰ ਇਹ ਅਧਿਕਾਰ ਸੀਮਤ ਹਨ ਕਿਉਂਕਿ ਸੰਵਿਧਾਨ ਦੀ ਲਿਸਟ-2 ਅਤੇ ਐਂਟਰੀ 6 ਦੇ ਅਨੁਸਾਰ ਪਬਲਿਕ ਹੈਲਥ ਅਤੇ ਸੈਨੀਟੇਸ਼ਨ ਰਾਜਾਂ ਦੇ ਵਿਸ਼ੇ ਹਨ ਅਤੇ ਰਾਜ ਸਰਕਾਰਾਂ ਇਨ੍ਹਾਂ ਦੋਵਾਂ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀਆਂ ਹਨ ਅਤੇ ਲਾਗੂ ਵੀ ਕਰ ਸਕਦੀਆਂ ਹਨ। ਇਸ ਤਰ੍ਹਾਂ ਕੇਂਦਰ ਸਰਕਾਰ ਵਲੋਂ ਜਾਰੀ ਹੁਕਮ ਅਤੇ ਹਦਾਇਤਾਂ ਜਿਹੜੀਆਂ ਕਿ ਇਸ ਕੋਵਿਡ-19 ਮਹਾਂਮਾਰੀ ਨੂੰ ਰੋਕਣ ਲਈ ਰਾਜ ਸਰਕਾਰਾਂ ਨੂੰ ਜਾਰੀ ਕੀਤੀਆਂ ਗਈਆਂ ਹਨ, ਉਹ ਰਾਜ ਸਰਕਾਰਾਂ ਨੂੰ ਸੰਵਿਧਾਨ ਵਿਚ ਦਿੱਤੇ ਗਏ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੀਆਂ ਹਨ। ਭਾਰਤ ਦੀ ਸੁਪਰੀਮ ਕੋਰਟ ਵਲੋਂ ਆਪਣੇ ਕਈ ਇਤਿਹਾਸਕ ਫ਼ੈਸਲਿਆਂ ਵਿਚ ਕਿਹਾ ਗਿਆ ਹੈ ਕਿ ਸੰਘਵਾਦ ਸੰਵਿਧਾਨ ਦਾ ਬੁਨਿਆਦੀ ਢਾਂਚਾ ਹੈ। ਭਾਵੇਂ ਕਿ ਕੇਂਦਰ ਸਰਕਾਰ ਕੋਲ ਰਾਜਾਂ ਨਾਲੋਂ ਵੱਧ ਅਧਿਕਾਰ ਹਨ। ਪਰ ਰਾਜ ਸਰਕਾਰਾਂ ਕੋਲ ਵੀ ਸੰਵਿਧਾਨ ਅਨੁਸਾਰ ਆਪਣੇ ਬੁਨਿਆਦੀ ਅਧਿਕਾਰ ਹਨ। ਡਿਜ਼ਾਸਟਰ ਮੈਨੇਜਮੈਂਟ ਐਕਟ ਭਾਵੇਂ ਕਿ ਪਾਰਲੀਮੈਂਟ ਵਲੋਂ ਆਪਣੀ ਰਿਜ਼ੀਡਿਊਇਰੀ ਪਾਵਰ (ਬਾਕੀ ਸ਼ਕਤੀਆਂ) ਹੇਠ ਪਾਸ ਕੀਤਾ ਗਿਆ ਹੈ ਪਰ ਇਹ ਕੋਵਿਡ-19 ਦੀ ਮਹਾਂਮਾਰੀ 'ਤੇ ਲਾਗੂ ਨਹੀਂ ਹੋ ਸਕਦਾ। ਕਿਉਂਕਿ ਪਬਲਿਕ ਹੈਲਥ ਅਤੇ ਸੈਨੀਟੇਸ਼ਨ ਦੋਵੇਂ ਵਿਸ਼ੇ ਰਾਜਾਂ ਦੇ ਅਧਿਕਾਰ ਅਧੀਨ ਆਉਂਦੇ ਹਨ ਅਤੇ ਰਾਜ ਸਰਕਾਰਾਂ ਸੰਵਿਧਾਨ ਦੀ ਲਿਸਟ-2 ਅਤੇ ਐਂਟਰੀ 6 ਅਨੁਸਾਰ ਕਾਨੂੰਨ ਬਣਾ ਕੇ ਲਾਗੂ ਵੀ ਕਰ ਸਕਦੀਆਂ ਹਨ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੋਸਪੌਂਡੈਂਸ :
ਫੋਟੋਗ੍ਰਾਫਰ : ਹਮਾਦ
ਗਗਨਦੀਪ ਸਿੰਘ (ਇੰਡੀਆ)
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
(A Division of Media Partners Capital , Inc.)

**Address :**
**P.O Box 7005 Hicksville New York 11801**

Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source



# ਕੁਵੈਤ ਦੇ ਨਵੇਂ ਕਾਨੂੰਨ ਕਾਰਨ ਲੱਖਾਂ ਭਾਰਤੀਆਂ ਨੂੰ ਛੱਡਣਾ ਪੈ ਸਕਦਾ ਹੈ ਦੇਸ਼

ਕੁਵੈਤ : ਕੁਵੈਤ ਵਿਚ ਪਰਵਾਸੀਆਂ ਬਾਰੇ ਜੋ ਕਾਨੂੰਨ ਬਣਾਇਆ ਜਾ ਰਿਹਾ ਹੈ, ਉਹ ਖਾੜੀ ਦੇਸ਼ ਵਿਚ ਵਸਦੇ ਭਾਰਤੀਆਂ ਦੇ ਮਨਾਂ ਵਿਚ 'ਫ਼ਿਕਰਾਂ' ਨੂੰ ਮੁੜ ਤੋਂ ਉਭਾਰ ਰਿਹਾ ਹੈ। ਅਜਿਹੀਆਂ ਫ਼ਿਕਰਾਂ ਪਹਿਲਾਂ ਵੀ ਭਾਰਤੀਆਂ ਨੂੰ ਪ੍ਰੇਸ਼ਾਨ ਕਰ ਚੁੱਕੀਆਂ ਹਨ ਜਦੋਂ ਸੈਂਕੜੇ ਭਾਰਤੀ ਇੰਜੀਨੀਅਰ ਦੋ ਸਾਲ ਪਹਿਲਾਂ ਨਿਯਮਾਂ ਵਿਚ ਤਬਦੀਲੀ ਕਾਰਨ ਆਪਣੀ ਨੌਕਰੀ ਤੋਂ ਹੱਥ ਧੋ ਬੈਠੇ ਸਨ। ਅੰਗਰੇਜ਼ੀ ਅਖ਼ਬਾਰ 'ਅਰਬ ਨਿਊਜ਼' ਦੇ ਅਨੁਸਾਰ, ਕੁਵੈਤ ਦੀ ਨੈਸ਼ਨਲ ਅਸੈਂਬਲੀ ਦੀ ਕਾਨੂੰਨੀ ਸਮਿਤੀ ਨੇ ਪਰਵਾਸੀਆਂ 'ਤੇ ਤਿਆਰ ਕੀਤੇ ਜਾ ਰਹੇ ਬਿਲ ਦੀ ਤਜਵੀਜ਼ ਨੂੰ ਜਾਇਜ਼ ਮੰਨਿਆ ਹੈ। ਖ਼ਬਰਾਂ ਅਨੁਸਾਰ ਇਹ ਮਤਾ ਪ੍ਰਵਾਨਗੀ ਲਈ ਦੂਜੀਆਂ ਕਮੇਟੀਆਂ ਨੂੰ ਭੇਜਿਆ ਜਾ ਰਿਹਾ ਹੈ। ਇਸ ਕਾਨੂੰਨ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ ਕੁਵੈਤ ਵਿੱਚ ਰਹਿੰਦੇ ਭਾਰਤੀਆਂ ਦੀ ਗਿਣਤੀ ਦੇਸ਼ ਦੀ ਕੁਲ ਆਬਾਦੀ ਦੇ 15 ਫੀਸਦ ਤੱਕ ਸੀਮਿਤ ਹੋਣੀ ਚਾਹੀਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਉੱਥੇ ਰਹਿੰਦੇ ਤਕਰੀਬਨ 10 ਲੱਖ ਪਰਵਾਸੀ ਭਾਰਤੀਆਂ ਵਿਚੋਂ ਅੱਠ ਜਾਂ ਸਾਢੇ ਅੱਠ ਲੱਖ ਵਿਅਕਤੀਆਂ ਨੂੰ ਬਿੱਲ ਪਾਸ ਹੋਣ ਦੀ ਸਥਿਤੀ ਵਿਚ ਵਾਪਸ ਜਾਣਾ ਪੈ ਸਕਦਾ ਹੈ।

**ਕੁਵੈਤ ਵਿਚ ਜ਼ਿਆਦਾਤਰ ਪਰਵਾਸੀ ਭਾਰਤੀ**

ਸਾਊਦੀ ਅਰਬ ਦੇ ਉੱਤਰ ਅਤੇ ਇਰਾਕ ਦੇ ਦੱਖਣ ਵਿਚ ਸਥਿਤ ਇਸ ਛੋਟੇ ਦੇਸ਼ ਦੀ ਲਗਭਗ 45 ਲੱਖ ਦੀ ਕੁੱਲ ਆਬਾਦੀ ਵਿਚੋਂ ਮੂਲ ਕੁਵੈਤ ਦੀ ਅਬਾਦੀ ਸਿਰਫ ਤੇਰ੍ਹਾਂ-ਸਾਢੇ ਤੇਰ੍ਹਾਂ ਲੱਖ ਹੈ। ਇੱਥੇ ਮੌਜੂਦ ਇਜਿਪਟ, ਫਿਲੀਪੀਨਜ਼, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ ਅਤੇ ਹੋਰ ਦੇਸ਼ਾਂ ਦੇ ਪਰਵਾਸੀਆਂ ਵਿਚੋਂ ਜ਼ਿਆਦਾਤਰ ਭਾਰਤੀ ਹਨ। ਖ਼ਬਰਾਂ ਅਨੁਸਾਰ ਪ੍ਰਸਤਾਵਿਤ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ ਕੁਵੈਤ ਵਿੱਚ ਰਹਿਣ ਵਾਲੇ ਹੋਰ ਮੁਲਕਾਂ ਦੇ ਲੋਕਾਂ ਦੀ ਗਿਣਤੀ ਨੂੰ ਵੀ ਘੱਟ ਕੀਤਾ ਜਾਵੇ। ਇਹ ਕਿਹਾ ਜਾ ਰਿਹਾ ਹੈ ਕਿ ਪਰਵਾਸੀਆਂ ਦੀ ਗਿਣਤੀ ਮੌਜੂਦਾ ਪੱਧਰ ਤੋਂ ਘੱਟ ਕੇ ਕੁੱਲ ਆਬਾਦੀ ਦੇ 30 ਪ੍ਰਤੀਸ਼ਤ ਹੋ ਜਾਵੇਗੀ। ਕੁਵੈਤ ਦੀ ਰਾਸ਼ਟਰੀ ਕੰਪਨੀ ਵਿਚ ਕੰਮ ਕਰਨ ਵਾਲੇ ਨਸੀਰ ਮੁਹੰਮਦ (ਨਾਮ ਬਦਲਿਆ ਹੈ) ਨੂੰ ਇੰਜੀਨੀਅਰਿੰਗ ਦੀ ਡਿਗਰੀ ਹੋਣ ਦੇ ਬਾਵਜੂਦ "ਮਜਬੂਰੀ ਵਿਚ ਇਕ ਸੁਪਰਵਾਈਜ਼ਰ ਵਜੋਂ" ਕੰਮ ਕਰਨਾ ਪੈ ਰਿਹਾ ਹੈ। ਉਹ ਕਹਿੰਦੇ ਹਨ, "ਇੱਥੇ ਰਹਿੰਦੇ ਭਾਰਤੀ ਲੋਕ ਸੋਚ ਰਹੇ ਹਨ ਕਿ ਜੇ ਬਿੱਲ ਕਾਨੂੰਨ ਬਣ ਗਿਆ ਤਾਂ ਕੀ ਹੋਵੇਗਾ ?"

**ਭਾਰਤ ਨੇ ਪਹਿਲਾਂ ਵੀ ਮੁੱਦਾ ਚੁੱਕਿਆ ਸੀ**

ਨਾਸਿਰ ਮੁਹੰਮਦ ਅਜੇ ਵੀ ਆਪਣੇ ਆਪ ਨੂੰ ਖੁਸ਼ਕਿਸਮਤ ਮੰਨਦੇ ਹਨ ਕਿ ਉਨ੍ਹਾਂ ਨੂੰ ਪੁਰਾਣੀ ਕੰਪਨੀ ਦੀ ਬਜਾਏ ਨਵੀਂ ਕੰਪਨੀ ਵਿੱਚ ਨੌਕਰੀ ਮਿਲੀ। ਨਾਸਿਰ ਮੁਹੰਮਦ ਫਿਰ ਵੀ ਖੁਦ ਨੂੰ ਖੁਸ਼ਕਿਸਮਤ ਮੰਨਦੇ ਹਨ ਕਿ ਉਨ੍ਹਾਂ ਨੂੰ ਪੁਰਾਣੀ ਕੰਪਨੀ ਦੀ ਥਾਂ ਨਵੀਂ ਕੰਪਨੀ ਵਿੱਚ ਕੰਮ ਮਿਲ ਗਿਆ ਸੀ। 2018 ਵਿੱਚ ਆਏ ਨਵੇਂ ਨਿਯਮਾਂ ਦੇ ਦਾਇਰੇ ਤੋਂ ਬਾਹਰ ਜਾਣ ਕਾਰਨ ਆਈਆਈਟੀ ਤੇ ਬਿਟਸ ਪਲਾਨੀ ਤੋਂ ਪਾਸ ਹੋਏ ਇੰਜੀਨੀਅਰਾਂ ਤੱਕ ਦੀ ਨੌਕਰੀ ਚਲੀ ਗਈ ਸੀ। ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਵੀ ਇੰਜੀਨੀਅਰਾਂ ਦਾ ਮਾਮਲਾ ਕੁਵੈਤ ਦੀ ਸਰਕਾਰ ਕੋਲ ਚੁੱਕਿਆ ਸੀ ਪਰ ਕੋਈ ਹੱਲ ਨਹੀਂ ਮਿਲ ਸਕਿਆ ਸੀ। ਨਾਸਿਰ ਮੁਹੰਮਦ ਦਾ ਕਹਿਣਾ ਹੈ, "ਸਥਿਤੀ ਇਹ ਹੈ ਕਿ ਬਹੁਤ ਸਾਰੇ ਭਾਰਤੀਆਂ ਨੇ, ਜਿਨ੍ਹਾਂ ਨੇ ਇੰਜੀਨੀਅਰਿੰਗ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹਨ, ਕੁਵੈਤ ਵਿਚ ਸੁਪਰਵਾਈਜ਼ਰਾਂ, ਫੋਰਮੈਨਜ਼, ਆਦਿ ਦੀਆਂ ਤਨਖਾਹਾਂ ਅਤੇ ਡਿਊਟੀਆਂ 'ਤੇ ਕੰਮ ਕਰ ਰਹੇ ਹਨ, ਜਦਕਿ ਉਨ੍ਹਾਂ ਨੂੰ ਇੱਕ ਇੰਜੀਨੀਅਰ ਦੀ ਭੂਮਿਕਾ ਨਿਭਾਉਣੀ ਪੈਂਦੀ ਹੈ।"

**ਕੀ ਹੈ ਨਿਤਾਕਤ ਕਾਨੂੰਨ**

ਕੁਵੈਤ ਵਿਚ ਰਹਿਣ ਵਾਲੇ ਹੈਦਰਾਬਾਦ ਦੇ ਵਸਨੀਕ ਮੁਹੰਮਦ ਇਲਿਆਸ ਦਾ ਕਹਿਣਾ ਹੈ ਕਿ ਨਵੇਂ ਵਿਦੇਸ਼ੀ ਕਾਨੂੰਨ ਵਰਗੇ ਨਿਯਮ ਦੀ ਸੁਗਬੁਗਾਹਟ ਸਾਲ 2008 ਦੀ ਆਰਥਿਕ ਮੰਦੀ ਦੇ ਬਾਅਦ ਤੋਂ ਵਾਰ-ਵਾਰ ਹੁੰਦੀ ਰਹੀ ਹੈ ਅਤੇ ਸਾਲ 2016 ਵਿਚ ਹੋਰ ਤੇਜ਼ ਹੋ ਗਈ ਸੀ ਜਦੋਂ ਸਊਦੀ ਅਰਬ ਨੇ ਨਿਤਾਕਤ ਕਾਨੂੰਨ ਨੂੰ ਲਾਗੂ ਕੀਤਾ ਸੀ। . ਨਿਤਾਕਤ ਕਾਨੂੰਨ ਅਨੁਸਾਰ ਸਾਊਦੀ ਅਰਬ ਦੇ ਸਰਕਾਰੀ ਵਿਭਾਗਾਂ ਅਤੇ ਕੰਪਨੀਆਂ ਵਿੱਚ ਸਥਾਨਕ ਲੋਕਾਂ ਦੀ ਨੌਕਰੀ ਦੀ ਦਰ ਨੂੰ ਵਧਾਉਣਾ ਹੈ। ਪਿਛਲੇ ਸਾਲ, ਕੁਵੈਤ ਦੇ ਇੱਕ ਸੰਸਦ ਮੈਂਬਰ, ਖਾਲਿਦ ਅਲ-ਸਾਲੇਹ ਨੇ ਇੱਕ ਬਿਆਨ ਜਾਰੀ ਕਰਕੇ ਸਰਕਾਰ ਨੂੰ ਮੰਗ ਕੀਤੀ ਸੀ ਕਿ "ਪਰਵਾਸੀਆਂ ਦੇ ਤੂਫਾਨ ਨੂੰ ਰੋਕਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਨੌਕਰੀਆਂ ਅਤੇ ਸੇਵਾਵਾਂ ਉੱਤੇ ਕਬਜ਼ਾ ਬਣਾਇਆ ਹੋਇਆ ਹੈ।" ਦੂਜੀ ਸੰਸਦ ਮੈਂਬਰ, ਸਫਾ ਅਲ-ਹਾਸ਼ੇਮ, ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ "ਪਰਵਾਸੀਆਂ ਨੂੰ ਇਕ ਸਾਲ ਲਈ ਡ੍ਰਾਈਵਿੰਗ ਲਾਇਸੈਂਸ ਨਾ ਦੇਣ ਅਤੇ ਇਕ ਹੀ ਕਾਰ ਰੱਖਣ ਦੀ ਇਜਾਜ਼ਤ ਦੇਣ ਦਾ ਕਾਨੂੰਨ ਲਿਆਇਆ ਜਾਣਾ ਚਾਹੀਦਾ ਹੈ।" ਸਫਾ ਅਲ-ਹਾਸ਼ੇਮ ਦੇ ਇਸ ਬਿਆਨ ਦੀ ਕੁਝ ਹਲਕਿਆਂ ਵਿਚ ਨਿੰਦਾ ਵੀ ਕੀਤੀ ਗਈ ਸੀ।

**ਭਾਰਤੀਆਂ ਦੀ ਨਿਰਭਰਤਾ ਘਟਾਉਣ ਦੀ ਕੋਸ਼ਿਸ਼**

ਕੁਵੈਤ ਦੀ ਰਾਸ਼ਟਰੀ ਅਸੈਂਬਲੀ ਵਿੱਚ, 50 ਸੰਸਦ ਮੈਂਬਰ ਚੁਣੇ ਜਾਂਦੇ ਹਨ, ਹਾਲਾਂਕਿ ਇਹ ਮੰਨਿਆ ਜਾਂਦਾ ਹੈ ਕਿ ਅਮੀਰ ਹੀ ਉਥੇ ਫੈਸਲਾਕੁਨ ਭੂਮਿਕਾ ਵਿੱਚ ਹੁੰਦੇ ਹਨ। ਹਾਲ ਹੀ ਵਿਚ, ਜਦੋਂ ਨਵੇਂ ਕਾਨੂੰਨ ਦੀ ਗੱਲ ਹੋ ਰਹੀ ਹੈ, ਕੁਝ ਸਥਾਨਕ ਲੋਕ ਵੀ ਇਸ ਦੇ ਖਿਲਾਫ਼ ਬਿਆਨ ਦਿੰਦੇ ਵੇਖੇ ਗਏ ਹਨ। 19 ਵੀਂ ਸਦੀ ਦੇ ਅੰਤ ਤੋਂ ਲੈ ਕੇ 1961 ਤੱਕ, ਬ੍ਰਿਟੇਨ ਦੀ 'ਸੁਰੱਖਿਆ'ਅਧੀਨ ਕੁਵੈਤ ਵਿੱਚ ਰਹਿ ਰਹੇ ਭਾਰਤੀਆਂ ਦਾ ਜਾਣਾ ਲੰਬੇ ਸਮੇਂ ਤੋਂ ਸ਼ੁਰੂ ਹੋ ਗਿਆ ਸੀ। ਇਸ ਸਮੇਂ ਭਾਰਤੀ ਲਗਭਗ ਵਪਾਰ ਤੋਂ ਲੈ ਕੇ ਸਾਰੇ ਖੇਤਰਾਂ ਵਿਚ ਮੌਜੂਦ ਹਨ, ਕੁਵੈਤ ਦੇ ਘਰਾਂ ਵਿਚ ਡ੍ਰਾਈਵਰ, ਬਾਵਰਚੀ ਤੋਂ ਲੈ ਕੇ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਸਾਢੇ ਤਿੰਨ ਲੱਖ ਦੱਸੀ ਜਾਂਦੀ ਹੈ। ਲੋਕਾਂ ਦਾ ਮੰਨਣਾ ਹੈ ਕਿ ਜਲਦੀ ਨਾਲ ਦੂਸਰੇ ਲੋਕਾਂ ਨਾਲ ਉਨ੍ਹਾਂ ਦੀ ਜਗ੍ਹਾ ਭਰਨਾ ਸੌਖਾ ਨਹੀਂ ਹੋਵੇਗਾ। ਗੀਵਨ ਡੀਸੂਜ਼ਾ ਦਾ ਪਰਿਵਾਰ 1950 ਵਿਚ ਭਾਰਤ ਤੋਂ ਕੁਵੈਤ ਚਲਾ ਗਿਆ ਸੀ ਅਤੇ ਉਨ੍ਹਾਂ ਦਾ ਜਨਮ ਵੀ ਉੱਥੇ ਹੀ ਹੋਇਆ ਸੀ। ਗੀਵਨ ਡੀਸੂਜ਼ਾ ਸਥਾਨਕ ਅੰਗਰੇਜ਼ੀ ਅਖਬਾਰ ਟਾਈਮਜ਼ ਕੁਵੈਤ ਦੇ ਸੰਪਾਦਕ ਹਨ। ਬੀਬੀਸੀ ਨਾਲ ਗੱਲਬਾਤ ਦੌਰਾਨ, ਉਹ ਕਹਿੰਦੇ ਹਨ, "ਪਰਵਾਸੀਆਂ ਬਾਰੇ ਬਿੱਲ ਨੂੰ ਹੁਣੇ ਮਹਿਜ਼ ਕਾਨੂੰਨੀ ਕਮੇਟੀ ਨੇ ਸੰਵਿਧਾਨ ਦੇ ਸਹੀ ਮੰਨ ਲਿਆ ਹੈ। ਫਿਰ ਵੀ ਇਸ ਨੂੰ ਮਨੁੱਖੀ ਸਰੋਤ ਕਮੇਟੀ ਅਤੇ ਕਈ ਹੋਰ ਕਮੇਟੀਆਂ ਵਿੱਚੋਂ ਲੰਘਣਾ ਪਏਗਾ। ਉਦੋਂ ਹੀ ਇਸ ਨੂੰ ਬਿੱਲ ਦੇ ਰੂਪ ਵਿੱਚ ਪਾਸ ਕੀਤਾ ਜਾਵੇਗਾ। ਇਸ ਤੋਂ ਬਾਅਦ ਹੀ ਇਹ ਕਾਨੂੰਨ ਬਣ ਸਕੇਗਾ।" ਗੀਵਨ ਡੀਸੂਜਾ ਇਸ ਨੂੰ ਇੱਕ ਹੋਰ ਨਜ਼ਰੀਏ ਤੋਂ ਵੀ ਵੇਖਦੇ ਹਨ। ਉਹ ਕਹਿੰਦੇ ਹਨ ਕਿ ਕੋਵਿਡ -19 ਤੋਂ ਉਪਜੇ ਸੰਕਟ ਅਤੇ ਭਾਰਤ ਸਰਕਾਰ ਵਲੋਂ ਉੱਥੇ ਰਹਿ ਰਹੇ ਨਜਾਇਜ਼ ਲੋਕਾਂ ਨੂੰ ਵਾਪਸ ਲੈਣ ਦੀ ਸਥਾਨਕ ਸਰਕਾਰ ਦੀ ਮੰਗ ਨੂੰ ਨਜ਼ਰਅੰਦਾਜ਼ ਕਰਦਿਆਂ, ਕੁਵੈਤ ਸਰਕਾਰ ਦੇ ਕੁਝ ਹਲਕਿਆਂ ਵਿੱਚ ਨਰਾਜ਼ਗੀ ਹੈ ਅਤੇ ਹੁਣ ਉਹ ਕਿਸੀ ਇਕ ਦੇਸ਼ ਦੇ ਕੰਮ ਕਰਨ ਵਾਲੇ ਲੋਕਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ।

# ਸ਼ੇਖ਼ੂਪੁਰਾ ਟਰੇਨ ਹਾਦਸਾ: 'ਤਿੰਨ ਸਿੱਖ ਪਰਿਵਾਰਾਂ ਦੇ ਬੱਚਿਆਂ ਦੇ ਸਿਰਾਂ ਤੋਂ ਮਾਪਿਆਂ ਦਾ ਹੱਥ ਚੁੱਕਿਆ ਗਿਆ





## ਪੰਜ ਰਿਸ਼ਤੇਦਾਰਾਂ ਦੀ ਮੌਤ

ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਲਾਹੌਰ ਤੋਂ ਵਾਪਸੀ ਵੇਲੇ ਦੱਸਿਆ ਸੀ ਕਿ ਉਹ ਗੱਡੀ ਵਿੱਚ ਸਵਾਰ ਹੋ ਚੁੱਕੇ ਹਨ ਤੇ ਪੇਸ਼ਾਵਰ ਲਈ ਨਿਕਲ ਚੁੱਕੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਉਹ ਰਾਹ ਵਿੱਚ ਪੈਂਦੇ ਗੁਰਦੁਆਰੇ ਵੀ ਜਾਣਗੇ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜਦੋਂ ਉਹ ਪੇਸ਼ਾਵਾਰ ਤੋਂ ਰਵਾਨਾ ਹੋ ਰਹੇ ਸਨ ਉਸ ਵੇਲੇ ਉਨ੍ਹਾਂ ਦਾ ਇਰਾਦਾ ਸੀ ਕਿ ਲਾਹੌਰ ਵਿੱਚ ਸਹਿਜ ਪਾਠ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਗੁਰਦੁਆਰੇ ਜਾਣਗੇ ਪਰ ਰਾਹ ਵਿੱਚ ਪ੍ਰੋਗਰਾਮ ਬਦਲ ਗਿਆ ਤੇ ਉਹ ਸਿੱਧੇ ਲਾਹੌਰ ਚਲੇ ਗਏ। ਉਨ੍ਹਾਂ ਦੇ ਪਿਤਾ ਦੀ ਕਰਿਆਨ ਦੀ ਦੁਕਾਨ ਸੀ ਤੇ ਦੋਵੇਂ ਚਾਚਾ ਦੀ ਦਵਾਈਆਂ ਦੀ ਦੁਕਾਨ ਸੀ। ਇਨ੍ਹਾਂ ਦੁਕਾਨਾਂ ਨਾਲ ਤਿੰਨੋਂ ਪਰਿਵਾਰ ਦਾ ਖਰਚ ਚਲਦਾ ਸੀ। ਗੁਰਮੀਤ ਦੀ ਪੇਸ਼ਾਵਰ ਦੇ ਸਦਰ ਇਲਾਕੇ ਵਿੱਚ ਕੌਸਮੈਟਿਕ ਦੀ ਦੁਕਾਨ ਹੈ ਜਦਕਿ ਬਾਕੀ ਦੋਵੇਂ ਚਾਚਾ ਦੇ ਪੁੱਤਰ ਬੇਰੁਜ਼ਗਾਰ ਹਨ। ਗੁਰਮੀਤ ਸਿੰਘ ਨੇ ਦੱਸਿਆ ਕਿ ਦੁਪਹਿਰ ਵੇਲੇ ਇੱਕ ਦੋਸਤ ਨੇ ਉਨ੍ਹਾਂ ਤੋਂ ਉਨ੍ਹਾਂ ਦੇ ਪਿਤਾ ਦਾ ਫੋਨ ਨੰਬਰ ਮੰਗਿਆ ਸੀ। ਉਨ੍ਹਾਂ ਨੇ ਬਿਨਾਂ ਕੋਈ ਸਵਾਲ ਪੁੱਛੇ ਉਨ੍ਹਾਂ ਨੂੰ ਨੰਬਰ ਦੇ ਦਿੱਤਾ ਸੀ। ਥੋੜ੍ਹੀ ਹੀ ਦੇਰ ਬਾਅਦ ਦੋਸਤ ਨੇ ਫੋਨ ਕਰਕੇ ਸੂਚਨਾ ਦਿੱਤੀ ਕਿ ਲਾਹੌਰ ਦੇ ਨੇੜੇ ਕੋਈ ਹਾਦਸਾ ਹੋਇਆ ਹੈ। ਇਸ ਤੋਂ ਬਾਅਦ ਗੁਰਮੀਤ ਫੌਰਨ ਦੁਕਾਨ ਬੰਦ ਕਰਕੇ ਮੁਹੱਲਾ ਜੋਗਨ ਸਿੰਘ ਪਹੁੰਚੇ ਜਿੱਥੇ ਕੁਝ ਲੋਕ ਇਕੱਠੇ ਸਨ। ਗੁਰਮੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਘਰ ਪਹੁੰਚੇ ਤਾਂ ਉਨ੍ਹਾਂ ਦੇ ਭਰਾ ਨੇ ਟੀਵੀ 'ਤੇ ਨਿਊਜ਼ ਚੈਨਲ ਲਗਾਏ ਜਿਸ ਨਾਲ ਉਨ੍ਹਾਂ ਨੂੰ ਘਟਨਾ ਦੇ ਬਾਰੇ ਵਿੱਚ ਪਤਾ ਲਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਖ਼ਬਰ ਸੁਣ ਕੇ ਉਨ੍ਹਾਂ ਨੂੰ ਅਜਿਹਾ ਲਗਿਆ ਜਿਵੇਂ ਉਨ੍ਹਾਂ ਦਾ ਸਭ ਕੁਝ ਤਬਾਹ ਹੋ ਗਿਆ ਹੋਵੇ। ਉਨ੍ਹਾਂ ਨੇ ਦੱਸਿਆ ਕਿ ਉਹ ਲਾਹੌਰ ਜਾਣ ਲਈ ਨਿਕਲੇ ਤਾਂ ਸਰਕਾਰ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਸਾਰੀਆਂ ਦੇਹਾਂ ਫੌਜ ਦੇ ਸੀ-130 ਜ਼ਰੀਏ ਪੇਸ਼ਾਵਰ ਪਹੁੰਚਾਏ ਜਾ ਰਹੇ ਹਨ। ਗੁਰਮੀਤ ਨੇ ਦੱਸਿਆ ਕਿ ਰਾਤ ਦੇ ਕਰੀਬ 3 ਵਜੇ ਲਾਸ਼ਾਂ ਲਾਹੌਰ ਪਹੁੰਚੀਆਂ ਤਾਂ ਉਨ੍ਹਾਂ ਕੋਲ ਆਪਣੇ ਦੁਖ ਨੂੰ ਬਿਆਨ ਕਰਨ ਲਈ ਲਫ਼ਜ਼ ਹੀ ਨਹੀਂ ਸਨ।

ਬੀਤੇ ਸ਼ੁੱਕਰਵਾਰ ਨੂੰ ਪੰਜਾਬ ਦੇ ਸ਼ੇਖ਼ੂਪੁਰਾ ਜ਼ਿਲ੍ਹੇ ਕੋਲ ਇੱਕ ਟਰੇਨ ਤੇ ਬੱਸ ਵਿਚਾਲੇ ਹੋਈ ਟੱਕਰ ਵਿੱਚ ਕਰੀਬ 22 ਲੋਕਾਂ ਦੀ ਮੌਤ ਹੋਈ ਸੀ।ਇਸ ਹਾਦਸੇ ਵਿੱਚ ਪੇਸ਼ਾਵਾਰ ਦੇ 19 ਸਿੱਖਾਂ ਦੀ ਮੌਤ ਹੋਈ ਸੀ। ਹਾਦਸੇ ਵਿੱਚ ਮਰਨ ਵਾਲਿਆਂ ਵਿੱਚ ਇੱਕ ਬੱਚੀ ਲਾਹੌਰ ਦੀ ਰਹਿਣ ਵਾਲੀ ਸੀ ਜੋ ਪੇਸ਼ਾਵਾਰ ਆ ਰਹੀ ਸੀ।ਬੱਚੀ ਦੀ ਮ੍ਰਿਤਕ ਦੇਹ ਨੂੰ ਲਾਹੌਰ ਲਿਜਾਇਆ ਗਿਆ। ਇਸ ਤੋਂ ਇਲਾਵਾ ਡਰਾਈਵਰ ਤੇ ਕੰਡਕਟਰ ਮਰਦਾਨ ਦੇ ਰਹਿਣ ਵਾਲੇ ਸਨ।ਇਸ ਹਾਦਸੇ ਵਿੱਚ ਕੁੱਲ 22 ਲੋਕਾਂ ਦੀ ਮੌਤ ਹੋਈ ਜਦਕਿ 5 ਲੋਕ ਜ਼ਖਮੀ ਹੋਏ ਹਨ।ਮ੍ਰਿਤਕ ਕਾਕਾ ਸਿੰਘ ਦੇ ਪੁੱਤਰ ਗੁਰਮੀਤ ਸਿੰਘ ਨੇ ਦੱਸਿਆ ਕਿ ਹਾਦਸੇ ਤੋਂ ਪਹਿਲਾਂ ਹੀ ਉਨ੍ਹਾਂ ਦੀ ਆਪਣੇ ਪਿਤਾ ਨਾਲ ਫੋਨ 'ਤੇ ਗੱਲਬਾਤ ਹੋਈ ਸੀ। ਡੇਢ ਘੰਟੇ ਮਗਰੋਂ ਜਦੋਂ ਉਨ੍ਹਾਂ ਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਅਜਿਹਾ ਲਗਿਆ ਜਿਵੇਂ ਉਨ੍ਹਾਂ 'ਤੇ ਅਸਮਾਨ ਤੋਂ ਬਿਜਲੀ ਟੁੱਟ ਕੇ ਡਿੱਗੀ ਹੋਵੇ। ਉਨ੍ਹਾਂ ਨੇ ਦੱਸਿਆ ਕਿ ਹੁਣ ਉਨ੍ਹਾਂ ਦੇ ਖ਼ਾਨਦਾਨ ਦੇ ਤਿੰਨ ਪਰਿਵਾਰਾਂ ਦੇ ਸਿਰੋਂ ਮਾਪਿਆਂ ਦਾ ਹੱਥ ਉੱਠ ਗਿਆ ਹੈ। ਕੇਵਲ ਉਨ੍ਹਾਂ ਦੇ ਬੱਚੇ ਹੀ ਰਹਿ ਗਏ ਹਨ ਅਤੇ ਉਨ੍ਹਾਂ ਨੂੰ ਨਹੀਂ ਪਤਾ ਕਿ ਅੱਗੇ ਹੁਣ ਉਹ ਕੀ ਕਰਨਗੇ।

ਪੇਸ਼ਾਵਰ ਤੋਂ ਸਿੱਖ ਭਾਈਚਾਰੇ ਦੇ 22 ਲੋਕ ਸਰਦਾਰ ਰਘੁਵੀਰ ਸਿੰਘ ਦੇ ਦੇਹਾਂਤ ਮੌਕੇ ਰੱਖੇ ਸਹਿਜ ਪਾਠ ਵਿਚ ਸ਼ਾਮਿਲ ਹੋਣ ਲਈ ਲਾਹੌਰ ਗਏ ਸਨ। ਸ਼ੁੱਕਰਵਾਰ ਨੂੰ ਜਦੋਂ ਉਹ ਵਾਪਸ ਆ ਰਹੇ ਸਨ, ਉਸ ਵੇਲੇ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ। ਸਿੱਖ ਭਾਈਚਾਰੇ ਦੇ ਮੁਖੀ ਬਾਬਾ ਗੁਰਪਾਲ ਸਿੰਘ ਨੇ ਬੀਬੀਸੀ ਨੂੰ ਦੱਸਿਆ ਕਿ ਵੀਰਵਾਰ ਦੀ ਸਵੇਰ 13 ਪਰਿਵਾਰਾਂ ਦੇ 22 ਲੋਕਾਂ ਇੱਕ ਬੱਸ ਵਿੱਚ ਰਵਾਨਾ ਹੋਏ ਸਨ।ਹਰ ਪਰਿਵਾਰ ਤੋਂ ਦੋ-ਤਿੰਨ ਲੋਕ ਸਿੱਖ ਭਾਈਚਾਰੇ ਦੀ ਮੁੱਖ ਹਸਤੀ ਰਹੇ ਸਰਦਾਰ ਰਘੁਵੀਰ ਸਿੰਘ ਦੇ ਦੇਹਾਂਤ ਮੌਕੇ ਰੱਖੇ ਸਹਿਜ ਪਾਠ ਵਿੱਚ ਹਿੱਸਾ ਲੈਣ ਗਏ ਸਨ।ਰਘੁਵੀਰ ਸਿੰਘ ਪਿਛਲੇ ਮਹੀਨੇ ਕੋਰੋਨਾ ਦੀ ਚਪੇਟ ਵਿੱਚ ਆ ਗਏ ਸਨ ਜਿਸ ਤੋਂ ਬਾਅਦ ਉਨ੍ਹਾਂ ਦੀ ਹਾਲਾਤ ਵਿੱਚ ਸੁਧਾਰ ਨਹੀਂ ਹੋ ਸਕਿਆ ਸੀ।ਸਿੱਖ ਭਾਈਚਾਰੇ ਦੇ ਮੈਂਬਰ ਗੋਪਾਲ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਸਰਦਾਰ ਰਘੁਵੀਰ ਸਿੰਘ ਦੇ ਘਰ ਤੋਂ ਪੇਸ਼ਾਵਰ ਵਿੱਚ ਸੂਚਨਾ ਦਿੱਤੀ ਗਈ ਸੀ ਕਿ ਸਹਿਜ ਪਾਠ ਰੱਖਿਆ ਜਾ ਰਿਹਾ ਹੈ।

ਜੋ ਵੀ ਇਸ ਪਾਠ ਵਿੱਚ ਹਿੱਸਾ ਲੈਣਾ ਚਾਹੁੰਦਾ ਹੈ, ਉਹ ਆ ਸਕਦਾ ਹੈ ਕਿਉਂਕਿ ਪਹਿਲਾਂ ਕੋਰੋਨਾ ਕਾਰਨ ਕੋਈ ਜਾ ਨਹੀਂ ਸਕਦਾ ਸੀ।ਉਨ੍ਹਾਂ ਨੇ ਦੱਸਿਆ ਕਿ ਪੇਸ਼ਾਵਰ ਵਿੱਚ ਸਿੱਖ ਪਸ਼ਤੋ ਰਵਾਇਤ ਉੱਤੇ ਪੂਰੇ ਤਰੀਕੇ ਨਾਲ ਅਮਲ ਕਰਦੇ ਹੋਏ ਕਿਸੇ ਦੇ ਦੇਹਾਂਤ ਜਾਂ ਖੁਸ਼ੀ ਮੌਕੇ ਸ਼ਾਮਲ ਜ਼ਰੂਰ ਹੁੰਦੇ ਹਨ।

**ਮੁਹੱਲਾ ਜੋਗਨ ਸਿੰਘ ਵਿੱਚ ਕੀ ਹੋਇਆ ?**

ਪੇਸ਼ਾਵਰ ਦੇ ਇਲਾਕੇ ਵਿੱਚ ਸਿੱਖਾਂ ਦੀ ਕਾਫੀ ਅਬਾਦੀ ਹੈ ਜਿੱਥੇ ਇਹ ਸਾਰੀਆਂ ਲਾਸ਼ਾਂ ਪਹੁੰਚਾਈਆਂ ਗਈਆਂ ਸਨ। ਸਿੱਖ ਭਾਈਚਾਰੇ ਦੇ ਲੋਕਾਂ ਨੇ ਦੱਸਿਆ ਕਿ ਮੁਸ਼ਕਿਲ ਘੜੀ ਵਿੱਚ ਆਲੇ-ਦੁਆਲੇ ਦੇ ਸਾਰੇ ਲੋਕਾਂ ਦੀ ਬਹੁਤ ਮਦਦ ਕੀਤੀ। ਸਿੱਖ ਭਾਈਚਾਰੇ ਦੇ ਮੁਖੀ ਬਾਬਾ ਗੁਰਪਾਲ ਸਿੰਘ ਨੇ ਬੀਬੀਸੀ ਨੂੰ ਦੱਸਿਆ ਕਿ ਇਹ ਘਟਨਾ ਉਨ੍ਹਾਂ ਲਈ ਕਾਫੀ ਨੁਕਸਾਨ ਪਹੁੰਚਾਉਣ ਵਾਲੀ ਹੈ। ਪਰ ਕੁਝ ਲੋਕਾਂ, ਪ੍ਰਸ਼ਾਸਨ ਤੇ ਪੁਲਿਸ ਨੇ ਉਨ੍ਹਾਂ ਦੀ ਬਹੁਤ ਮਦਦ ਕੀਤੀ। ਇਲਾਕੇ ਵਿੱਚ ਸੁਰੱਖਿਆ ਤੋਂ ਲੈ ਕੇ ਨੌਸ਼ਹਿਰਾ ਦੇ ਕਰੀਬ ਸ਼ਮਸ਼ਾਨ ਘਾਟ ਤੱਕ ਜੋ ਵੀ ਇੰਤਜ਼ਾਮ ਕੀਤੇ ਗਏ ਉਹ ਦੁਰੁਸਤ ਸਨ ਤੇ ਉਹ ਉਸ ਨਾਲ ਬਹੁਤ ਸੰਤੁਸ਼ਟ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਾਰੇ ਸਿਆਸੀ ਦਲਾਂ ਦੇ ਸਾਰੇ ਵੱਡੇ ਆਗੂਆਂ ਨੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ। ਇਲਾਕੇ ਵਿੱਚ ਮਸਜਿਦਾਂ ਦੇ ਮੁਖੀ ਵੀ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨੂੰ ਮਦਦ ਦਾ ਭਰੋਸਾ ਦਿੱਤਾ। ਇਸ ਗੱਲ ਦੀ ਵੀ ਤਸੱਲੀ ਦਿੱਤੀ ਕਿ ਜੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਉਹ ਪੂਰੀ ਮਦਦ ਕਰਨਗੇ। ਗੁਰਪਾਲ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿੱਚ ਉਨ੍ਹਾਂ ਦੇ ਬਹੁਤ ਚੰਗੇ ਸਾਥੀਆਂ ਦੀ ਮੌਤ ਹੋ ਗਈ ਹੈ। ਉਨ੍ਹਾਂ ਵਿੱਚ ਗੁਰਦੁਆਰੇ ਦੇ ਸੇਵਾਦਾਰ ਬਲਬੀਰ ਸਿੰਘ ਤੇ ਉਨ੍ਹਾਂ ਦੇ ਸਾਥੀ ਰਵਿੰਦਰ ਸਿੰਘ ਇੱਕ ਧਾਰਮਿਕ ਸਕੂਲ ਦੇ ਟੀਚਰ ਸਨ ਜੋ ਹੁਣ ਵੀ ਉਨ੍ਹਾਂ ਦੇ ਵਿਚਾਲੇ ਨਹੀਂ ਰਹੇ ਅਤੇ ਉਨ੍ਹਾਂ ਦੀ ਕਮੀ ਹਮੇਸ਼ਾ ਮਹਿਸੂਸ ਹੋਵੇਗੀ।

# ਗੋਰਿਆਂ ਨਾਲੋਂ ਭਾਰਤੀ ਵਧੇਰੇ ਨਸਲਵਾਦੀ ਹਨ : ਅਰੁੰਧਤੀ



**ਸਵਾਲ: ਅਸੀਂ ਅਮਰੀਕਾ ਵਿਚ ਚੱਲ ਰਹੇ ਅੰਦੋਲਨ ਦੀ ਹਮਾਇਤ ਕਿਸ ਤਰ੍ਹਾਂ ਕਰੀਏ ਅਤੇ ਭਾਰਤ ਵਿਚ ਵਿਰੋਧ ਕਰ ਰਹੇ ਲੋਕਾਂ ਨਾਲ ਕਿਵੇਂ ਇਕਮੁੱਠਤਾ ਦਿਖਾਈਏ ?**

ਜਵਾਬ: ਮੇਰੇ ਖਿਆਲ 'ਚ ਤੁਹਾਡੀ ਮੁਰਾਦ ਗੋਰੇ ਅਮਰੀਕਨ ਪੁਲਿਸ ਵਾਲੇ ਵਲੋਂ ਅਫਰੀਕੀ ਅਮਰੀਕਨਾਂ ਦੇ ਕਤਲਾਂ ਦੀ ਲੰਮੀ ਲੜੀ ਵਿਚ ਜੌਰਜ ਫਲਾਇਡ ਦੇ ਕਤਲ ਤੋਂ ਬਾਅਦ ਭੜਕੇ ਵਿਰੋਧ ਪ੍ਰਦਰਸ਼ਨਾਂ ਤੋਂ ਹੈ। ਇਸ ਅੰਦੋਲਨ ਦੀ ਹਮਾਇਤ ਦਾ ਸਭ ਤੋਂ ਵਧੀਆ ਤਰੀਕਾ ਸਭ ਤੋਂ ਪਹਿਲਾਂ ਇਹ ਸਮਝਣਾ ਹੈ ਕਿ ਇਸ ਦੀ ਜੜ੍ਹ ਕੀ ਹੈ ? ਗੁਲਾਮੀ ਦਾ ਇਤਿਹਾਸ, ਨਸਲਵਾਦ, ਨਾਗਰਿਕ ਹੱਕਾਂ ਦੀ ਲਹਿਰ ਇਨ੍ਹਾਂ ਸਭ ਦੀਆਂ ਕਾਮਯਾਬੀਆਂ ਅਤੇ ਨਾਕਾਮੀਆਂ ਦੀਆਂ ਜੜ੍ਹਾਂ ਕਿਥੇ ਹਨ ? ਬਾਰੀਕੀ ਨਾਲ ਘੋਖਣਾ ਜ਼ਰੂਰੀ ਹੈ ਕਿ ਉਤਰੀ ਅਮਰੀਕਾ ਵਿਚ ਅਫਰੀਕੀ ਅਮਰੀਕਨਾਂ ਨੂੰ ਔਲੋਕਤੰਤਰ' ਦੇ ਢਾਂਚੇ ਅੰਦਰ ਆਖਰ ਐਨੀ ਕਰੂਰਤਾ, ਜੇਲ੍ਹਾਂ ਵਿਚ ਸੜਨ ਅਤੇ ਸਮਾਜ 'ਚੋਂ ਛੇਕੇ ਜਾਣ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ ? ਇਸ ਤੋਂ ਪਹਿਲਾਂ ਇਹ ਵੀ ਸਮਝਣਾ ਪਵੇਗਾ ਕਿ ਅਮਰੀਕਾ ਵਿਚ ਭਾਰਤੀ ਭਾਈਚਾਰੇ ਦੇ ਜ਼ਿਆਦਾਤਰ ਲੋਕਾਂ ਦੀ ਇਸ ਵਿਚ ਕੀ ਭੂਮਿਕਾ ਹੈ ? ਭਾਰਤੀ ਭਾਈਚਾਰਾ ਰਵਾਇਤੀ ਤੌਰ 'ਤੇ ਕਿਸ ਦੇ ਨਾਲ ਖੜ੍ਹਦਾ ਰਿਹਾ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਸਾਨੂੰ ਆਪਣੇ ਸਮਾਜ ਬਾਰੇ ਬਹੁਤ ਕੁਝ ਦੱਸਣਗੇ। ਵੱਖ-ਵੱਖ ਸੰਸਕ੍ਰਿਤੀਆਂ ਅਤੇ ਭਾਈਚਾਰਿਆਂ ਦੇ ਸਮੂਹਿਕ ਰੋਹ ਅਤੇ ਮੁਜ਼ਾਹਰਿਆਂ ਦੀ ਹਮਾਇਤ ਅਸੀਂ ਫਿਰ ਹੀ ਕਰ ਸਕਦੇ ਹਾਂ, ਜੇ ਅਸੀਂ ਥੋੜ੍ਹਾ ਇਮਾਨਦਾਰੀ ਨਾਲ ਆਪਣੀਆਂ ਕਦਰਾਂ-ਕੀਮਤਾਂ ਅਤੇ ਕੰਮਾਂ ਦੀ ਪੜਚੋਲ ਕਰਾਂਗੇ। ਅਸੀਂ ਖੁਦ ਅਜਿਹੇ ਬਿਮਾਰ ਸਮਾਜ ਵਿਚ ਰਹਿੰਦੇ ਹਾਂ ਜਿਸ ਵਿਚ ਭਾਈਚਾਰੇ ਅਤੇ ਇਕਮੁੱਠਤਾ ਦੀਆਂ ਭਾਵਨਾਵਾਂ ਦੇ ਲਈ ਕੋਈ ਥਾਂ ਨਹੀਂ ਹੈ।

**ਸਵਾਲ: ਕੀ ਅਮਰੀਕਾ ਦੇ ਔਕੂ ਕਲਕਸ ਕਲਾਨ' (ਕੇ.ਕੇ.ਕੇ.) ਅਤੇ ਭਾਰਤ ਦੇ ਔਗਊ ਰੱਖਿਅਕ ਹਿੰਦੂਆਂ' ਦੀ ਵਿਚਾਰਧਾਰਾ ਅਤੇ ਅਮਲਾਂ ਵਿਚ ਕੋਈ ਸਮਾਨਤਾਵਾਂ ਹਨ ?**

ਜਵਾਬ: ਨਿਸ਼ਚੇ ਹੀ ਇਨ੍ਹਾਂ 'ਚ ਸਮਾਨਤਾਵਾਂ ਹਨ। ਫਰਕ ਏਨਾ ਕੁ ਹੈ ਕਿ ਔਕੂ ਕਲਕਸ ਕਲਾਨ' ਜਦ ਕਤਲ ਕਰਦਾ ਸੀ ਤਾਂ ਉਸ ਦੀ ਸ਼ੈਲੀ ਥੋੜ੍ਹੀ ਵੱਖਰੀ ਸੀ। ਆਰ.ਐਸ਼ਐਸ਼ ਵਾਂਗ, ਇਕ ਜ਼ਮਾਨੇ 'ਚ ਕੇ.ਕੇ.ਕੇ. ਅਮਰੀਕਾ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਜਥੇਬੰਦੀਆਂ ਵਿਚੋਂ ਇਕ ਰਿਹਾ ਹੈ। ਇਸ ਦੇ ਮੈਂਬਰ ਪੁਲਿਸ ਅਤੇ ਨਿਆਂਪਾਲਿਕਾ ਸਮੇਤ ਤਮਾਮ ਪਬਲਿਕ ਸੰਸਥਾਵਾਂ ਵਿਚ ਵੜ ਗਏ ਸਨ। ਕੇ.ਕੇ.ਕੇ. ਵਲੋਂ ਕੀਤੇ ਕਤਲ ਮਹਿਜ਼ ਕਤਲ ਨਹੀਂ ਸਨ ਉਹ ਇਕ ਤਰ੍ਹਾਂ ਨਾਲ ਦਸਤੂਰ ਦੀ ਨੁਮਾਇਸ਼ ਸਨ ਜੋ ਦਹਿਸ਼ਤ ਪਾਉਣ ਅਤੇ ਸਬਕ ਸਿਖਾਉਣ ਦੇ ਇਰਾਦੇ ਨਾਲ ਕੀਤੇ ਜਾਂਦੇ ਸਨ। ਔਕੇ.ਕੇ.ਕੇ.' ਵੱਲੋਂ ਸਿਆਹਫਾਮ ਲੋਕਾਂ ਦੇ ਹਜੂਮੀ ਕਤਲ ਉਨਾ ਹੀ ਸੱਚ ਹੈ, ਜਿੰਨਾ ਹਿੰਦੂ ਚੌਕਸੀ ਗਰੋਹਾਂ ਵਲੋਂ ਦਲਿਤਾਂ ਅਤੇ ਮੁਸਲਮਾਨਾਂ ਦੇ ਹਜੂਮੀ ਕਤਲ।

ਜ਼ਰਾ ਸੁਰੇਖਾ ਭੋਤਮਾਂਗੇ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੋ ਹੋਇਆ, ਉਸ ਨੂੰ ਯਾਦ ਕਰੋ। ਬੇਸ਼ੱਕ ਸੁਰੇਖਾ ਭੋਤਮਾਂਗੇ ਅਤੇ ਜੌਰਜ ਫਲਾਇਡ ਦੇ ਪਿਛੋਕੜ ਅਤ ਸੰਘਰਸ਼ ਵੱਖਰੇ-ਵੱਖਰੇ ਹਨ। ਸੁਰੇਖਾ ਅਤੇ ਉਸ ਦੇ ਪਰਿਵਾਰ ਨੂੰ ਉਨ੍ਹਾਂ ਦੇ ਹੀ ਪਿੰਡ ਦੇ ਲੋਕਾਂ ਨੇ ਕਤਲ ਕੀਤਾ। ਪੁਲਿਸੀਏ ਡੈਰਿਕ ਚਾਓਵਿਨ ਨੇ ਪੂਰੀ ਤਰ੍ਹਾਂ ਠੰਡੇ ਦਿਮਾਗ ਨਾਲ ਜੌਰਜ ਫਲਾਇਡ ਦਾ ਨੁਮਾਇਸ਼ੀ ਕਤਲ ਕੀਤਾ। ਉਸ ਦਾ ਇਕ ਹੱਥ ਜੇਬ ਵਿਚ ਸੀ ਅਤੇ ਇਕ ਗੋਡਾ ਫਲਾਇਡ ਦੀ ਧੌਣ ਉਪਰ ਸੀ। ਉਸ ਦੇ ਨਾਲ ਉਸ ਦੀ ਮਦਦ ਕਰਨ ਵਾਲੇ ਸਨ। ਉਸ ਦੇ ਕਾਰੇ ਦੀ ਨਜ਼ਰਸਾਨੀ ਲਈ ਉਸ ਦੇ ਨਾਲ ਹੋਰ ਪੁਲਿਸ ਵਾਲੇ ਮੌਜੂਦ ਸਨ। ਉਸ ਦੇ ਆਸ-ਪਾਸ ਦਰਸ਼ਕ ਵੀ ਸਨ। ਉਹ ਇਹ ਵੀ ਜਾਣਦਾ ਸੀ ਕਿ ਉਸ ਨੂੰ ਫਿਲਮਾਇਆ ਜਾ ਰਿਹਾ ਹੈ। ਇਸ ਸਭ ਦਰਮਿਆਨ ਉਸ ਨੇ ਇਸ ਕਤਲ ਨੂੰ ਅੰਜਾਮ ਦਿੱਤਾ। ਉਸ ਦਾ ਮੰਨਣਾ ਸੀ ਕਿ ਇਸ ਦੇ ਬਾਵਜੂਦ ਉਹ ਸੁਰੱਖਿਅਤ ਹੈ ਅਤੇ ਸਜ਼ਾ-ਮੁਕਤ ਹੈ।

**ਸਵਾਲ: ਇਕ ਪਾਸੇ ਅਸੀਂ ਭਾਰਤੀਆਂ ਨੂੰ ਵੀ ਟਰੈਂਡ ਕਰਦੇ ਹੋਏ ਦੇਖਦੇ ਹਾਂ ਲੇਕਿਨ ਇਸੇ ਮੁਲਕ ਵਿਚ ਸਾਨੂੰ ਲਗਾਤਾਰ ਕਾਲੇ ਲੋਕਾਂ ਉਪਰ ਹਮਲੇ ਦੇਖਣ ਨੂੰ ਮਿਲਦੇ ਹਨ। ਕਾਲੇ ਲੋਕਾਂ ਨੂੰ ਭਾਰਤੀ ਕਿਸ ਰੂਪ 'ਚ ਦੇਖਦੇ ਹਨ ਜਾਂ ਉਨ੍ਹਾਂ ਬਾਰੇ ਸਾਡੀ ਭਾਰਤੀਆਂ ਦੀ ਰਵਾਇਤੀ ਰਾਇ ਕੀ ਹੈ ?**

ਜਵਾਬ: ਗੋਰੀ ਚਮੜੀ ਪ੍ਰਤੀ ਭਾਰਤੀ ਜਨੂਨ ਨੂੰ ਦੇਖੋ। ਇਹ ਸਾਡੀਆਂ ਸਭ ਤੋਂ ਜ਼ਿਆਦਾ ਘਿਨਾਉਣੀਆਂ ਚੀਜ਼ਾਂ ਵਿਚੋਂ ਇਕ ਹੈ। ਜੇ ਤੁਸੀਂ ਹਿੰਦੀ ਫਿਲਮਾਂ ਦੇਖਦੇ ਹੋ ਤਾਂ ਤੁਹਾਨੂੰ ਲੱਗੇਗਾ, ਜਿਵੇਂ ਭਾਰਤ ਗੋਰੇ ਲੋਕਾਂ ਦਾ ਮੁਲਕ ਹੋਵੇ। ਕਾਲੇ ਲੋਕਾਂ ਬਾਰੇ ਭਾਰਤੀਆਂ ਦਾ ਨਸਲਵਾਦ ਗੋਰਿਆਂ ਦੇ ਨਸਲਵਾਦ ਨਾਲੋਂ ਕਿਤੇ ਜ਼ਿਆਦਾ ਬਦਤਰ ਹੈ। ਇਹ ਦੇਖ ਕੇ ਯਕੀਨ ਨਹੀਂ ਆਉਂਦਾ। ਮੈਂ ਆਪਣੇ ਕਾਲੇ ਮਿੱਤਰਾਂ ਨਾਲ ਇਸ ਤਰ੍ਹਾਂ ਸੜਕਾਂ ਉਪਰ ਹੁੰਦਾ ਖੁਦ ਦੇਖਿਆ ਹੈ। ਕਦੇ-ਕਦੇ ਇਹ ਰੁਝਾਨ ਐਸੇ ਲੋਕਾਂ ਵਿਚ ਵੀ ਨਜ਼ਰ ਆਉਂਦੀ ਹੈ ਜਿਨ੍ਹਾਂ ਦੀ ਚਮੜੀ ਦਾ ਰੰਗ ਹਕੀਕਤ 'ਚ ਕਾਲਿਆਂ ਨਾਲੋਂ ਬਹੁਤਾ ਵੱਖਰਾ ਨਹੀਂ ਹੈ। ਸ਼ਾਇਦ ਹੀ ਮੈਂ ਕਦੇ ਐਨਾ ਗੁੱਸਾ ਅਤੇ ਸ਼ਰਮਿੰਦਗੀ ਮਹਿਸੂਸ ਕੀਤੀ ਹੋਵੇ। ਇਹ ਨਸਲਵਾਦ ਅਚਾਨਕ ਹਮਲਿਆਂ ਦੇ ਰੂਪ 'ਚ ਵੀ ਪ੍ਰਗਟ ਹੁੰਦਾ ਰਿਹਾ ਹੈ।

2014 'ਚ ਆਮ ਆਦਮੀ ਪਾਰਟੀ ਵਲੋਂ ਦਿੱਲੀ ਚੋਣਾਂ ਵਿਚ ਵੱਡਾ ਫਤਵਾ ਮਿਲਣ ਤੋਂ ਬਾਅਦ ਕਾਨੂੰਨ ਮੰਤਰੀ ਸੋਮਨਾਥ ਭਾਰਤੀ ਨੇ ਅੱਧੀ ਰਾਤ ਨੂੰ ਲੋਕਾਂ ਦੇ ਇਕ ਸਮੂਹ ਦੀ ਅਗਵਾਈ ਕਰਦੇ ਹੋਏ ਛਾਪੇ ਮਾਰੇ। ਦਿੱਲੀ ਦੇ ਖਿੜਕੀ ਖੇਤਰ ਵਿਚ ਇਸ ਸਮੂਹ ਨੇ ਅਨੈਤਿਕ ਅਤੇ ਗੈਰਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਕਾਂਗੋ ਅਤੇ ਯੁਗਾਂਡਾ ਦੀਆਂ ਔਰਤਾਂ ਉਪਰ ਸਰੀਰਕ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਬੇਇਜ਼ਤ ਕੀਤਾ। ਇਸੇ ਤਰ੍ਹਾਂ 2017 'ਚ ਅਫਰੀਕੀ ਵਿਦਿਆਰਥੀਆਂ ਉਪਰ ਨਸ਼ੀਲੇ ਪਦਾਰਥ ਵੇਚਣ ਦੇ ਇਲਜ਼ਾਮ ਲਗਾਉਂਦੇ ਹੋਏ ਗ੍ਰੇਟਰ ਨੋਇਡਾ ਵਿਚ ਹਜੂਮ ਵਲੋਂ ਹਮਲਾ ਕਰਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ; ਲੇਕਿਨ ਭਾਰਤ ਵਿਚ ਮੌਜੂਦ ਨਸਲਵਾਦ ਵਿਸ਼ਾਲ ਅਤੇ ਵੰਨ-ਸਵੰਨਾ ਹੈ। ਨੋਇਡਾ ਹਮਲੇ ਤੋਂ ਬਾਅਦ ਸੰਸਦ ਮੈਂਬਰ ਅਤੇ ਭਾਜਪਾ ਆਗੂ ਤਰੁਣ ਵਿਜੈ ਦੇ ਨਸਲਵਾਦ ਦੇ ਹੱਕ ਵਿਚ ਦਿੱਤੇ ਬਿਆਨ ਨੂੰ ਕੌਣ ਭੁੱਲ ਸਕਦਾ ਹੈ ਜੇ ਅਸੀਂ ਨਸਲਵਾਦੀ ਹੁੰਦੇ ਤਾਂ ਪੂਰੇ ਦੱਖਣੀ ਭਾਰਤ ਤਾਮਿਲਾਂ ਨੂੰ ਤੁਸੀਂ ਜਾਣਦੇ ਹੋ, ਤੁਸੀਂ ਕੇਰਲ, ਕਰਨਾਟਕ ਤੇ ਆਂਧਰਾ ਨੂੰ ਜਾਣਦੇ ਹੋ ਅਸੀਂ ਫਿਰ ਉਨ੍ਹਾਂ ਨਾਲ ਕਿਉਂ ਰਹਿੰਦੇ ਹਾਂ ? ਉਹ ਸਾਡੇ ਨਾਲ ਕਿਉਂ ਰਹਿੰਦੇ ਹਨ ?

ਉਹ ਸਾਨੂੰ ਕਾਲੇ ਦੱਖਣ ਭਾਰਤੀ ਲੋਕਾਂ ਬਾਰੇ ਦੱਸ ਰਿਹਾ ਸੀ। ਮੈਂ ਉਸ ਤੋਂ ਇਸ ਦੇ ਕਾਰਨ ਜਾਨਣਾ ਚਾਹੁੰਦੀ ਹਾਂ।

**ਸਵਾਲ: ਜਦ ਅਫਰੀਕੀ ਅਮਰੀਕਨ #ਬਲੈਕਲਾਈਵਜ਼ਮੈਟਰ, ਏਸ਼ੀਆਈ #ਏਸ਼ੀਅਨਲਾਈਵਜ਼ਮੈਟਰ ਅਤੇ ਗੋਰੇ #ਆਲਲਾਈਵਜ਼ਮੈਟਰ ਦੇ ਹੱਕ ਵਿਚ ਦਲੀਲਾਂ ਦਿੰਦੇ ਹਨ ਤਾਂਸ਼**

ਜਵਾਬ: ਇਹ ਫਜ਼ੂਲ ਦਲੀਲਾਂ ਦਾ ਸਹਾਰਾ ਲੈ ਕੇ ਅਸਲ ਮੁੱਦੇ ਨੂੰ ਖਤਮ ਕਰਨ ਦਾ ਸ਼ਾਤਰ ਤਰੀਕਾ ਹੈ। ਏਸ਼ੀਆਈ ਅਮਰੀਕਨਾਂ ਅਤੇ ਗੋਰਿਆਂ ਦੇ ਕਤਲ ਨਹੀਂ ਹੋ ਰਹੇ ਜਾਂ ਉਨ੍ਹਾਂ ਉਪਰ ਉਸ ਤਰ੍ਹਾਂ ਜ਼ੁਲਮ ਨਹੀਂ ਹੋ ਰਹੇ ਜਿਨ੍ਹਾਂ ਦਾ ਸਾਹਮਣਾ ਅਕਸਰ ਅਮਰੀਕਾ ਵਿਚ ਅਫਰੀਕੀ-ਅਮਰੀਕਨ ਲੋਕਾਂ ਨੂੰ ਕਰਨਾ ਪੈਂਦਾ ਹੈ। ਜਦ ਤੋਂ ਅਮਰੀਕਾ ਵਿਚ ਗੁਲਾਮ ਪ੍ਰਥਾ ਖਤਮ ਹੋਈ ਹੈ, ਅਫਰੀਕੀ ਅਮਰੀਕਨਾਂ ਨੂੰ ਹੋਰ ਤਮਾਮ ਤਰੀਕਿਆਂ, ਹਿੰਸਕ ਤਰੀਕਿਆਂ, ਜੋ ਲੋਕਤੰਤਰ ਦੇ ਸਮਾਜਿਕ ਇਕਰਾਰਨਾਮੇ ਅਤੇ ਕਾਨੂੰਨੀ ਢਾਂਚੇ ਵਿਚ ਫਿੱਟ ਹੁੰਦੇ ਹਨ, ਨਾਲ ਗੁਲਾਮ ਬਣਾਈ ਰੱਖਣ ਦੇ ਠੋਸ ਯਤਨ ਕੀਤੇ ਜਾਂਦੇ ਰਹੇ ਹਨ। ਅਮਰੀਕਨ ਸਾਮਰਾਜਵਾਦ ਅਤੇ ਉਸ ਦੇ ਯੁੱਧਾਂ ਦੀਆਂ ਕੌਮਾਂਤਰੀ ਕਹਾਣੀਆਂ ਵੀਅਤਨਾਮ, ਜਪਾਨ, ਇਰਾਕ, ਅਫਗਾਨਿਸਤਾਨ ਵਿਚ ਕਤਲੇਆਮ ਦੀਆਂ ਕਹਾਣੀਆਂ ਮੈਨੂੰ ਨਹੀਂ ਲੱਗਦਾ ਕਿ #ਏਸ਼ੀਅਨਲਾਈਵਜ਼ਮੈਟਰ ਅਤੇ #ਆਲਲਾਈਵਜ਼ਮੈਟਰ ਵਿਚ ਇਨ੍ਹਾਂ ਕਹਾਣੀਆਂ ਦਾ ਕੋਈ ਵੀ ਜ਼ਿਕਰ ਹੈ।

**ਸਵਾਲ: ਜਦ ਦਲਿਤ ਕਹਿੰਦੇ ਹਨ ਕਿ #ਦਲਿਤਲਾਈਵਜ਼ਮੈਟਰ, ਤਾਂ ਕੀ ਇਹ ਸਦੀਆਂ ਤੋਂ ਚਲੇ ਆ ਰਹੇ ਕਾਲੇ ਲੋਕਾਂ ਦੇ ਸੰਘਰਸ਼ ਨੂੰ ਕਮਜ਼ੋਰ ਨਹੀਂ ਕਰਦਾ ? ਕੀ #ਦਲਿਤਲਾਈਵਜ਼ਮੈਟਰ ਨਸਲਵਾਦ ਤੋਂ ਉਪਰ ਹੈ ?**

ਜਵਾਬ: ਜਾਤੀਵਾਦ ਅਤੇ ਨਸਲਵਾਦ ਦਾ ਇਤਿਹਾਸ ਵੱਖਰਾ-ਵੱਖਰਾ ਹੋਣ ਦੇ ਬਾਵਜੂਦ ਵੀ ਇਹ ਦੋਨੋਂ ਬਹੁਤੇ ਵੱਖਰੇ ਨਹੀਂ ਹਨ, ਸਿਵਾਏ ਇਸ ਦੇ ਕਿ ਜਾਤੀਵਾਦ ਕਿਸੇ ਦੈਵੀ ਆਦੇਸ਼ ਦਾ ਦਾਅਵਾ ਕਰਦਾ ਹੈ। ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਕਹਿਣਾ ਥੋੜ੍ਹਾ ਸਖਤ ਹੋਵੇਗਾ ਕਿ ?? ਅੰਦੋਲਨ ਸਦੀਆਂ ਤੋਂ ਚੱਲ ਰਹੇ ਕਾਲੇ ਲੋਕਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰਦਾ ਹੈ। ਮੈਨੂੰ ਲੱਗਦਾ ਹੈ ਕਿ ਇਹ ਔਬਲੈਕ ਲਾਈਵਜ਼ ਮੈਟਰ' ਨਾਲ ਸਾਂਝਾ ਉਦੇਸ਼ ਸਥਾਪਤ ਕਰਨ, ਇਕਮੁੱਠਤਾ ਬਣਾਉਣ ਅਤੇ ਉਸ ਤੋਂ ਰੋਸ਼ਨੀ ਲੈਣ ਦਾ ਯਤਨ ਹੈ।

ਜੋ ਅੰਦੋਲਨ ਅਮਰੀਕਾ ਵਿਚ ਹੋ ਰਿਹਾ ਹੈ, ਉਹ ਕਿਸੇ ਵੀ ਹੋਰ ਅੰਦੋਲਨ ਦੀ ਤੁਲਨਾ ਵਿਚ ਜ਼ਿਆਦਾ ਸ਼ਕਤੀਸ਼ਾਲੀ ਅਤੇ ਉਘੜਵਾਂ ਹੈ। ਭਾਰਤ ਦਾ ਜਾਤੀਵਾਦ ਲੰਮੇ ਸਮੇਂ ਤੋਂ ਕੌਮਾਂਤਰੀ ਜਾਂਚ ਦੀ ਰਾਡਾਰ ਦੇ ਦਾਇਰੇ ਤੋਂ ਬਾਹਰ ਚਲਾ ਗਿਆ ਹੈ। ਤੇ ਇਸ ਨੂੰ ਇਸ ਹਾਲਤ ਤੱਕ ਪਹੁੰਚਾਉਣ ਲਈ ਕਈ ਉਘੇ, ਸਨਮਾਨਿਤ ਬੁੱਧੀਜੀਵੀਆਂ ਅਤੇ ਵਿਦਵਾਨਾਂ ਨੇ ਵੀ ਹੱਥ ਵਟਾਇਆ ਹੈ।

ਕੋਈ ਵੀ ਜਾਤੀਵਾਦ ਤੋਂ ਉਪਰ ਨਹੀਂ ਹੈ। ਵੱਖ-ਵੱਖ ਥਾਵਾਂ ਉਪਰ ਇਸ ਦੇ ਰੂਪ ਵੱਖਰੇ-ਵੱਖਰੇ ਹਨ। ਮਿਸਾਲ ਵਜੋਂ ਦੱਖਣੀ ਅਫਰੀਕਾ ਵਿਚ ਬਲੈਕ ਸਾਊਥ ਅਫਰੀਕੀ, ਨਾਈਜੀਰੀਆਈ ਅਤੇ ਹੋਰ ਅਫਰੀਕੀ ਮੁਲਕਾਂ ਦੇ ਅਫਰੀਕੀਆਂ ਨੂੰ ਘ੍ਰਿਣਾ ਕਰਦੇ ਹਨ। ਭਾਰਤ ਬਾਰੇ ਤਾਂ ਅਸੀਂ ਜਾਣਦੇ ਹੀ ਹਾਂ ਕਿ ਜਾਤਪਾਤੀ ਦਾਬਾ ਅਤੇ ਬ੍ਰਾਹਮਣਵਾਦ ਹਰ ਉਸ ਜਾਤੀ ਵਿਚ ਪ੍ਰਚਲਤ ਹੈ ਜਿਸ ਵਿਚ ਆਪਣੇ ਤੋਂ ਹੇਠਲੀ ਜਾਤੀ ਉਪਰ ਜ਼ੁਲਮ ਕੀਤੇ ਜਾਂਦੇ ਹਨ। ਇਹ ਰੁਝਾਨ ਸਮਾਜ ਦੇ ਸਭ ਤੋਂ ਹੇਠਲੇ ਪੌਡੇ ਤੱਕ ਜਾਂਦਾ ਹੈ, ਇਥੋਂ ਤੱਕ ਕਿ ਔਦਲਿਤ' ਨਾਂਅ ਦੀ ਰਾਜਨੀਤਕ ਸ਼੍ਰੇਣੀ ਵਿਚ ਵੀ। ਤੁਸੀਂ ਵੀ ਆਪਣੇ ਸੰਘਰਸ਼ਾਂ ਵਿਚ ਇਸ ਨੂੰ ਮਹਿਸੂਸ ਕੀਤਾ ਹੋਵੇਗਾ। ਤੁਸੀਂ ਕਿਸੇ ਵੀ ਚੀਜ਼ ਨੂੰ ਲੰਮੇ ਸਮੇਂ ਤੱਕ ਘੂਰਦੇ ਰਹੋ ਤਾਂ ਉਹ ਚੀਜ਼ ਆਪਣੇ ਚਾਰ ਚੁਫੇਰੇ ਦੇ ਸ਼ਬਦ-ਆਡੰਬਰ ਦੀ ਤੁਲਨਾ ਵਿਚ ਹੋਰ ਜ਼ਿਆਦਾ ਗੁੰਝਲਦਾਰ ਹੋ ਜਾਂਦੀ ਹੈ; ਲੇਕਿਨ ਸ਼ਬਦ-ਆਡੰਬਰ ਦਾ ਵੀ ਆਪਣਾ ਮਹੱਤਵ ਹੈ। ਇਹ ਲੋਕਾਂ ਨੂੰ ਆਪਣੇ ਵਿਚਾਰਾਂ ਨੂੰ ਸਿਲਸਿਲੇਵਾਰ ਬਣਾਉਣ ਦੇ ਲਈ ਇਕ ਢਾਂਚਾ ਦਿੰਦਾ ਹੈ।

**ਸਵਾਲ: ਭਾਰਤ ਦੇ ਲੋਕ, ਸਮਾਚਾਰ ਅਤੇ ਮਨੋਰੰਜਨ ਮੀਡੀਆ ਵਿਚ ਕਾਲੇ ਲੋਕਾਂ ਦੀ ਤਸਵੀਰ ਅੱਜ ਵੀ ਨਸ਼ੀਲੇ ਪਦਾਰਥਾਂ ਦੇ ਵਣਜਾਰੇ, ਵਹਿਸ਼ੀ ਅਤੇ ਆਦਮਖੋਰ ਵਜੋਂ ਕਿਉਂ ਪੇਸ਼ ਕੀਤੀ ਜਾਂਦੀ ਹੈ ?**

ਜਵਾਬ: ਕਿਉਂਕਿ ਅਸੀਂ ਨਸਲਵਾਦੀ ਸੰਸਕ੍ਰਿਤੀ ਹਾਂ। ਪਿਛਲੇ ਸਾਲ ਮੈਂ ਮਲਿਆਲਮ ਫਿਲਮ ਔਅਬ੍ਰਾਹਮਿੰਦੇ (ਦਿ ਸੰਨਜ਼ ਆਫ ਅਬਰਾਹਮ) ਦੇਖੀ। ਇਸ ਫਿਲਮ ਦੇ ਸਾਰੇ ਸ਼ਾਤਰ, ਬੇਵਕੂਫ-ਮੁਜਰਿਮ ਖਲਨਾਇਕ, ਸਾਰੇ ਹੀ ਬਲੈਕ ਅਫਰੀਕਨ ਸਨ ਤੇ ਜ਼ਾਹਰਾ ਤੌਰ 'ਤੇ ਮਲਿਆਲੀ ਸੁਪਰ ਹੀਰੋ ਅੰਤ ਵਿਚ ਸਭ ਦਾ ਸਰਬਨਾਸ਼ ਕਰ ਦਿੰਦਾ ਹੈ। ਕੇਰਲ ਵਿਚ ਅਫਰੀਕੀਆਂ ਦਾ ਕੋਈ ਭਾਈਚਾਰਾ ਨਹੀਂ ਰਹਿੰਦਾ। ਫਿਰ ਵੀ ਫਿਲਮ ਨਿਰਮਾਤਾ ਨੇ ਨਸਲਵਾਦ ਨੂੰ ਦਿਖਾਉਣ ਲਈ ਕਾਲਪਨਿਕ ਕਹਾਣੀ ਖਿੱਚ ਲਿਆਂਦੀ। ਇਹ ਕੋਈ ਸਟੇਟ ਦਾ ਜ਼ੁਲਮ ਨਹੀਂ ਹੈ। ਇਹ ਸਾਡਾ ਸਮਾਜ ਹੈ। ਇਹ ਸਾਰੇ ਇਥੋਂ ਦੇ ਲੋਕ ਹਨ। ਇਹ ਉਹੀ ਦੱਖਣੀ ਅਫਰੀਕੀ ਕਲਾਕਾਰ, ਫਿਲਮ ਨਿਰਮਾਤਾ, ਅਭਿਨੇਤਾ ਅਤੇ ਲੇਖਕ ਹਨ ਜਿਨ੍ਹਾਂ ਦੀ ਕਾਲੀ ਚਮੜੀ ਲਈ ਉਤਰ ਭਾਰਤੀਆਂ ਵਲੋਂ ਸਦਾ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਠੀਕ ਇਨ੍ਹਾਂ ਕਾਰਨਾਂ ਕਰ ਕੇ ਦੱਖਣੀ ਭਾਰਤੀ ਅਫਰੀਕੀਆਂ ਨੂੰ ਅਪਮਾਨਿਤ ਕਰਦੇ ਹਨ। ਇਹ ਅਜਿਹੇ ਬੋਰ ਵਿਚ ਡਿਗਣ ਵਾਂਗ ਹੈ ਜਿਸ ਦਾ ਕੋਈ ਥੱਲਾ ਨਹੀਂ ਹੈ।

**ਸਵਾਲ: ਅਮਰੀਕਾ ਵਿਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਗਾਂਧੀ ਦਾ ਬੁੱਤ ਤੋੜ ਦਿੱਤਾ ਗਿਆ, ਇਸ ਦੀ ਕੀ ਵਜ੍ਹਾ ਹੋ ਸਕਦੀ ਹੈ ?**

ਜਵਾਬ: ਇਹ ਸਮਝਣਾ ਮੁਸ਼ਕਿਲ ਹੈ। ਅਖਬਾਰੀ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਬੁੱਤ ਤੋੜ ਕੇ ਉਸ ਉਪਰ ਸਪਰੇਅ-ਪੇਂਟ ਨਾਲ ਟਿੱਪਣੀਆਂ ਲਿਖ ਦਿੱਤੀਆਂ ਗਈਆਂ, ਲੇਕਿਨ ਤਸਵੀਰਾਂ ਵਿਚ ਬੁੱਤ ਨੂੰ ਲਪੇਟਿਆ ਹੋਇਆ ਦਿਖਾਇਆ ਗਿਆ ਹੈ। ਇਸ ਲਈ ਕਿਸੇ ਨੂੰ ਪਤਾ ਨਹੀਂ ਹੈ ਕਿ ਉਸ ਉਪਰ ਕੀ ਲਿਖ ਦਿੱਤਾ ਗਿਆ ਸੀ।

ਕੀ ਇਹ ਕਾਰਾ ਉਨ੍ਹਾਂ ਲੋਕਾਂ ਨੇ ਕੀਤਾ ਜੋ ਗਾਂਧੀ ਦੇ ਦੱਖਣੀ ਅਫਰੀਕਾ ਵਿਚ ਪਰਵਾਸ ਦੌਰਾਨ ਕਾਲੇ ਅਫਰੀਕੀਆਂ ਦੇ ਖਿਲਾਫ ਗਾਂਧੀ ਦੀਆਂ ਨਸਲਵਾਦੀ ਟਿੱਪਣੀਆਂ ਅਤੇ ਭਾਰਤ ਵਿਚ ਜਾਤੀ ਵਿਵਸਥਾ ਉਪਰ ਉਸ ਦੀ ਪੁਜੀਸ਼ਨ ਜਾਣਦੇ ਹਨ ? ਕੀ ਇਹ ਘਾਨਾ ਅਤੇ ਹੋਰ ਮੁਲਕਾਂ ਵਿਚ ਗਾਂਧੀ ਦੇ ਬੁੱਤ ਤੋੜਨ ਦੇ ਸਿਲਸਿਲੇ ਦਾ ਹਿੱਸਾ ਸੀ ? ਜਾਂ ਇਹ ਉਨ੍ਹਾਂ ਲੋਕਾਂ ਦਾ ਕੰਮ ਸੀ ਜੋ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਉਸ ਵਲੋਂ ਟਰੰਪ ਦੇ ਸਨਮਾਨ ਵਿਚ ਹਾਓਡੀ ਮੋਦੀ ਅਤੇ ਨਮਸਤੇ ਟਰੰਪ ਵਰਗੇ ਵਿਸ਼ਾਲ ਨੁਮਾਇਸ਼ੀ ਸਮਾਗਮਾਂ ਦੇ ਪ੍ਰਤੀ ਆਪਣੀ ਨਫਰਤ ਪ੍ਰਗਟਾਉਣਾ ਚਾਹੁੰਦੇ ਸਨ। ਮੈਨੂੰ ਦਰਅਸਲ ਇਸ ਬਾਰੇ ਜਾਣਕਾਰੀ ਨਹੀਂ ਹੈ ਲੇਕਿਨ ਇਹ ਵੀ ਸੱਚ ਹੈ ਕਿ ਕਈ ਮੁਜ਼ਾਹਰਕਾਰੀਆਂ ਨੇ ਗਾਂਧੀ ਦੀਆਂ ਤਸਵੀਰਾਂ ਨਾਲ, ਉਨ੍ਹਾਂ ਨੂੰ ਆਪਣੀ ਪ੍ਰੇਰਨਾ ਦੱਸਦੇ ਹੋਏ, ਇਕ ਅਧਿਆਪਕ ਅਤੇ ਗੁਰੂ ਦੇ ਰੂਪ 'ਚ ਅਤੇ ਅਹਿੰਸਕ ਸਿਵਲ ਨਾਫਰਮਾਨੀ ਵਰਗੀ ਉਸ ਦੀ ਰਣਨੀਤੀ ਦੇ ਹੱਕ ਵਿਚ ਟਵੀਟ ਕੀਤੇ। ਇਸ ਲਈ ਗਾਂਧੀ ਆਪਣੇ ਕਈ ਰੂਪਾਂ ਵਿਚ ਉਨ੍ਹਾਂ ਸੜਕਾਂ ਉਪਰ ਮੌਜੂਦ ਰਿਹਾ ਹੈ।

ਜਿਸ ਬੁੱਤ ਦਾ ਜ਼ਿਕਰ ਅਸੀਂ ਕਰ ਰਹੇ ਹਾਂ, ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਦੀ ਸਰਪ੍ਰਸਤੀ ਹੇਠ ਲਗਾਇਆ ਗਿਆ ਸੀ। ਹੋਰ ਕਈ ਅਫਰੀਕੀ ਮੁਲਕਾਂ ਵਿਚ ਵੀ ਉਨ੍ਹਾਂ ਦੇ ਬੁੱਤਾਂ ਦੀ ਸਰਪ੍ਰਸਤੀ ਕੀਤੀ ਜਾਂਦੀ ਰਹੀ ਹੈ। ਭਾਰਤ ਸਰਕਾਰ ਗਾਂਧੀ ਦੇ ਬੁੱਤ ਲਗਾਏ ਜਾਣ ਦੀ ਸਰਪ੍ਰਸਤੀ ਕਿਉਂ ਕਰਦੀ ਹੈ ? ਇਹੀ ਭਾਰਤ ਸਰਕਾਰ ਵਿਦੇਸ਼ਾਂ ਵਿਚ ਗਾਂਧੀ ਦੇ ਬੁੱਤ ਲਗਾਏ ਜਾਣ ਨੂੰ ਹੱਲਾਸ਼ੇਰੀ ਦਿੰਦੀ ਹੈ ਜਦਕਿ ਭਾਰਤ ਵਿਚ ਹੀ ਇਸ ਨੇ ਸਭ ਤੋਂ ਬੜਾ ਖੇਤਰ ਫੌਜ ਦੇ ਹਵਾਲੇ ਕੀਤਾ ਹੋਇਆ ਹੈ ਅਤੇ ਨਾਲ ਹੀ ਅਜੋਕਾ ਭਾਰਤੀ ਸਮਾਜ ਹੋਰ ਜ਼ਿਆਦਾ ਅਸਹਿਣਸ਼ੀਲ ਹੋ ਗਿਆ ਹੈ। ਇਸ ਨੂੰ ਕਿਵੇਂ ਸਮਝਿਆ ਜਾਵੇ ?

ਚੰਗੇ ਲਈ ਜਾਂ ਫਿਰ ਬੁਰੇ ਲਈ, ਗਾਂਧੀ ਭਾਰਤ ਦਾ ਸਭ ਤੋਂ ਮਹੱਤਵਪੂਰਨ ਨਿਰਯਾਤ ਹੈ। ਗਾਂਧੀ ਦਾ ਅਹਿੰਸਾ ਦਾ ਸੰਦੇਸ਼ ਅਤੇ ਭਾਰਤ ਸਰਕਾਰ ਵਲੋਂ ਮੁਲਕ ਦੇ ਲਗਭਗ ਹਰ ਹਿੱਸੇ ਵਿਚ ਕੀਤੀ ਜਾਂਦੀ ਘੋਰ ਹਿੰਸਾ ਅਤੇ ਫੌਜੀਵਾਦ, ਇਹ ਦੋਨੋਂ ਚੀਜ਼ਾਂ ਬਹੁਤ ਹੀ ਅਰਾਮ ਨਾਲ ਨਾਲੋ-ਨਾਲ ਚੱਲਦੀਆਂ ਹਨ। ਉਨ੍ਹਾਂ ਦੇ ਲਈ ਗਾਂਧੀ ਵਰਤੋਂ ਦਾ ਸੰਦ ਹੈ, ਧੂੰਏਂ ਦਾ ਪਰਦਾ ਹੈ। ਸ਼ਾਇਦ ਅੱਥਰੂ ਗੈਸ। ਇਥੋਂ ਤੱਕ ਕਿ ਸਮਾਜੀ ਅਤੇ ਬੌਧਿਕ ਤੌਰ 'ਤੇ ਖੁਦ ਨੂੰ ਗਾਂਧੀਵਾਦੀ ਕਹਿਣ 'ਚ ਉਨ੍ਹਾਂ ਲੋਕਾਂ ਨੂੰ ਵੀ ਕੋਈ ਵਿਰੋਧਾਭਾਸ ਮਹਿਸੂਸ ਨਹੀਂ ਹੁੰਦਾ ਜੋ ਤਾਕਤਵਰ ਜਾਤਾਂ ਦੇ ਹਨ, ਜਾਤੀ ਵਿਵਸਥਾ ਨੂੰ ਮੰਨਦੇ ਹਨ ਅਤੇ ਉਸ ਉਪਰ ਚੱਲਦੇ ਹਨ। ਜਿਸ ਵਿਵਸਥਾ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਸਿਰਫ ਉਸੇ ਮਾਹੌਲ ਵਿਚ ਜਿਊਂਦੀ ਰਹਿ ਸਕਦੀ ਹੈ ਜਿਸ ਵਿਚ ਇਸ ਵਿਵਸਥਾ ਦਾ ਉਲੰਘਣ ਕਰਨ ਵਾਲਿਆਂ ਦੇ ਖਿਲਾਫ ਹਿੰਸਾ ਦੀਆਂ ਧਮਕੀਆਂ ਅਤੇ ਬੇਕਿਰਕ ਸਰੀਰਕ ਹਿੰਸਾ ਸਥਾਈ ਰੂਪ 'ਚ ਮੌਜੂਦ ਰਹਿੰਦੀ ਹੈ। ਇਸ ਪਾਖੰਡ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।

**ਸਵਾਲ: ਬਹੁਤ ਸਾਰੇ ਭਾਰਤੀ ਬ੍ਰਿਸਟਨ ਵਿਚ .ਗੁਲਾਮਾਂ ਦੇ ਵਪਾਰ ਦੇ ਮਾਲਿਕ ਐਡਵਰਡ ਕੌਲਸਟਨ ਦੇ ਬੁੱਤ ਨੂੰ ਉਖਾੜਦੇ ਹੋਏ ਔਬੀ.ਐਲ਼ਐਮ.' (ਬਲੈਕਲਾਈਵਜ਼ਮੈਟਰ) ਅੰਦੋਲਨ ਦੀਆਂ ਤਸਵੀਰਾਂ ਸਾਂਝੀਆਂ ਕਰ ਰਹੇ ਹਨ ਅਤੇ ਜਸ਼ਨ ਮਨਾ ਰਹੇ ਹਨ। ਲੇਕਿਨ ਭਾਰਤ ਵਿਚ ਹੀ ਰਾਜਸਥਾਨ ਹਾਈਕੋਰਟ ਦੇ ਐਨ ਸਾਹਮਣੇ ਮਨੂ ਦਾ ਬੁੱਤ ਲੱਗਿਆ ਹੋਇਆ ਹੈ। ਇਸ ਤੋਂ ਇਲਾਵਾ ਔਸਿਰਫ ਬ੍ਰਾਹਮਣਾਂ ਦੇ' ਘਰਾਂ ਵਰਗੇ ਕਈ ਹੋਰ ਪ੍ਰਤੀਕ ਮੌਜੂਦ ਹਨ ਜੋ ਜਾਤੀਵਾਦ ਨੂੰ ਉਤਸ਼ਾਹਤ ਕਰਦੇ ਹਨ। ਫਿਰ ਵੀ ਅਸੀਂ ਉਨ੍ਹਾਂ ਨੂੰ ਡੇਗਣਾ ਤਾਂ ਦੂਰ ਉਨ੍ਹਾਂ ਨੂੰ ਰੱਦ ਕਰਨ ਤੱਕ ਵਿਚ ਭੋਰਾ ਰੁਚੀ ਨਹੀਂ ਲੈਂਦੇ, ਇਸ 'ਤੇ ਤੁਹਾਡੀ ਕੀ ਟਿੱਪਣੀ ਹੈ ?**

ਜਵਾਬ: ਅਸੀਂ ਇਕ ਜਾਤੀਵਾਦੀ, ਹਿੰਦੂ ਰਾਸ਼ਟਰਵਾਦੀ ਰਾਜ ਵਿਚ ਰਹਿੰਦੇ ਹਾਂ। ਅਸੀਂ ਉਸ ਦਿਨ ਤੋਂ ਅਜੇ ਬਹੁਤ ਦੂਰ ਹਾਂ ਜਦ ਸਾਡੇ ਇਥੇ ਬੁੱਤਾਂ ਨੂੰ ਹਟਾਇਆ ਜਾਂ ਡੇਗਿਆ ਜਾਵੇਗਾ। ਅਸੀਂ ਤਾਂ ਉਸ ਪੜਾਅ 'ਚ ਹਾਂ ਜਦ ਐਸੇ ਬੁੱਤ ਲਗਾਏ ਜਾ ਰਹੇ ਹਨ ਅਤੇ ਉਨ੍ਹਾਂ ਦੇ ਜਸ਼ਨ ਮਨਾਏ ਜਾ ਰਹੇ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਕਦੇ ਦਲਿਤ ਪੈਂਥਰਜ਼ ਵਰਗੇ ਤਿੱਖੇ ਅੰਦੋਲਨਾਂ ਦਾ ਹਿੱਸਾ ਰਹੇ ਲੋਕਾਂ ਨੇ ਵੀ ਇਨ੍ਹਾਂ ਨਵੇਂ ਹੁਕਮਰਾਨਾਂ ਨਾਲ ਜੋਟੀ ਜਾ ਲਈ ਹੈ। ਅੱਜ ਜਿਸ ਤਰ੍ਹਾਂ ਦਾ ਵਿਦਰੋਹ ਅਸੀਂ ਅਮਰੀਕਾ ਵਿਚ ਦੇਖ ਰਹੇ ਹਾਂ ਉਹ ਦਰਅਸਲ ਅਰਸੇ ਤੋਂ ਸੰਘਰਸ਼ ਅਤੇ ਜਥੇਬੰਦੀ ਦੇ ਨਾਲ-ਨਾਲ ਕਵਿਤਾ, ਕਲਾ, ਸੰਗੀਤ, ਸਾਹਿਤ ਦੇ ਉਨ੍ਹਾਂ ਪ੍ਰੋਗਰਾਮਾਂ ਅਤੇ ਯਾਦਾਂ ਦਾ ਨਤੀਜਾ ਹੈ ਜਿਨ੍ਹਾਂ ਦੇ ਜ਼ਰੀਏ ਅਫਰੀਕੀ ਅਮਰੀਕਨ ਆਪਣੀ ਦਾਸਤਾਨ ਸੁਣਦੇ-ਸੁਣਾਉਂਦੇ ਰਹਿੰਦੇ ਹਨ। ਨਸਲੀ ਵੰਡ ਦੀ ਜਿਊਂਦੀ-ਜਾਗਦੀ ਮੌਜੂਦਗੀ ਨੂੰ ਲੈ ਕੇ ਅਮਰੀਕਨਾਂ ਦੀ ਨਵੀਂ ਪੀੜ੍ਹੀ ਬਹੁਤ ਸ਼ਰਮਿੰਦਗੀ ਮਹਿਸੂਸ ਕਰਦੀ ਹੈ ਅਤੇ ਕੁੜ੍ਹਦੀ ਹੈ। ਇਕਜੁੱਟਤਾ ਦਾ ਐਸਾ ਮੁਜ਼ਾਹਰਾ ਅਚੰਭੇ ਵਾਲੀ ਘਟਨਾ ਹੈ।

# ਨਵਾਂ ਸ਼੍ਰੋਮਣੀ ਅਕਾਲੀ ਦਲ ਪੰਥਕ ਰਹੁ-ਰੀਤਾਂ ’ਤੇ ਪਹਿਰਾ ਦੇਵੇਗਾ ਜਾਂ ਭਾਜਪਾ ’ਤੇ ਟੇਕ ਰਹੇਗੀ




ਸ਼ਰੋਮਣੀ ਅਕਾਲੀ ਦਲ ਦੀ ਪਹਿਲੀ ਸਤਾਬਦੀ ਤੋਂ ਮਹਿਜ ਕੁੱਝ ਮਹੀਨੇ ਪਹਿਲਾਂ ਸ੍ਰ. ਸੁਖਦੇਵ ਸਿੰਘ ਢੀਂਡਸਾ ਨੇ ਆਪਣਾ ਨਵਾਂ ਅਕਾਲੀ ਦਲ ਬਣਾ ਕੇ ਪੰਜਾਬ ਦੀ ਸਿੱਖ ਰਾਜਨੀਤੀ ਵਿੱਚ ਆਪਣੀ ਸਿੱਧੀ ਪਕੜ ਬਨਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਇਸ ਕੋਸ਼ਿਸ਼ ਵਿੱਚ ਕਿੰਨਾ ਕੁ ਸਫਲ ਹੁੰਦੇ ਹਨ, ਉਸ ਤੋਂ ਪਹਿਲਾਂ ਸ਼ਰੋਮਣੀ ਅਕਾਲੀ ਦਲ ਦੇ ਪਿਛੋਕੜ ’ਤੇ ਸਰਸਰੀ ਝਾਤ ਮਾਰਨੀ ਬਣਦੀ ਹੈ। ਪੰਥ ਦੀ ਨੁਮਾਇੰਦਾ ਪਾਰਟੀ ਸ਼ਰੋਮਣੀ ਅਕਾਲੀ ਦਲ ਨੇ ਅਪਣੇ ਸੌ ਸਾਲਾਂ ਦੇ ਸਫਰ ਵਿੱਚ ਬੜੇ ਉਤਰਾਅ ਚੜ੍ਹਾ ਦੇਖੇ ਹਨ। ਪਹਿਲੀ ਸ਼ਤਾਬਦੀ ਤੱਕ ਪਹੁੰਚਦਿਆਂ-ਪਹੁੰਚਦਿਆਂ ਸ਼ਰੋਮਣੀ ਅਕਾਲੀ ਦਲ ਆਪਣੀ ਅਸਲੀ ਪਹਿਚਾਣ ਮੂਲੋਂ ਹੀ ਖੋ ਚੁੱਕਾ ਹੈ। ਅਕਾਲੀ ਦਲ ਦੇ ਅੰਮ੍ਰਿਤਧਾਰੀ ਪ੍ਰਧਾਨ ਦੇ ਹੱਥ ’ਚ ਤਿੰਨ ਫੁੱਟੀ ਕਿਰਪਾਨ ਹੀ ਅਕਾਲੀ ਆਗੂ ਦੀ ਅਸਲ ਪਹਿਚਾਣ ਮੰਨੀ ਜਾਂਦੀ ਸੀ, ਜਿਹੜੀ ਅੱਜ ਦੇ ਅਕਾਲੀਆਂ ’ਚੋਂ ਲੱਗਭੱਗ ਗਾਇਬ ਹੀ ਹੋ ਚੁੱਕੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਤਿੰਨ ਫੁੱਟੀ ਕਿਰਪਾਨ ਵਾਲੇ ਅਕਾਲੀਆਂ ਦਾ ਲੰਮਾ ਅਰਸਾ ਪਹਿਲਾਂ ਹੀ ਵਖਤ ਬੀਤ ਚੁੱਕਾ ਹੈ। ਸ਼ਰੋਮਣੀ ਅਕਾਲੀ ਦਲ ਦਾ ਰਵਾਇਤੀ ਚਿਹਰਾ ਮੁਹਰਾ ਤਾਂ ਭਾਵੇਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਪਾਰਟੀ ਦੀ ਅਗਵਾਈ ਆਉਣ ਸਮੇਂ ਹੀ ਬਦਲਣਾ ਸ਼ੁਰੂ ਹੋ ਗਿਆ ਸੀ, ਪਰੰਤੂ 1994 ’ਚ ਤਾਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਰੈਲੀ ਵਿੱਚ ਇਸ ਪੰਥਕ ਪਾਰਟੀ ਦਾ ਨਾਮ ਬਦਲ ਕੇ ਪੰਜਾਬੀ ਪਾਰਟੀ ਬਨਾਉਣ ਦਾ ਬਾਕਾਇਦਾ ਐਲਾਨ ਵੀ ਕਰ ਦਿੱਤਾ ਅਤੇ 2008 ਵਿੱਚ ਜਦੋਂ ਚੋਣ ਕਮਿਸ਼ਨ ਨੇ ਧਾਰਮ ਦੇ ਨਾਮ ’ਤੇ ਬਣੀਆਂ ਪਾਰਟੀਆਂ ਨੂੰ ਚੋਣਾਂ ਲੜਨ ’ਤੇ ਰੋਕ ਲਾ ਦਿੱਤੀ ਤਾਂ ਇਹ ਪੰਥਕ ਪਾਰਟੀ ਧਰਮ ਨਿਰਪੱਖ ਬਣ ਗਈ। ਭਾਵ ਚੋਣਾਂ ਲੜਦੀ ਰਹੀ ਤੇ ਕਿਹਾ ਜਾ ਸਕਦਾ ਹੈ ਕਿ 2008 ਤੋਂ ਬਾਅਦ ਸ਼ਰੋਮਣੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਵਾਲੀ ਪਾਰਟੀ ਨਾ ਰਹਿ ਕੇ ਇੱਕ ਧਰਮ ਨਿਰਪੱਖ ਪਾਰਟੀ ਬਣ ਗਈ, ਇਹ ਵੱਖਰੀ

ਬਘੇਲ ਸਿੰਘ ਧਾਲੀਵਾਲ
99142-58142



ਗੱਲ ਹੈ ਕਿ ਕੇਂਦਰ ਵਿੱਚ ਅਪਣੇ ਅਸਰ ਰਸੂਖ ਨੂੰ ਵਰਤ ਕੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਮ ਚੋਣਾਂ ਵੀ ਲੜਦਾ ਰਿਹਾ ਅਤੇ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਵੀ ਲੜਦਾ ਰਿਹਾ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਕਾਬਜ਼ ਵੀ ਚੱਲਿਆ ਆ ਰਿਹਾ ਹੈ। ਭਾਵ ਕਿ ਬੇਸ਼ੱਕ ਸ਼ਰੋਮਣੀ ਕਮੇਟੀ ’ਤੇ ਵੀ ਸਿੱਧੇ ਤੌਰ ’ਤੇ ਅਕਾਲੀ ਦਲ ਦਾ ਕਬਜਾ ਹੈ, ਪੰਤੂ ਇਸ ਦੇ ਬਾਵਜੂਦ ਵੀ ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਵਾਲੀ ਪਾਰਟੀ ਨਹੀਂ ਰਿਹਾ। ਅੱਜ ਕੱਲ ਤਾਂ ਇਸ ਪੰਥਕ ਪਾਰਟੀ ਦਾ ਮਜਾਕ ਉਡਾਉਣ ਵਾਲੇ ਬਹੁਤ ਸਾਰੇ ਲੋਕ ਇਸ ਪਾਰਟੀ ਨੂੰ ਘੋਨਮੋਨ ਅਕਾਲੀ ਦਲ ਵੀ ਕਹਿੰਦੇ ਸੁਣੇ ਜਾਂਦੇ ਹਨ। ਇੱਥੇ ਹੀ ਬੱਸ ਨਹੀ ਸਿੱਖਾਂ ਦੀ ਆਪਸੀ ਪਾਟੋਧਾੜ ਇਸ ਕਦਰ ਵੱਧ ਗਈ ਹੈ ਕਿ ਸਿੱਖਾਂ ਦੇ ਲਹੂ ਡੋਲਵੇਂ ਸੰਘਰਸ਼ਾਂ ’ਚੋਂ ਹੋਂਦ ਵਿੱਚ ਆਏ ਸ਼ਰੋਮਣੀ ਅਕਾਲੀ ਦਲ ਦੀ ਅਸਲ ਪਹਿਚਾਣ ਦੀ ਵੀ ਲੜਾਈ ਚੱਲ ਰਹੀ ਹੈ। ਇੱਕ ਸਮਾਂ ਸੀ ਜਦੋਂ ਡੇਢ ਦਰਜਨ ਦੇ ਕਰੀਬ ਅਕਾਲੀ ਦਲ ਬਣ ਗਏ ਸਨ। ਹੁਣ ਵੀ ਜੇਕਰ ਗੱਲ ਕੀਤੀ ਜਾਵੇ ਤਾਂ ਅੱਜ ਵੀ ਅੱਧੀ ਦਰਜਨ ਤੋਂ ਵੱਧ ਅਕਾਲੀ ਦਲਾਂ ਦੀ ਗਿਣਤੀ ਹੈ, ਜਿੰਨਾਂ ਵਿੱਚ ਅਕਾਲੀ ਦਲ ਬਾਦਲ, ਅਕਾਲੀ ਦਲ ਮਾਨ, ਅਕਾਲੀ ਦਲ 1920, ਅਕਾਲੀ ਦਲ ਦਿੱਲੀ, ਅਕਾਲੀ ਦਲ ਸੁਤੰਤਰ, ਅਕਾਲੀ ਦਲ ਟਕਸਾਲੀ ਅਤੇ ਬੀਤੇ ਦਿਨੀ ਹੋਂਦ ਵਿੱਚ ਆਏ ਨਵੇਂ ਸ੍ਰ. ਸੁਖਦੇਵ ਸਿੰਘ ਢੀਂਡਸੇ ਵਾਲੇ ਅਕਾਲੀ ਦਲ ਦਾ ਅਜੇ ਪੂਰਾ ਨਾਮਕਰਣ ਹੋਣਾ ਬਾਕੀ ਹੈ, ਜ਼ਿਕਰਯੋਗ ਹਨ। ਸੋ ਪਹਿਲੀ ਸ਼ਤਾਬਦੀ ਦੇ ਮੌਕੇ ’ਤੇ ਆਮ ਸਿੱਖਾਂ ਲਈ ਇਹ ਵੀ ਇੱਕ ਸਮੱਸਿਆ ਦਰਪੇਸ਼ ਹੋਵੇਗੀ ਕਿ ਅਕਸਰ ਕਿਹੜੇ ਦਲ ਨੂੰ ਅਸਲ ਅਕਾਲੀ ਦਲ ਸਮਝਿਆ ਜਾਵੇ ਜਾਂ ਮੰਨਿਆ ਜਾਵੇ, ਕਿਉਂਕਿ ਜਿਹੜੀ ਪਾਰਟੀ ਅਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ, ਉਹਨਾਂ ਨੇ ਖੁਦ ਹੀ ਅਕਾਲੀ ਦਲ ਦੇ ਵਿਧਾਨ ਦੇ ਖਿਲਾਫ ਜਾਕੇ ਇਸ ਪਾਰਟੀ ਨੂੰ ਪੰਜਾਬੀ ਪਾਰਟੀ ਬਣਾ ਦਿੱਤਾ ਹੈ। ਇਸ ਤੋਂ ਬਾਅਦ ਜਿਹੜਾ ਵੱਡਾ ਧੜੇ ਵਾਲਾ ਅਕਾਲੀ ਦਲ ਹੈ ਉਹ ਅਕਾਲੀ ਦਲ (ਅ) ਹੈ ਜਿਸ ਦੀ ਅਗਵਾਈ ਸ੍ਰ. ਸਿਮਰਨਜੀਤ ਸਿੰਘ ਮਾਨ ਕਰਦੇ ਹਨ, ਕਿਉਂਕਿ ਇਸ ਪਾਰਟੀ ਦਾ ਮੁੱਖ ਏਜੰਡਾ ਖਾਲਿਸਤਾਨ ਦੇ ਦੁਆਲੇ ਘੁੰਮਦਾ ਹੈ, ਇਸ ਲਈ ਇਸ ਪਾਰਟੀ ਨੂੰ ਕੇਂਦਰ ਕਦੇ ਵੀ ਸਫਲ ਨਹੀਂ ਹੋਣ ਦੇਵੇਗਾ। ਇਸ ਤੋਂ ਬਾਅਦ ਰਵੀਇੰਦਰ ਸਿੰਘ ਦਾ ਅਕਾਲੀ ਦਲ 1920 ਹੈ, ਜਿਸ ਦਾ ਆਪਣਾ ਲੋਕ ਅਧਾਰ ਨਾ ਦੇ ਬਰਾਬਰ ਹੋਣ ਕਰਕੇ ਉਹਨਾਂ ਨੂੰ ਕਿਸੇ ਨਾ ਕਿਸੇ ਧੜੇ ਨਾਲ ਸਮਝੋਤਾ ਕਰਕੇ ਹੀ ਚੱਲਣਾ ਪੈਂਦਾ ਹੈ, ਜੇਕਰ ਪਿਛਲੇ ਸਾਲਾਂ ’ਚ ਬਾਦਲ ਧੜੇ ਤੋਂ ਵੱਖ ਹੋਏ ਟਕਸਾਲੀਆਂ ਦੇ ਅਕਾਲੀ ਦਲ ਦੀ ਗੱਲ ਕੀਤੀ ਜਾਵੇ ਤਾਂ ਕਹਿ ਸਕਦੇ ਹਾਂ ਕਿ ਉਹ ਵੀ ਸ੍ਰ. ਸੁਖਦੇਵ ਸਿੰਘ ਢੀਂਡਸੇ ਵੱਲੋਂ ਆਪਣਾ ਨਵਾਂ ਅਕਾਲੀ ਦਲ ਬਣਾ ਲੈਣ ਤੋਂ ਬਾਅਦ ਬੇਹੱਦ ਕਮਜੋਰ ਤੇ ਆਗੂ ਹੀਣ ਹੋ ਗਏ ਹਨ, ਇੱਕ ਧੜਾ ਹੋਰ ਹੈ ਜਿਸ ਦਾ ਨਾਮ ਅਕਾਲੀ ਦਲ ਸੁਤੰਤਰ ਹੈ, ਜਿਸ ਦਾ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਹੈ ਪਰ ਉਹਨਾਂ ਦਾ ਲੋਕ ਆਧਾਰ ਨਾਭਾ ਪਾਰ ਨਹੀਂ ਕਰਦਾ। ਹੁਣ ਗੱਲ ਕਰਦੇ ਹਾਂ ਨਵੇਂ ਬਣੇ ਅਕਾਲੀ ਦਲ ਦੀ ਜਿਸਨੂੰ ਸ੍ਰ. ਸੁਖਦੇਵ ਸਿੰਘ ਢੀਂਡਸਾ ਨੇ ਬੜੀ ਦੂਰਅੰਦੇਸ਼ੀ ਨਾਲ ਸ਼ਰੋਮਣੀ ਅਕਾਲੀ ਦਲ ਦਾ ਨਾਮ ਦਿੱਤਾ ਹੈ, ਪਰ ਉਹਨਾਂ ਦਾ ਏਜੰਡਾ ਸਪੱਸ਼ਟ ਨਾ ਹੋਣ ਕਰਕੇ ਸ਼ਾਇਦ ਉਹ ਵੀ ਕੋਈ ਵੱਡਾ ਮਾਰਕਾ ਮਾਰਨ ਦੇ ਸਮਰੱਥ ਭਾਵੇਂ ਨਾ ਵੀ ਹੋਣ, ਪਰ ਇਹ ਜਰੂਰ ਕਿਹਾ ਜਾ ਸਕਦਾ ਹੈ ਕਿ ਆਪਣੇ ਅਕਾਲੀ ਦਲ ਨੂੰ ਬਾਦਲ ਦੇ ਬੇੜੀਆਂ ’ਚ ਬੱਟੇ ਪਾਉਣ ਦੇ ਸਮਰੱਥ ਜਰੂਰ ਬਣਾ ਸਕਦੇ ਹਨ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਟਕਸਾਲੀ ਅਤੇ ਢੀਂਡਸਾ ਸਮੇਤ ਅਕਾਲੀ ਦਲ ਬਾਦਲ ਦੀ ਟੇਕ ਪੰਜਾਬੀਆਂ ਅਤੇ ਸਿੱਖਾਂ ’ਤੇ ਨਾ ਹੋ ਕੇ ਕੇਂਦਰ ’ਤੇ ਹੀ ਰੱਖੀ ਹੋਈ ਹੈ, ਇਸ ਲਈ ਇਹ ਦੋਨੋਂ ਧੜੇ ਵੀ ਪੰਜਾਬ ਹਿਤੈਸ਼ੀ ਨਹੀਂ ਹੋ ਸਕਣਗੇ ਅਤੇ ਨਾ ਹੀ ਅਕਾਲੀ ਦਲ ਦੇ ਅਸਲ ਵਾਰਸ ਬਣਨ ਦੇ ਸਮਰੱਥ ਹੋ ਸਕਦੇ ਹਨ। ਜੇਕਰ ਸ੍ਰ. ਸੁਖਦੇਵ ਸਿੰਘ ਢੀਂਡਸਾ ਆਪਣੀ ਟੇਕ ਪੰਥ ਅਤੇ ਪੰਜਾਬ ’ਤੇ ਰੱਖ ਕੇ ਤੁਰਦੇ ਤਾਂ ਸ਼ਾਇਦ ਕੁੱਝ ਪਰਾਪਤੀ ਹੋ ਸਕਦੀ ਸੀ, ਪ੍ਰੰਤੂ ਇਹ ਸੱਚ ਤੋਂ ਕਿਵੇਂ ਮੁਨਕਰ ਹੋਇਆ ਜਾ ਸਕਦਾ ਹੈ ਕਿ ਜਿਸ ਅਕਾਲੀ ਦਲ ਦਾ ਚਿਹਰਾ ਮੁਹਰਾ ਬਦਲਣ ਵਿੱਚ ਸ੍ਰ. ਢੀਂਡਸਾ ਬਾਦਲ ਦਾ ਭਾਈਵਾਲ ਰਿਹਾ ਹੋਵੇ, ਜਿਹੜੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਸ੍ਰ. ਢੀਡਸਾ ਨੇ ਵੀ ਮਿੱਟੀ ਘੱਟੇ ਰੋਲਣ ਵਿੱਚ ਵੱਡਾ ਯੋਗਦਾਨ ਪਾਇਆ ਹੋਵੇ, ਜਿਸ ਦੇ ਬਦਲੇ ਕੇਂਦਰ ਤੋਂ ਵੱਡੇ-ਵੱਡੇ ਪੁਰਸਕਾਰ ਉਹਨਾਂ ਦੀ ਝੋਲੀ ਵੀ ਪਏ ਹੋਣ, ਫਿਰ ਅੱਜ ਉਹਨਾਂ ਸਿੱਖ ਹਿੱਤਾਂ ਦੀ ਗੱਲ ਸੁਖਦੇਵ ਸਿੰਘ ਢੀਂਡਸਾ ਕਿਵੇਂ ਕਰ ਸਕਦੇ ਹਨ। ਸੋ ਪੰਥ ਅਤੇ ਪੰਜਾਬ ਦੇ ਹਿੱਤਾਂ ਨਾਲ ਸਬੰਧਤ ਅਜਿਹੇ ਬਹੁਤ ਸਾਰੇ ਸੁਆਲ ਹਨ ਜਿਹੜੇ ਇਸ ਨਵੇਂ ਅਕਾਲੀ ਦਲ ਦੇ ਪ੍ਰਧਾਨ ਨੂੰ ਦੇਣੇ ਹੀ ਪੈਣਗੇ ਅਤੇ ਇਹ ਵੀ ਇਮਾਨਦਾਰੀ ਨਾਲ ਕਬੂਲ ਕਰਨਾ ਪਵੇਗਾ ਕਿ ਹਣ ਤੱਕ ਪੰਥ ਅਤੇ ਪੰਜਾਬ ਦੇ ਮਸਲਿਆਂ ਤੋਂ ਪਾਸਾ ਵੱਟਣਾ ਉਹਨਾਂ ਦੀ ਵੱਡੀ ਗਲਤੀ ਸੀ। ਜੇਕਰ ਆਪਣਾ ਏਜੰਡਾ ਸਪੱਸ਼ਟ ਨਾ ਕੀਤਾ ਤਾਂ ਮਹਿਜ ਕੇਂਦਰ ਦਾ ਸਹਾਰਾ ਵੀ ਢੀਂਡਸਾ ਸਾਹਿਬ ਦੀ ਬੇੜੀ ਨੂੰ ਪਾਰ ਲਾਉਣ ਵਿੱਚ ਕਾਮਯਾਬ ਨਹੀਂ ਹੋ ਸਕੇਗਾ।

# ਕੀ ਭਾਰਤ ਵਿਚ ਵੀ ਰੰਗ ਆਧਾਰਿਤ ਨਸਲਵਾਦ ਮੌਜੂਦ ਹੈ ?

ਅਭੈ ਕੁਮਾਰ

ਜਦੋਂ ਤੋਂ ਸਿਆਹਫਾਮ ਜਾਰਜ ਫਲੋਇਡ ਦੀ ਇਕ ਗੋਰੇ ਪੁਲਿਸ ਅਫ਼ਸਰ ਨੇ ਅਮਰੀਕਾ ਵਿਚ ਹੱਤਿਆ ਕੀਤੀ ਹੈ, ਉਦੋਂ ਤੋਂ ਭਾਰਤ ਵਿਚ ਨਸਲਵਾਦ ’ਤੇ ਬਹਿਸ ਚੱਲ ਪਈ ਹੈ। ਇਸ ਚਰਚਾ ਵਿਚ ਹਿੱਸਾ ਲੈਣ ਵਾਲੇ ਤਕਰੀਬਨ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਭਾਰਤ ਵਿਚ ਵੀ ਇਕ ਅਜਿਹਾ ਨਸਲਵਾਦ ਹੈ, ਜੋ ਭੂਰੇ, ਕਣਕਵੰਨੇ ਅਤੇ ਘੱਟ ਗੋਰੇ ਰੰਗ ਤੋਂ ਗੋਰੇ ਰੰਗ ਨੂੰ ਪਹਿਲ ਦਿੰਦਾ ਹੈ। ਇਹ ਸਾਬਤ ਕਰਨ ਲਈ ਜੋ ਤਰਕ ਦਿੱਤੇ ਜਾ ਰਹੇ ਹਨ, ਉਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਸੰਸਕ੍ਰਿਤ ਦੇ ਸ਼ਬਦ ‘ਵਰਣ’ ਨੂੰ ਲਿਆ ਜਾ ਰਿਹਾ ਹੈ। ਕਿਉਂਕਿ ਵਰਣ ਦਾ ਮਤਲਬ ਹੁੰਦਾ ਹੈ ‘ਰੰਗ’, ਇਸ ਲਈ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਹਿੰਦੂ ਸਮਾਜ ਦਾ ਵਰਣ ਆਸ਼ਰਮ ਧਰਮ ਆਪਣੇ ਆਪ ਵਿਚ ਨਸਲਵਾਦ ਦੇ ਪ੍ਰਾਚੀਨ ਆਧਾਰ ਵੱਲ ਇਸ਼ਾਰਾ ਕਰਦਾ ਹੈ। ਅਖਬਾਰਾਂ ਵਿਚ ਅਜਿਹੀਆਂ ਔਰਤਾਂ ਦੇ ਕੌੜੇ ਅਨੁਭਵ ਛਾਪੇ ਜਾ ਰਹੇ ਹਨ, ਜਿਨ੍ਹਾਂ ਨੂੰ ਆਪਣੇ ਸਾਂਵਲੇ ਰੰਗ ਕਾਰਨ ਕਿਤੇ ਨਾ ਕਿਤੇ ਭੇਦਭਾਵ ਦਾ ਸ਼ਿਕਾਰ ਹੋਣਾ ਪਿਆ ਹੈ। ਇਕ ਸ਼ਹਿਰੀ ਸਾਂਵਲੀ ਔਰਤ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਗੋਰਾ ਰੰਗ ਨਾ ਹੋਣ ਦੇ ਕਾਰਨ ਉਹ ਸੁੰਦਰਤਾ ’ਤੇ ਆਪਣਾ ਹੱਕ ਨਹੀਂ ਮੰਨਦੀ। ਜਿੱਥੋਂ ਤੱਕ ਗੋਰੇ ਰੰਗ ਨੂੰ ਮਿਲਣ ਵਾਲੀ ਪਹਿਲ ਦਾ ਸਵਾਲ ਹੈ, ਭਾਰਤੀ ਸਮਾਜ ਦੀ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਿੰਦੀ ਦੀਆਂ ਦੋ ਪ੍ਰਸਿੱਧ ਲੇਖਿਕਾਵਾਂ ਪ੍ਰਭਾ ਖੇਤਾਨ ਅਤੇ ਮਨੂ ਭੰਡਾਰੀ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਲਿਖਿਆ ਹੈ ਕਿ ਉਹ ਰੰਗ ਗੋਰਾ ਨਾ ਹੋਣ ਕਾਰਨ ਬਚਪਨ ਵਿਚ ਹੀਣਤਾ ਤੋਂ ਪੀੜਤ ਸਨ। ਉਨ੍ਹਾਂ ਨੂੰ ਲਗਦਾ ਸੀ ਕਿ ਪਰਿਵਾਰ ਵਿਚ ਜਿਹੜੇ ਗੋਰੇ ਬੱਚੇ ਹਨ, ਉਨ੍ਹਾਂ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ। ਇਸੇ ਨਾਲ ਜੋੜ ਕੇ ਜੇਕਰ ‘ਫੇਅਰ ਐਂਡ ਲਵਲੀ’ ਭਾਵ ਗੋਰੇ ਰੰਗ ਦੀ ਕ੍ਰੀਮ ਦਾ ਹਜ਼ਾਰਾਂ ਕਰੋੜ ਰੁਪਏ ਦਾ ਵਪਾਰ ਵੇਖਿਆ ਜਾਵੇ ਤਾਂ ਇਹ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ ਕਿ ਭਾਰਤ ਵਿਚ ਹਰ ਲਾੜੇ ਨੂੰ ਗੋਰੀ ਵਹੁਟੀ ਹੀ ਕਿਉਂ ਚਾਹੀਦੀ ਹੈ। ਇਸੇ ਤਰ੍ਹਾਂ ਹਰ ਅਦਾਕਾਰਾ ਦੇ ਚਿਹਰੇ ਨੂੰ ਲਿਪ-ਪੋਚ ਕੇ ਗੋਰਾ ਕਿਉਂ ਬਣਾ ਦਿੱਤਾ ਜਾਂਦਾ ਹੈ। ਟੀ.ਵੀ. ’ਤੇ ਹਰ ਇਸਤਰੀ ਐਂਕਰ ਲਾਜ਼ਮੀ ਤੌਰ ’ਤੇ ਗੋਰੀ ਹੀ ਦਿਸਦੀ ਹੈ। ਸਮਾਜ ਵਿਚ ਪ੍ਰਚੱਲਿਤ ਕਈ ਕਹਾਵਤਾਂ ਤੋਂ ਪਤਾ ਲਗਦਾ ਹੈ ਕਿ ਚਮੜੀ ਦੇ ਰੰਗ ਦਾ ਜਾਤ ਨਾਲ ਵੀ ਕੁਝ ਨਾ ਕੁਝ ਸਬੰਧ ਹੈ। ਬ੍ਰਾਹਮਣਾਂ ਤੋਂ ਇਹ ਆਸ ਨਹੀਂ ਕੀਤੀ ਜਾਂਦੀ ਕਿ ਉਨ੍ਹਾਂ ਦਾ ਰੰਗ ਗੋਰਾ ਨਹੀਂ ਹੋਵੇਗਾ। ਅਨੁਸੂਚਿਤ ਜਾਤੀਆਂ ਦੇ ਸਾਂਵਲੇ ਜਾਂ ਕਾਲੇ ਨਾ ਹੋਣ ਦੀ ਉਮੀਦ ਨਹੀਂ ਕੀਤੀ ਜਾਂਦੀ।

ਜ਼ਾਹਰ ਹੈ ਕਿ ਸਮਾਜ ਦੀ ਸੋਚ ਵਿਚ ਰੰਗ ਨੂੰ ਲੈ ਕੇ ਇਕ ਅਜਿਹੀ ਸਮੱਸਿਆ ਹੈ, ਜਿਸ ਨੂੰ ਗੰਢ ਵੀ ਕਿਹਾ ਜਾ ਸਕਦਾ ਹੈ। ਪਰ ਕੀ ਇਹ ਸਮੱਸਿਆ ਨਸਲਵਾਦ ਹੈ ? ਉਹੋ ਜਿਹਾ ਹੀ ਨਸਲਵਾਦ ਜਿਹੋ ਜਿਹਾ ਪੱਛਮੀ ਸਮਾਜਾਂ ਵਿਚ ਹੈ। ਕਿਤੇ ਅਜਿਹਾ ਤਾਂ ਨਹੀਂ ਕਿ ਜਿਸ ਤਰ੍ਹਾਂ ਅਸੀਂ ਪੱਛਮੀ ਸਮਾਜ ਦੀਆਂ ਖੂਬੀਆਂ ਨੂੰ ਆਪਣੇ ਸਮਾਜ ਵਿਚ ਵੇਖਣਾ ਚਾਹੁੰਦੇ ਹਾਂ, ਉਸੇ ਤਰ੍ਹਾਂ ਅਸੀਂ ਉਨ੍ਹਾਂ ਸਮਾਜਾਂ ਦੀਆਂ ਬੁਰਾਈਆਂ ਨੂੰ ਵੀ ਆਪਣੇ ਸਮਾਜ ਵਿਚ ਵੇਖਣ ਦੀ ਕੋਸ਼ਿਸ਼ ਕਰਦੇ ਹਾਂ ? ਇਸ ਸਵਾਲ ਦਾ ਜਵਾਬ ਪਾਉਣ ਲਈ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਇਹ ਪਤਾ ਲਾਈਏ ਕਿ ਕੀ ਭਾਰਤੀ ਚਿੰਤਨ ਵਿਚ ਰਵਾਇਤੀ ਢੰਗ ਨਾਲ ਗੋਰੇ ਰੰਗ ਦੀ ਚਮੜੀ ਨੂੰ ਦੂਜੇ ਰੰਗ ਦੇ ਮੁਕਾਬਲੇ ਪਹਿਲ ਦਿੱਤੀ ਗਈ ਹੈ ਅਤੇ ਜੇਕਰ ਦਿੱਤੀ ਗਈ ਹੈ ਤਾਂ ਉਸ ਪਹਿਲ ਦਾ ਕਿਰਦਾਰ ਕੀ ਹੈ ? ਨਵ ਪ੍ਰਾਚੀਨਵਾਦੀ ਮੋਨੀਅਰ ਮੋਨੀਅਰ ਵਿਲੀਅਕਸ ਵੀ ਵਰਣ ਦਾ ਅਰਥ ਵਰਗ, ਜਨ ਜਾਤੀ, ਗਣ ਅਤੇ ਜਾਤੀ ਦੇ ਰੂਪ ਵਿਚ ਕਰਦੇ ਹਨ। ਰਿਗਵੇਦ ਵਿਚ ਵੀ ਜਿੱਥੇ ਆਰੀਆ ਅਤੇ ਦਸਯੂਆਂ ਦਰਮਿਆਨ ਅੰਤਰ ਕੀਤਾ ਗਿਆ ਹੈ, ਉੱਥੇ ਚਮੜੀ ਦੇ ਰੰਗ ਦੀ ਮਦ ਦੀ ਵਰਤੋਂ ਨਹੀਂ ਕੀਤੀ ਗਈ। ਤਾਂ ਕੀ ਭਾਰਤ ਵਾਸੀਆਂ ਦਰਮਿਆਨ ਸਮਝ ਦੇ ਪੱਧਰ ’ਤੇ ਚਮੜੀ ਦੇ ਰੰਗਾਂ ਵਿਚਲੇ ਫ਼ਰਕ ਦੀ ਘਾਟ ਸੀ। ਜੇਕਰ ਉਹ ਕੋਈ ਫ਼ਰਕ ਕਰਦੇ ਵੀ ਸਨ ਤਾਂ ਕੀ ਉਸ ਦੇ ਨਾਲ ਕੋਈ ਕਦਰਾਂ ਕੀਮਤਾਂ ਸਬੰਧੀ ਪ੍ਰਣਾਲੀ ਜਾਂ ਪੂਰਬ ਗ੍ਰਹਿ ਜੁੜਿਆ ਹੋਇਆ ਸੀ ? ਅਤੇ ਕੀ ਇਹ ਧਾਰਨਾਵਾਂ ਕਿਸੇ ਨਸਲੀ ਬਣਤਰ ਵੱਲ ਕੋਈ ਇਸ਼ਾਰਾ ਕਰਦੀਆਂ ਹਨ। ਸੰਸਕ੍ਰਿਤੀ ਦੇ ਵਿਦਵਾਨ ਅਤੇ ਦੁਨੀਆ ਦੇ ਪ੍ਰਮੁੱਖ ਭਾਸ਼ਾ ਵਿਗਿਆਨੀਆਂ ਵਿਚੋਂ ਇਕ ਮਾਧਵ ਦੇਸ਼ਪਾਂਡੇ ਨੇ ਪਤੰਜਲੀ ‘ਮਹਾਭਾਸ਼ਯ’ ਦੇ ਹਵਾਲੇ ਨਾਲ ਦੱਸਿਆ ਹੈ ਕਿ ਪ੍ਰਾਚੀਨਕਾਲ ਵਿਚ ਆਮ ਤੌਰ ’ਤੇ ਬ੍ਰਾਹਮਣਾਂ ਦਾ ਰੰਗ ਗੋਰਾ ਸਮਝਿਆ ਜਾਂਦਾ ਸੀ। ਕਿਹਾ ਜਾਂਦਾ ਸੀ ਕਿ ਉਹ ਕ੍ਰਿਸ਼ਨ ਵਰਣ ਦੇ ਨਹੀਂ ਹੋ ਸਕਦੇ। ਦੇਸ਼ਪਾਂਡੇ ਨੇ ਨੌਵੀਂ ਸਦੀ ਦੇ ਰਾਜਸ਼ੇਖਰ ਦੀ ਰਚਨਾ ‘ਕਾਵਯ ਮੀਮਾਂਸਾ’ ਰਾਹੀਂ ਭਾਰਤ ਵਿਚ ਚਮੜੀ ਦੇ ਰੰਗਾਂ ਦੇ ਭੂਗੋਲ ਦੀ ਜਾਣਕਾਰੀ ਵੀ ਦਿੱਤੀ ਹੈ। ਇਸ ਅਨੁਸਾਰ ਉੱਤਰ ਭਾਰਤ ਗੋਰੇ, ਪੂਰਬੀ ਭਾਰਤ ਸਾਂਵਲੇ, ਦੱਖਣੀ ਭਾਰਤ ਵਧੇਰੇ ਗਹਿਰੇ ਰੰਗ ਅਤੇ ਪੱਛਮੀ ਭਾਰਤ ਪੀਲੇਪਨ ਦੇ ਗੋਰੇ ਰੰਗ ਲਈ ਜਾਣਿਆ ਜਾਂਦਾ ਹੈ। ਬਹੁਤ ਹੀ ਪ੍ਰਾਚੀਨ ’ਵਸ਼ਿਸ਼ਠ ਧਰਮਸੂਤਰ’ ਜਾਣਕਾਰੀ ਦਿੰਦਾ ਹੈ ਕਿ ਪਰਿਵਾਰ ਵਿਚ ਗੋਰੇ ਰੰਗ ਦੀ ਨੂੰਹ ਲਿਆਉਣ ਦੀ ਇੱਛਾ ਬਹੁਤ ਪੁਰਾਣੀ ਹੈ।

ਪਰ ਕੀ ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਭਾਰਤੀ ਸਮਾਜ ਵਿਚ ਰੰਗ ਆਧਾਰਿਤ ਵੱਖਵਾਦ, ਮੌਕਿਆਂ ਦੀ ਅਸਮਾਨਤਾ ਅਤੇ ਨਫ਼ਰਤ ਦਾ ਸਾਂਚਾ ਸੀ। ਕੀ ਭਾਰਤ ਵਿਚ ਰੰਗ ਅਤੇ ਰੂਪ ਨੂੰ ਇਕ ਦੂਜੇ ਦਾ ਪੂਰਕ ਸਮਝਿਆ ਜਾਂਦਾ ਸੀ। ਭਾਵ ਗੋਰਾ ਰੰਗ ਸੁੰਦਰਤਾ ਅਤੇ ਕਾਲਾ ਰੰਗ ਕਰੂਪਤਾ ਦਾ ਪ੍ਰਤੀਕ ਸੀ। ਕੀ ਵਿਸ਼ਣੂ ਦੇ ਦੋਵੇਂ ਪ੍ਰਮੁੱਖ ਅਵਤਾਰਾਂ (ਰਾਮ ਅਤੇ ਕ੍ਰਿਸ਼ਨ) ਅਤੇ ਹੋਰ ਕਈ ਪੂਜਨੀਕ ਦੇਵੀ ਦੇਵਤਾਵਾਂ ਦਾ ਸ਼ਯਾਮ ਵਰਣ ਚਮੜੀ ਦੇ ਰੰਗ ਨਾਲ ਜੁੜੀਆਂ ਤਰਜੀਹਾਂ ਬਾਰੇ ਕੁਝ ਨਹੀਂ ਕਹਿੰਦਾ, ਕੀ ਕਾਲੀਦਾਸ ਦੇ ਮੇਘਦੂਤ ਦੀ ਯੱਕਸ਼ਿਣੀ ‘ਤਨਵੰਗੀ ਸ਼ਿਯਾਮਾ’ ਨਹੀਂ ਹੈ ? ਕੀ ਮਹਾਭਾਰਤ ਦੀ ਦ੍ਰੋਪਦੀ ਆਪਣੇ ਸਾਂਵਲੇ ਰੰਗ ਅਤੇ ਸੁੰਦਰਤਾ ਲਈ ਨਹੀਂ ਸਰਾਹੀ ਜਾਂਦੀ। ਅਮਲੀ ਦ੍ਰਿਸ਼ਟੀ ਨਾਲ ਵੇਖੀਏ ਤਾਂ ਇਹ ਸਥਿਤੀ ਹੋਰ ਵੀ ਸਾਫ ਹੋ ਜਾਂਦੀ ਹੈ। ਮੈਂ ਆਪਣੀ ਹੀ ਉਦਾਹਰਨ ਦੇਣੀ ਚਾਹੁੰਦਾ ਹਾਂ। ਮੇਰੀ ਮਾਂ ਬਹੁਤ ਗੋਰੇ ਰੰਗ ਦੀ ਸੀ। ਮੇਰੇ ਪਿਤਾ ਹਲਕੇ ਕਣਕਵੰਨੇ ਰੰਗ ਦੇ ਸਨ। ਮੇਰੀ ਪਤਨੀ ਵੀ ਕਣਕਵੰਨੇ ਰੰਗ ਦੀ ਹੈ। ਮੇਰੀ ਬੇਟੀ ਵੀ। ਮੇਰਾ ਪੁੱਤਰ ਗੋਰੇ ਰੰਗ ਦਾ ਮੰਨਿਆ ਜਾਂਦਾ ਹੈ। ਦਰਅਸਲ ਇਹ ਸਥਿਤੀ ਪੂਰੇ ਦੇਸ਼ ਦੇ ਕਰੋੜਾਂ ਪਰਿਵਾਰਾਂ ਦੀ ਹੈ। ਹਰ ਪਰਿਵਾਰ ਵਿਚ (ਕੁਝ ਕੁ ਨੂੰ ਛੱਡ ਕੇ) ਚਮੜੀ ਦੇ ਤਰ੍ਹਾਂ-ਤਰ੍ਹਾਂ ਦੇ ਰੰਗ ਵੇਖੇ ਜਾ ਸਕਦੇ ਹਨ। ਅਜਿਹੇ ਦੇਸ਼ ਵਿਚ ਚਮੜੀ ਦੇ ਰੰਗ ’ਤੇ ਆਧਾਰਿਤ ਨਸਲਵਾਦ ਅਸੰਭਵ ਹੈ। ਇਸ ਸਮਾਜ ਵਿਚ ਗੋਰੇ ਰੰਗ ਦੀਆਂ ਅਜਿਹੀਆਂ ਅਣਗਿਣਤ ਇਸਤਰੀਆਂ ਹਨ, ਜਿਨ੍ਹਾਂ ਨੇ ਸਾਂਵਲੇ ਰੰਗ ਦੇ ਪੁਰਸ਼ਾਂ ਨੂੰ ਆਪਣੇ ਪ੍ਰੇਮ ਦਾ ਪਾਤਰ ਬਣਾਇਆ ਹੈ। ਇਸੇ ਤਰ੍ਹਾਂ ਪਤਾ ਨਹੀਂ ਕਿੰਨੇ ਗੋਰੇ ਪੁਰਸ਼ ਹਨ ਜੋ ਸਾਵਲੀਆਂ ਇਸਤਰੀਆਂ ਨੂੰ ਪ੍ਰੇਮ ਕਰਕੇ ਵਿਆਹੇ ਗਏ।

ਮੈਨੂੰ ਲਗਦਾ ਹੈ ਕਿ ਭਾਰਤੀ ਸਮਾਜ ਬਹੁਤ ਜ਼ਿਆਦਾ ਗੋਰੇ ਰੰਗ ’ਤੇ ਮੋਹਿਤ ਹੋਣ ਦੀ ਬਜਾਏ ਉਸ ’ਤੇ ਹੈਰਾਨ ਹੁੰਦਾ ਹੈ। ਵਿਸ਼ਵ ਸੁੰਦਰੀ ਅਤੇ ਟੀ.ਵੀ. ਅਦਾਕਾਰਾ ਸੌਮਿਆ ਟੰਡਰ ਆਪਣੀ ਹੱਡਬੀਤੀ ਦੱਸਦੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਬਹੁਤ ਜ਼ਿਆਦਾ ਗੋਰੇ ਰੰਗ ਦੀ ਵਜ੍ਹਾ ਨਾਲ ਸ਼ੁਰੂ ਤੋਂ ਹੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਹ ਦੱਸਦੀ ਹੈ ਕਿ ਬਚਪਨ ਵਿਚ ਸਕੂਲ ਵਿਚ ਉਹ ਅਤੇ ਉਨ੍ਹਾਂ ਦਾ ਭਰਾ ਬਹੁਤ ਗੋਰੇ ਰੰਗ ਕਾਰਨ ਜਮਾਤ ਵਿਚ ਇਕੱਲੇ ਰਹਿ ਜਾਂਦੇ ਸਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਦੋਂ ਭਾਰਤ ਵਾਸੀਆਂ ਨੇ ਅੰਗਰੇਜ਼ਾਂ ਨੂੰ ਪਹਿਲੀ ਵਾਰ ਵੇਖਿਆ ਤਾਂ ਉਨ੍ਹਾਂ ਨੂੰ ਫਿਰੰਗੀ ਕਿਹਾ, ਭਾਵ ਫਿਰੰਗ ਰੋਗ ਦਾ ਸ਼ਿਕਾਰ ਵਿਅਕਤੀ। ਕੋਈ ਵੀ ਭਾਰਤੀ ਨਹੀਂ ਚਾਹੁੰਦਾ ਕਿ ਉਸ ਦਾ ਰੰਗ ਫਿਰੰਗੀਆਂ ਵਰਗਾ ਹੋ ਜਾਵੇ। ਜਿੱਥੋਂ ਤੱਕ ਉੱਤਰ ਪੂਰਬ ਦੇ ਲੋਕਾਂ ਨੂੰ ਚਿੰਕੀ ਮਿੰਕੀ ਕਹਿਣ ਵਾਲੀ ਗੱਲ ਹੈ ਤਾਂ ਸਾਨੂੰ ਦੇਖਣਾ ਹੋਵੇਗਾ ਕਿ ਇਹ ਬੇਹੂਦਾ ਟਿੱਪਣੀ ਉਨ੍ਹਾਂ ਦੇ ਨੈਣ ਨਕਸ਼ਾਂ ’ਤੇ ਹੁੰਦੀ ਹੈ। ਰੰਗ ਵਿਚ ਤਾਂ ਉਹ ਦੇਸ਼ ਦੇ ਹੋਰਾਂ ਖੇਤਰਾਂ ਦੇ ਲੋਕਾਂ ਨਾਲੋਂ ਗੋਰੇ ਹੀ ਹਨ। ਇਸ ਟਿੱਪਣੀ ਨੂੰ ਪੱਛਮੀ ਕਿਸਮ ਦੇ ਨਸਲਵਾਦ ਦੇ ਸ਼ੀਸ਼ੇ ਵਿਚ ਵੇਖਣ ਦੀ ਬਜਾਏ ਇਕ ਉਪ ਮਹਾਂਦੀਪ ਅੰਦਰ ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਵਾਸੀਆਂ ਦਰਮਿਆਨ ਸੱਭਿਆਚਾਰਕ ਦੂਰੀ ਦੇ ਰੂਪ ਵਿਚ ਵੇਖੀ ਜਾਣੀ ਚਾਹੀਦੀ ਹੈ।




Looking to Buy/Sell ?

We know the difference between Home & House

Honesty, Integrity & Experience



Since 2007

*Specializing in Investment & Income producing real estate

Whitestone Real Estate

Sharanjit Singh Thind
Real Estate Broker

Phone:917 612 3158

THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE

CDC

For more information, please visit
**CORONAVIRUS.GOV**

# ਕੋਰੋਨਾ ਦੇ ਆਰਥਿਕ ਅਸਰ ਅਤੇ ਸੰਭਾਵੀ ਹੱਲ

**ਤਾਲਾਬੰਦੀ ਕਾਰਨ ਆਰਥਿਕ ਗਤੀਵਿਧੀਆਂ ਵਿਚ ਆਈ ਅਚਾਨਕ ਗਿਰਾਵਟ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ। ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਨੇ ਭਾਰਤ ਦੀ ਵਿਕਾਸ ਦਰ 1.9 ਫ਼ੀਸਦ ਰਹਿਣ ਦਾ ਅਨੁਮਾਨ ਲਗਾਇਆ ਹੈ ਜੋ 1991 ਦੀਆਂ ਉਦਾਰੀਕਰਨ ਨੀਤੀਆਂ ਤੋਂ ਬਾਅਦ ਸਭ ਤੋਂ ਮਾੜੀ ਵਿਕਾਸ ਦਰ ਹੈ। ਵਿਸ਼ਵ ਬੈਂਕ ਅਨੁਸਾਰ, 2020-21 ਵਿਚ ਭਾਰਤੀ ਆਰਥਿਕਤਾ ਵਿਚ 3.2 ਫ਼ੀਸਦ ਦੀ ਗਿਰਾਵਟ ਆਵੇਗੀ। ਮੰਗ ਅਤੇ ਪੂਰਤੀ ਦੀ ਕਮੀ ਅਤੇ ਸਿੱਟੇ ਵਜੋਂ ਉਪਜੀ ਆਰਥਿਕ ਮੰਦੀ ਦਾ ਅਸਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਤਕਰੀਬਨ ਇਕੋ ਜਿਹਾ ਹੈ ਪਰ ਭਾਰਤ ਦੇ ਮਾਮਲੇ ਵਿਚ ਇਹ ਸਮੱਸਿਆ ਵਧੇਰੇ ਗੰਭੀਰ ਅਤੇ ਲੰਮੇ ਸਮੇਂ ਲਈ ਹੋ ਸਕਦੀ ਹੈ, ਕਿਉਂਕਿ ਭਾਰਤੀ ਅਰਥਵਿਵਸਥਾ ਦੀ ਕਾਰਗੁਜ਼ਾਰੀ 2016-17 ਤੋਂ ਮਾੜੀ ਰਹੀ ਹੈ।**

ਕੋਰੋਨਾ ਮਹਾਂਮਾਰੀ ਵਿਸ਼ਵ ਦੇ ਹਰ ਹਿੱਸੇ ਵਿਚ ਫੈਲ ਚੁੱਕੀ ਹੈ। ਇਹ ਮਹਾਂਮਾਰੀ ਸਿਹਤ ਸੰਕਟ ਨਾਲੋਂ ਕਿਤੇ ਵੱਧ ਹੈ। ਇਸ ਨੇ ਸਮਾਜਿਕ ਭਾਈਚਾਰਕ ਸਾਂਝ ਅਤੇ ਅਰਥਚਾਰੇ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ। ਇਸ ਮਹਾਮਾਰੀ ਦੇ ਪ੍ਰਭਾਵ ਭਾਵੇਂ ਵੱਖ-ਵੱਖ ਦੇਸ਼ਾਂ ਉੱਤੇ ਵੱਖ ਵੱਖ ਹੋਣ ਪਰ ਕੌਮਾਂਤਰੀ ਪੱਧਰ ਉੱਤੇ ਇਹ ਗ਼ਰੀਬੀ ਅਤੇ ਆਰਥਿਕ ਅਸਮਾਨਤਾਵਾਂ ਵਧਾਏਗੀ। ਇਸ ਨੇ ਵਿਸ਼ਵ ਆਰਥਚਾਰੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਦੁਨੀਆਂ ਭਰ ਦੇ ਕਈ ਦੇਸ਼ਾਂ ਨੇ ਤਾਲਾਬੰਦੀ ਦਾ ਸਹਾਰਾ ਲਿਆ। 80 ਤੋਂ ਵੱਧ ਦੇਸ਼ਾਂ ਨੇ ਇਸ ਬਿਮਾਰੀ ਦੇ ਲਾਗ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਆਪਣੀਆਂ ਸਰਹੱਦਾਂ ਬੰਦ ਕਰ ਦਿੱਤੀਆਂ। ਆਪਣੀ ਆਬਾਦੀ ਨੂੰ ਇਕ ਦੂਜੇ ਤੋਂ ਸਰੀਰਕ ਦੂਰੀ ਬਣਾਈ ਰੱਖਣ, ਗ਼ੈਰ-ਜ਼ਰੂਰੀ ਦੁਕਾਨਾਂ/ਕਾਰਖਾਨੇ ਅਤੇ ਸਕੂਲ ਬੰਦ ਕਰਨ ਦਾ ਆਦੇਸ਼ ਦਿੱਤੇ ਹਨ ਜਿਸ ਨਾਲ ਆਰਥਿਕ ਸੰਕਟ ਅਤੇ ਮੰਦੀ ਦਾ ਡਰ ਪੈਦਾ ਹੋ ਗਿਆ ਹੈ। ਇਨ੍ਹਾਂ ਉਪਾਵਾਂ ਨਾਲ ਖ਼ਪਤ ਅਤੇ ਨਿਵੇਸ਼ ਦੇ ਪੱਧਰ ਵਿਚ ਭਾਰੀ ਗਿਰਾਵਟ ਆਈ ਹੈ। ਉਤਪਾਦਨ ਬੰਦ ਹੋ ਗਿਆ ਅਤੇ ਚਾਰੇ ਪਾਸੇ ਬੇਰੁਜ਼ਗਾਰੀ ਫੈਲ ਗਈ ਹੈ। 1930ਵਿਆਂ ਦੀ ਮਹਾਂਮੰਦੀ ਦੇ ਬਾਅਦ ਜਿਸ ਵਿਚ ਵਿਸ਼ਵ ਵਿਆਪੀ ਆਰਥਿਕਤਾ ਨੇ ਸਭ ਤੋਂ ਮਾੜੀ ਮੰਦੀ ਦਾ ਸਾਹਮਣਾ ਕੀਤਾ, ਹੁਣ ਕੋਰੋਨਾਵਾਇਰਸ ਮਹਾਂਮਾਰੀ ਨੇ ਪੂਰੀ ਦੁਨੀਆਂ ਦੀਆਂ ਸਾਰੀਆਂ ਆਰਥਿਕ ਗਤੀਵਿਧੀਆਂ ਉੱਤੇ ਮਾੜਾ ਪ੍ਰਭਾਵ ਪਾਇਆ ਹੈ। ਅਨੁਮਾਨ ਹੈ ਕਿ ਇਹ ਮਹਾਂਮਾਰੀ ਇਸ ਸਾਲ ਬਹੁਗਿਣਤੀ ਦੇਸ਼ਾਂ ਨੂੰ ਮੰਦੀ ਦੇ ਦੌਰ ਵਿਚ ਲੈ ਜਾਵੇਗੀ। ਵਿਸ਼ਵ ਬੈਂਕ ਦੀ ਤਾਜ਼ਾ ਰਿਪੋਰਟ 'ਗਲੋਬਲ ਆਉਟਲੁੱਕ ਪੈਂਡੈਮਿਕ, ਰਿਸੈਸ਼ਨ: ਦਿ ਗਲੋਬਲ ਇਕੋਨਮੀ ਇਨ ਕ੍ਰਾਈਸਿਸ' ਅਨੁਸਾਰ ਇਸ ਸਾਲ ਵਿਸ਼ਵ ਅਰਥਚਾਰੇ ਵਿਚ 5.2 ਫ਼ੀਸਦੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਇਹ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਮਾੜੀ ਮੰਦੀ ਹੋਵੇਗੀ ਜੋ 2009 ਦੀ ਵਿਸ਼ਵ ਪੱਧਰੀ ਮੰਦੀ ਨਾਲੋਂ ਵੀ ਤਕਰੀਬਨ ਤਿੰਨ ਗੁਣਾ ਜ਼ਿਆਦਾ ਹੋਵੇਗੀ। ਵੱਖ-ਵੱਖ ਦੇਸ਼ਾਂ ਵਲੋਂ ਕੀਤੀ ਤਾਲਾਬੰਦੀ, ਸਿੱਟੇ ਵਜੋਂ ਉਪਜੇ ਵਿੱਤੀ ਸੰਕਟ ਅਤੇ ਡਿਗੀ ਕੁੱਲ ਮੰਗ ਕਾਰਨ 2020 ਵਿਚ ਵਿਕਸਤ ਦੇਸ਼ ਦੀ ਵਿਕਾਸ ਦਰ 7 ਫ਼ੀਸਦੀ ਘੱਟਣ ਦਾ ਅਨੁਮਾਨ ਹੈ ਜਦਕਿ ਵਿਕਾਸਸ਼ੀਲ ਦੇਸ਼ਾਂ ਦੀ ਵਿਕਾਸ ਦਰ ਵਿਚ 2.5 ਫ਼ੀਸਦੀ ਤੱਕ ਗਿਰਾਵਟ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ। ਵਿਕਾਸਸ਼ੀਲ ਦੇਸ਼ ਵਿਦੇਸ਼ੀ ਵਿੱਤ ਅਤੇ ਵਪਾਰ ਉੱਤੇ ਬਹੁਤ ਜ਼ਿਆਦਾ ਨਿਰਭਰ ਹਨ। ਇਨ੍ਹਾਂ ਦੇਸ਼ਾਂ ਵਿਚ ਸਿਹਤ ਸੰਭਾਲ ਦੀ ਸੀਮਤ ਸਮਰੱਥਾ ਹੋਣ ਕਾਰਨੋਂ ਕੋਰੋਨਾਵਾਇਰਸ ਮਹਾਂਮਾਰੀ ਦੇ ਵੱਡੇ ਪੱਧਰ ਉੱਤੇ ਫੈਲਣ ਦਾ ਖ਼ਤਰਾ ਹੈ। ਇਸ ਸਾਲ 90 ਫ਼ੀਸਦੀ ਤੋਂ ਵੱਧ ਵਿਕਾਸਸ਼ੀਲ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਵਿਚ ਕਮੀ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਲੱਖਾਂ ਲੋਕਾਂ ਦੇ ਗ਼ਰੀਬੀ ਵਿਚ ਜਾਣ ਦਾ ਖ਼ਤਰਾ ਹੈ। ਇਸ ਮਹਾਂਮਾਰੀ ਨੇ ਕੌਮਾਂਤਰੀ ਵਪਾਰ ਵਿਚ ਤਬਾਹੀ ਮਚਾ ਦਿੱਤੀ ਹੈ। ਇਸ ਕਾਰਨ ਕੌਮਾਂਤਰੀ ਵਪਾਰ ਵਿਚ ਹੋਣ ਵਾਲਾ ਘਾਟਾ ਇੰਨਾ ਵੱਡਾ ਹੋ ਸਕਦਾ ਹੈ ਜੋ 2007-08 ਦੇ ਵਿਸ਼ਵ ਵਿੱਤੀ ਸੰਕਟ ਕਾਰਨ ਹੋਏ ਨੁਕਸਾਨ ਨੂੰ ਵੀ ਪਾਰ ਕਰ ਸਕਦਾ ਹੈ। ਵਿਸ਼ਵ ਵਪਾਰ ਸੰਗਠਨ ਅਨੁਸਾਰ,



ਕੋਰੋਨਾਵਾਇਰਸ ਮਹਾਂਮਾਰੀ ਦੇ ਕਾਰਨ 2020 ਵਿਚ ਕੌਮਾਂਤਰੀ ਵਪਾਰ 13 ਤੋਂ 32 ਫ਼ੀਸਦੀ ਦੇ ਵਿਚਕਾਰ ਘਟੇਗਾ। ਆਵਾਜਾਈ ਅਤੇ ਯਾਤਰਾ ਉੱਤੇ ਲੱਗੀਆਂ ਪਾਬੰਦੀਆਂ ਕਾਰਨ ਸੇਵਾਵਾਂ ਖੇਤਰ ਨੂੰ ਵੀ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਅਰਥਵਿਵਸਥਾਵਾਂ ਦੇ ਮੁੜ ਸੁਰਜੀਤ ਹੋਣ ਦੀਆਂ ਸੰਭਾਵਨਾਵਾਂ ਸਰਕਾਰਾਂ ਦੁਆਰਾ ਦਿੱਤੇ ਉਤਸ਼ਾਹ ਪੈਕੇਜ ਅਤੇ ਨੀਤੀਗਤ ਪ੍ਰਤੀਕਿਰਿਆਵਾਂ ਉੱਤੇ ਨਿਰਭਰ ਹਨ। ਭਾਰਤ ਦਾ ਆਰਥਿਕ ਪ੍ਰੇਰਨਾ ਪੈਕੇਜ ਇਸ ਦੀ ਜੀਡੀਪੀ ਦਾ 10 ਫ਼ੀਸਦ ਹੈ, ਜਪਾਨ ਦਾ 21.1 ਫ਼ੀਸਦ ਹੈ। ਇਸ ਤੋਂ ਬਾਅਦ ਅਮਰੀਕਾ (13 ਫ਼ੀਸਦ), ਸਵੀਡਨ (12 ਫ਼ੀਸਦ), ਜਰਮਨੀ (10.7 ਫ਼ੀਸਦ), ਫਰਾਂਸ (9.3 ਫ਼ੀਸਦ), ਸਪੇਨ (7.3 ਫ਼ੀਸਦ) ਅਤੇ ਇਟਲੀ (5.7 ਫ਼ੀਸਦ) ਦਾ ਸਥਾਨ ਹੈ। ਤਾਲਾਬੰਦੀ ਕਾਰਨ ਆਰਥਿਕ ਗਤੀਵਿਧੀਆਂ ਵਿਚ ਆਈ ਅਚਾਨਕ ਗਿਰਾਵਟ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ। ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਨੇ ਭਾਰਤ ਦੀ ਵਿਕਾਸ ਦਰ 1.9 ਫ਼ੀਸਦ ਰਹਿਣ ਦਾ ਅਨੁਮਾਨ ਲਗਾਇਆ ਹੈ ਜੋ 1991 ਦੀਆਂ ਉਦਾਰੀਕਰਨ ਨੀਤੀਆਂ ਤੋਂ ਬਾਅਦ ਸਭ ਤੋਂ ਮਾੜੀ ਵਿਕਾਸ ਦਰ ਹੈ। ਵਿਸ਼ਵ ਬੈਂਕ ਅਨੁਸਾਰ, 2020-21 ਵਿਚ ਭਾਰਤੀ ਆਰਥਿਕਤਾ ਵਿਚ 3.2 ਫ਼ੀਸਦ ਦੀ ਗਿਰਾਵਟ ਆਵੇਗੀ। ਮੰਗ ਅਤੇ ਪੂਰਤੀ ਦੀ ਕਮੀ ਅਤੇ ਸਿੱਟੇ ਵਜੋਂ ਉਪਜੀ ਆਰਥਿਕ ਮੰਦੀ ਦਾ ਅਸਰ ਵਿਸ਼ਵ ਦੇ ਸਾਰੇ ਦੇਸ਼ਾਂ ਵਿਚ ਤਕਰੀਬਨ ਇਕੋ ਜਿਹਾ ਹੈ ਪਰ ਭਾਰਤ ਦੇ ਮਾਮਲੇ ਵਿਚ ਇਹ ਸਮੱਸਿਆ ਵਧੇਰੇ ਗੰਭੀਰ ਅਤੇ ਲੰਮੇ ਸਮੇਂ ਲਈ ਹੋ ਸਕਦੀ ਹੈ, ਕਿਉਂਕਿ ਭਾਰਤੀ ਅਰਥਵਿਵਸਥਾ ਦੀ ਕਾਰਗੁਜ਼ਾਰੀ 2016-17 ਤੋਂ ਮਾੜੀ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ, 2019 ਦੀ ਦੂਜੀ ਤਿਮਾਹੀ ਵਿਚ ਜੀਡੀਪੀ ਦੀ ਵਾਧਾ ਦਰ 4.7 ਫ਼ੀਸਦ ਦਰਜ ਕੀਤੀ ਗਈ ਜੋ 2013 ਤੋਂ ਬਾਅਦ ਸਭ ਤੋਂ ਹੇਠਲਾ ਪੱਧਰ ਸੀ। 2019 ਦੇ ਅੰਤ ਵਿਚ 8 ਕੋਰ ਖੇਤਰਾਂ ਵਿਚੋਂ ਉਦਯੋਗਿਕ ਉਤਪਾਦਨ ਵਿਚ 5.2 ਫ਼ੀਸਦ ਦੀ ਗਿਰਾਵਟ ਆਈ। ਨਿੱਜੀ ਖੇਤਰ ਦਾ ਨਿਵੇਸ਼ ਕਈ ਸਾਲਾਂ ਤੋਂ ਠੱਪ ਪਿਆ ਹੈ ਅਤੇ ਖ਼ਪਤ ਖ਼ਰਚੇ ਵੀ ਕਈ ਦਹਾਕਿਆਂ ਤੋਂ ਪਹਿਲੀ ਵਾਰ ਘਟ ਰਹੇ ਸਨ। ਹੁਣ ਕੋਰੋਨਾ ਮਹਾਂਮਾਰੀ ਨੇ 2020 ਵਿਚ ਭਾਰਤ ਦੀ ਵਿਕਾਸ ਦਰ ਨੂੰ 1.2 ਫ਼ੀਸਦ ਘਟ ਕੇ ਬਲਦੀ ਉੱਤੇ ਤੇਲ ਪਾ ਦਿੱਤਾ ਹੈ। ਇਹ ਸੰਕਟ ਅਜਿਹੇ ਸਮੇਂ ਆਇਆ ਹੈ, ਜਦੋਂ ਭਾਰਤ ਦੀ ਵਿਕਾਸ ਦਰ ਪਹਿਲਾਂ ਹੀ ਹੌਲੀ ਹੋ ਰਹੀ ਸੀ ਅਤੇ ਬੇਰੁਜ਼ਗਾਰੀ ਵਧ ਰਹੀ ਸੀ। ਦੇਸ਼ ਵਿਚ ਦੋ ਮਹੀਨਿਆਂ ਤੋਂ ਵੱਧ ਸਮੇਂ ਤੱਕ ਚੱਲੀ ਸਖਤ ਤਾਲਾਬੰਦੀ ਨੇ ਕਰੋੜਾਂ ਲੋਕਾਂ ਦੀਆਂ ਨੌਕਰੀਆਂ ਖੋਹ ਲਈਆਂ ਹਨ। ਕਰੋਨਾ ਦਾ ਭਾਰਤੀ ਅਰਥਵਿਵਸਥਾ ਉੱਤੇ ਪੈਣ ਵਾਲਾ ਅਸਰ 2008 ਦੀ ਮੰਦੀ ਨਾਲੋਂ ਕਿਤੇ ਮਾੜਾ ਹੈ। ਇਸ ਕਾਰਨ ਬਜ਼ਾਰ ਵਿਚ ਫੈਲੀ ਅਨਿਸ਼ਚਿਤਤਾ ਅਤੇ ਤਾਲਾਬੰਦੀ ਕਾਰਨ ਹੋਈ ਮੰਗ ਵਿਚ ਕਮੀ ਨੇ ਬੈਂਕਿੰਗ ਪ੍ਰਣਾਲੀ ਵਿਚ ਤਰਲਤਾ ਵਧਾ ਦਿੱਤੀ ਹੈ। ਵਿਸ਼ਵ ਬੈਂਕ ਦੇ ਤਾਜ਼ਾ ਮੁਲੰਕਣ ਅਨੁਸਾਰ, ਇਸ ਸਾਲ ਭਾਰਤੀ ਅਰਥਚਾਰੇ ਦੀ ਵਿਕਾਸ ਦਰ 1.5 ਤੋਂ 2.8 ਫ਼ੀਸਦ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ ਪਰ 5 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਪੰਜ ਸਾਲਾਂ ਤੱਕ ਹਰ ਸਾਲ 9 ਫ਼ੀਸਦ ਦੇ ਵਾਧੇ ਦੀ ਲੋੜ ਹੈ। ਤਾਲਾਬੰਦੀ ਹਟਣ ਤੋਂ ਬਾਅਦ ਵੀ ਮੰਗ ਅਤੇ ਪੂਰਤੀ ਵਿਚ ਕਮੀ ਜਾਰੀ ਰਹਿਣ ਦਾ ਖ਼ਦਸ਼ਾ ਹੈ। ਇਸ ਲਈ ਅਰਥਚਾਰੇ ਨੂੰ ਆਮ ਹਾਲਤ ਵਿਚ ਵਾਪਸ ਆਉਣ ਵਿਚ ਅਜੇ ਸਮਾਂ ਲੱਗੇਗਾ। ਕੁੱਲ ਮੰਗ ਦੇ ਤਿੰਨ ਮੁੱਖ ਅੰਗਾਂ- ਖ਼ਪਤ, ਨਿਵੇਸ਼ ਤੇ ਬਰਾਮਦ ਵਿਚ ਲੰਮੇ ਸਮੇਂ ਤੱਕ ਕਮੀ ਰਹਿਣ ਦੇ ਆਸਾਰ ਹਨ। ਨਤੀਜੇ ਵਜੋਂ ਨਿਵੇਸ਼, ਰੁਜ਼ਗਾਰ, ਆਮਦਨ ਅਤੇ ਖ਼ਪਤ ਉੱਤੇ ਮਾੜੇ ਪ੍ਰਭਾਵ ਪੈਣਗੇ ਜੋ ਵਿਕਾਸ ਦਰ ਨੂੰ ਹੋਰ ਘਟਾਉਣਗੇ। ਵਣਜ ਅਤੇ ਉਦਯੋਗ ਮੰਤਰਾਲੇ ਅਨੁਸਾਰ, ਅਪਰੈਲ-ਮਈ 2020 ਵਿਚ ਭਾਰਤ ਦੇ ਕੁੱਲ ਬਰਾਮਦ ਅਤੇ ਦਰਾਮਦ ਦਾ ਅਨੁਮਾਨ ਕ੍ਰਮਵਾਰ 61.57 ਅਤੇ 57.19 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਕ੍ਰਮਵਾਰ (-)33.66 ਅਤੇ (-) 48.31 ਫ਼ੀਸਦ ਦੇ ਨਕਾਰਾਤਮਕ ਵਾਧਾ ਦਰਸਾਉਂਦਾ ਹੈ। ਵਿਸ਼ਵ ਬੈਂਕ ਦੀ ਰਿਪੋਰਟ 'ਗਲੋਬਲ ਇਕੋਨੋਮਿਕ ਪ੍ਰੋਸਪੈਕਟਸ: ਡਾਰਕਨਿੰਗ ਸਕਾਈ' ਅਨੁਸਾਰ ਵਿਕਾਸਸ਼ੀਲ ਦੇਸ਼ਾਂ ਦੀ ਜੀਡੀਪੀ ਦਾ ਇਕ-ਤਿਹਾਈ ਹਿੱਸਾ ਗ਼ੈਰ-ਸੰਗਠਿਤ ਖੇਤਰ ਮੁਹੱਈਆ ਕਰਦਾ ਹੈ ਜਦਕਿ ਕੁੱਲ ਰੁਜ਼ਗਾਰ ਵਿਚ ਇਸ ਦਾ ਯੋਗਦਾਨ ਤਕਰੀਬਨ 70 ਫ਼ੀਸਦ ਹੈ। ਵਿਸ਼ਵ ਕਿਰਤ ਸੰਸਥਾ (ਆਈਐੱਲਓ) ਅਨੁਸਾਰ ਦੁਨੀਆਂ ਦੇ ਹਰ 10 ਉੱਦਮਾਂ ਵਿਚੋਂ 8 ਗ਼ੈਰ-ਸੰਗਠਿਤ ਉਦਮ ਹਨ। ਵਿਸ਼ਵ ਬੈਂਕ (2020) ਦੀ ਰਿਪੋਰਟ ਅਨੁਸਾਰ, ਗ਼ੈਰ-ਸੰਗਠਿਤ ਖੇਤਰ ਦੀ 40 ਫ਼ੀਸਦ ਆਬਾਦੀ ਗ਼ਰੀਬੀ ਵਿਚ ਚਲੀ ਜਾਵੇਗੀ, ਜੇ ਉਨ੍ਹਾਂ ਨੂੰ ਕਿਸੇ ਅਚਾਨਕ ਸਿਹਤ ਸੰਭਾਲ ਲਈ ਆਪਣੀ ਜੇਬ ਵਿਚੋਂ ਭੁਗਤਾਨ ਕਰਨੇ ਪਏ। ਭਾਰਤ ਦਾ ਗ਼ੈਰ-ਸੰਗਠਿਤ ਖੇਤਰ ਵਿਸ਼ਵ ਵਿਚ ਸਭ ਤੋਂ ਵੱਡਾ ਹੈ ਜਿਸ ਉੱਤੇ ਦੇਸ਼ ਦੀ 92.8 ਫ਼ੀਸਦ ਆਬਾਦੀ ਨਿਰਭਰ ਕਰਦੀ ਹੈ ਅਤੇ ਇਸ ਦਾ ਕੁੱਲ ਜੀਡੀਪੀ ਵਿਚ 45 ਫ਼ੀਸਦ ਤੋਂ ਵੱਧ ਯੋਗਦਾਨ ਹੈ। ਸੰਗਠਿਤ ਅਤੇ ਗ਼ੈਰ-ਸੰਗਠਿਤ ਖੇਤਰਾਂ ਦੇ ਕਰਮਚਾਰੀਆਂ ਵਿਚ ਬਹੁਤ ਅਸਮਾਨਤਾਵਾਂ ਹਨ। ਗ਼ੈਰ-ਸੰਗਠਿਤ ਖੇਤਰ ਦੇ ਕਾਮਿਆਂ ਦੀ ਔਸਤਨ ਉਜਰਤ ਸੰਗਠਿਤ ਖੇਤਰ ਦੇ ਕਾਮਿਆਂ ਨਾਲੋਂ 19 ਫ਼ੀਸਦ ਘੱਟ ਹੈ ਜਿਸ ਕਰ ਕੇ ਉਨ੍ਹਾਂ ਦੀ ਬਚਤ ਦਾ ਪੱਧਰ ਬਹੁਤ ਨੀਂਵਾ ਹੈ। ਵਿਸ਼ਵ ਕਿਰਤ ਸੰਸਥਾ (2018) ਅਨੁਸਾਰ ਗ਼ੈਰ-ਸੰਗਠਿਤ ਖੇਤਰ ਦੇ 90 ਫ਼ੀਸਦ ਤੋਂ ਵੱਧ ਕਾਮੇ ਖੇਤੀਬਾੜੀ ਖੇਤਰ ਉੱਤੇ ਨਿਰਭਰ ਹਨ। ਭਾਰਤ ਦੀ ਪੇਂਡੂ ਆਬਾਦੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਆਪਣੀ ਰੋਜ਼ੀ ਰੋਟੀ ਲਈ ਖੇਤੀਬਾੜੀ ਖੇਤਰ ਉੱਤੇ ਨਿਰਭਰ ਹੈ। ਇਸ ਲਈ ਪੇਂਡੂ ਖੇਤਰਾਂ ਦੀ ਮੰਗ ਖੇਤੀਬਾੜੀ ਖੇਤਰ ਦੀ ਕਾਰਗੁਜ਼ਾਰੀ ਉੱਤੇ ਨਿਰਭਰ ਹੈ। 2014-15 ਤੋਂ 2019-20 ਦੇ ਛੇ ਸਾਲਾਂ ਦੀ ਮਿਆਦ ਵਿਚ, ਖੇਤੀਬਾੜੀ ਖੇਤਰ ਵਿਕਾਸ ਦਰ ਔਸਤਨ ਪ੍ਰਤੀ ਸਾਲ 3.2 ਫ਼ੀਸਦ ਰਹੀ ਹੈ ਪਰ 2016-17 ਤੋਂ 2018-19 ਦੌਰਾਨ ਖੇਤੀਬਾੜੀ ਅਤੇ ਬਾਗਬਾਨੀ ਜਿਣਸਾਂ ਦਾ ਝਾੜ ਜ਼ਿਆਦਾ ਹੋਣ ਕਾਰਨ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਵਿਰੁੱਧ ਰਹੀਆਂ ਜਿਸ ਕਾਰਨ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਕਮੀ ਆਈ। ਇਹ ਰੁਝਾਨ 2019-20 ਤੱਕ ਜਾਰੀ ਰਿਹਾ। ਇਸੇ ਦੌਰਾਨ ਨਵੰਬਰ 2016 ਵਿਚ ਹੋਈ ਨੋਟਬੰਦੀ ਨੇ ਖੇਤੀਬਾੜੀ ਗਤੀਵਿਧੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਕੋਰੋਨਾ ਦੇ ਮੱਦੇਨਜ਼ਰ ਮਾਰਚ ਵਿਚ ਹੋਈ ਤਾਲਾਬੰਦੀ ਨੇ ਕਿਸਾਨਾਂ, ਪੇਂਡੂ ਮਜ਼ਦੂਰਾਂ ਅਤੇ ਛੋਟੇ ਕਾਰੀਗਰਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮਾਰਚ-ਅਪਰੈਲ ਦਾ ਮਹੀਨਾ ਹਾੜ੍ਹੀ ਦੀ ਫ਼ਸਲ ਦੀ ਕਟਾਈ ਅਤੇ ਵਿਕਰੀ ਦਾ ਹੁੰਦਾ ਹੈ ਪਰ ਲੱਖਾਂ ਪਰਵਾਸੀ ਮਜ਼ਦੂਰਾਂ ਦੀ ਆਪਣੇ ਘਰ ਵਾਪਸੀ ਕਾਰਨ ਪੈਦਾ ਹੋਈ ਕਿਰਤ ਦੀ ਘਾਟ ਨੇ ਫ਼ਸਲ ਦੀ ਕਟਾਈ ਵਿਚ ਰੁਕਾਵਟ ਪਾਈ। ਖਾਦ, ਪਸ਼ੂਆਂ ਦੀਆਂ ਦਵਾਈਆਂ ਅਤੇ ਹੋਰ ਖੇਤੀਬਾੜੀ ਔਜ਼ਾਰਾਂ ਦੀ ਘਾਟ ਨੇ ਵੀ ਖੇਤੀ ਉਤਪਾਦਨ ਨੂੰ ਪ੍ਰਭਾਵਿਤ ਕੀਤਾ। ਹੋਟਲ/ਰੈਸਤਰਾਂ ਦੇ ਬੰਦ ਹੋਣ ਅਤੇ ਆਵਾਜਾਈ ਦੇ ਸਾਧਨਾਂ ਵਿਚ ਰੁਕਾਵਟਾਂ ਦੇ ਕਾਰਨ ਤਾਜ਼ੇ ਫ਼ਲ/ਸਬਜ਼ੀਆਂ, ਮੁਰਗੀ ਅਤੇ ਮੱਛੀ ਪਾਲਣ ਉਤਪਾਦਾਂ ਦੀ ਮੰਗ ਘਟੀ ਜਿਸ ਨੇ ਕਿਸਾਨਾਂ ਲਈ ਵਿੱਤੀ ਸੰਕਟ ਖੜ੍ਹਾ ਕੀਤਾ। ਵਿਸ਼ਵ ਕਿਰਤ ਸੰਸਥਾ ਨੇ ਵੀ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਸ਼ਹਿਰੀ ਬਾਜ਼ਾਰ ਲਈ ਉਤਪਾਦਨ ਕਰਨ ਵਾਲੇ ਕਿਸਾਨਾਂ ਨੂੰ ਭਾਰੀ ਆਮਦਨੀ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਉਹ ਤਾਲਾਬੰਦੀ ਦੌਰਾਨ ਆਪਣਾ ਉਤਪਾਦ ਵੇਚਣ ਤੋਂ ਅਸਮਰੱਥ ਹਨ। ਜੇ ਇਹ ਵਾਇਰਸ ਪੇਂਡੂ ਖੇਤਰਾਂ ਵਿਚ ਫੈਲ ਜਾਂਦਾ ਹੈ ਤਾਂ ਕਿਸਾਨ, ਖੇਤ ਮਜ਼ਦੂਰ ਅਤੇ ਛੋਟੇ ਕਾਰੀਗਰ ਸਭ ਤੋਂ ਵੱਧ ਪ੍ਰਭਾਵਿਤ ਹੋ ਸਕਦੇ ਹਨ। ਕੋਰੋਨਾ ਮਹਾਂਮਾਰੀ ਦੌਰਾਨ ਕਿਸਾਨਾਂ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਿਸਾਨ ਦੀ ਬਾਂਹ ਫੜਨ ਦੀ ਥਾਂ ਭਾਰਤ ਸਰਕਾਰ ਨੇ ਖੇਤੀਬਾੜੀ ਨਾਲ ਸਬੰਧਿਤ ਤਿੰਨ ਆਰਡੀਨੈਂਸ ਲਾਗੂ ਕਰ ਦਿੱਤੇ ਜਿਨ੍ਹਾਂ ਦੇ ਮੁੱਖ ਉਦੇਸ਼ ਖੇਤੀਬਾੜੀ ਜਿਣਸਾਂ ਦੀ ਖ਼ਰੀਦ-ਵੇਚ ਲਈ ਪ੍ਰਾਈਵੇਟ ਮੰਡੀਆਂ ਨੂੰ ਇਜਾਜ਼ਤ ਦੇਣੀ, ਖੇਤੀਬਾੜੀ ਇਕਰਾਰਨਾਮਿਆਂ ਨੂੰ ਅਮਲ ਵਿਚ ਲਿਆਉਣਾ ਅਤੇ 1955 ਦੇ ਜ਼ਰੂਰੀ ਵਸਤਾਂ ਕਾਨੂੰਨ ਨੂੰ ਨਰਮ ਕਰਨਾ ਹਨ। ਇਨ੍ਹਾਂ ਤਿੰਨਾਂ ਆਰਡੀਨੈਂਸਾਂ ਨਾਲ ਕਿਸਾਨਾਂ, ਖੇਤੀਬਾੜੀ ਮੰਡੀਕਰਨ ਬੋਰਡਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ, ਪੇਂਡੂ ਵਿਕਾਸ ਪ੍ਰੋਗਰਾਮਾਂ, ਖ਼ਪਤਕਾਰਾਂ, ਅਨਾਜ ਸੁਰੱਖਿਆ ਦੇ ਸਬੰਧ ਵਿੱਚ ਵੱਡੇ ਨੁਕਸਾਨ ਹੋਣਗੇ ਕਿਉਂਕਿ ਸ਼ਾਂਤਾ ਕੁਮਾਰ ਕਮੇਟੀ ਅਤੇ ਨਿਤਿਨ ਗਡਕਰੀ ਵੱਲੋਂ ਸਰਕਾਰ ਦੁਆਰਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਖੇਤੀਬਾੜੀ ਜਿਣਸਾਂ ਦੀ ਖ਼ਰੀਦ ਕਰਨ ਤੋਂ ਪਿੱਛੇ ਹਟਣ ਦੇ ਸਾਫ਼ ਸੰਕੇਤ ਦਿੱਤੇ ਹਨ। ਇਸ ਤੋਂ ਇਲਾਵਾ ਜਿਸ ਤਰ੍ਹਾਂ ਇਹ ਆਰਡੀਨੈਂਸ ਪਾਸ ਕੀਤੇ, ਉਸ ਨਾਲ ਮੁਲਕ ਦੇ ਫੈਡਰਲ ਢਾਂਚੇ ਉੱਪਰ ਬਹੁਤ ਮਾੜਾ ਅਸਰ ਪਿਆ ਹੈ। ਉਪਰੋਕਤ ਵਿਆਖਿਆ ਤੋਂ ਸਪੱਸ਼ਟ ਹੈ ਕਿ ਕੋਰੋਨਾ ਮਹਾਂਮਾਰੀ ਨੇ ਅਰਥਚਾਰੇ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ ਪਰ ਇਸ ਮਹਾਂਮਾਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਗ਼ੈਰ-ਸੰਗਠਿਤ ਖੇਤਰ ਦੇ ਕਾਮੇ ਹਨ। ਇਨ੍ਹਾਂ ਕਾਮਿਆਂ ਨੂੰ ਅਤਿ ਦੀ ਗ਼ਰੀਬੀ ਅਤੇ ਭੁੱਖਮਰੀ ਤੋਂ ਬਚਾਉਣ ਲਈ ਸਰਕਾਰ ਨੂੰ ਮਨਰੇਗਾ ਅਤੇ ਜਨ-ਧਨ ਖਾਤਾ ਯੋਜਨਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਲਈ ਰੁਜ਼ਗਾਰ ਯੋਜਨਾਵਾਂ ਨਾਲ ਸਬੰਧਿਤ ਸਰਕਾਰੀ ਨੀਤੀਆਂ ਦੀ ਪੜਚੋਲ ਕਰਨ ਦੀ ਵੀ ਜ਼ਰੂਰਤ ਹੈ। ਖੇਤੀਬਾੜੀ ਨਾਲ ਸੰਬੰਧਿਤ ਤਿੰਨੇ ਆਰਡੀਨੈਂਸ ਵਾਪਸ ਕਰਵਾ ਕੇ ਮੁਲਕ ਦੇ ਫੈਡਰਲ ਢਾਂਚੇ ਨੂੰ ਬਚਾਉਣਾ ਬਣਦਾ ਹੈ। ਕੋਰੋਨਾਵਾਇਰਸ ਮਹਾਂਮਾਰੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤੀ ਅਰਥਵਿਵਸਥਾ ਦੇ ਵਿਕਾਸ ਦੇ ਸਬੰਧ ਵਿਚ ਉਮੀਦ ਦੀ ਕਿਰਨ ਸਿਰਫ਼ ਖੇਤੀਬਾੜੀ ਖੇਤਰ ਹੀ ਹੈ। ਇਸ ਲਈ ਸਰਕਾਰਾਂ, ਖ਼ਾਸ ਕਰ ਕੇ ਕੇਂਦਰ ਸਰਕਾਰ ਨੂੰ ਖੇਤੀਬਾੜੀ ਨੀਤੀਆਂ ਨੂੰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਪੱਖ ਵਿਚ ਬਣਾਉਣ ਅਤੇ ਅਮਲ ਵਿਚ ਲਿਆਉਣਾ ਬਣਦਾ ਹੈ। ਸੰਕਟ ਦੇ ਇਸ ਸਮੇਂ ਵਿਚ ਬਾਜ਼ਾਰ ਵਿਚ ਤਰਲਤਾ ਅਤੇ ਮੰਗ ਵਧਾਉਣ ਲਈ ਕੇਂਦਰ ਸਰਕਾਰ ਨੂੰ ਘੱਟੋ-ਘੱਟ ਇਕ ਤਿਮਾਹੀ ਦੀ ਮਿਆਦ ਕਰ ਮੁਕਤ ਕਰਨੀ ਚਾਹੀਦੀ ਹੈ। ਇਸ ਮਹਾਂਮਾਰੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਿੱਖਿਆ, ਸਿਹਤ ਸੰਭਾਲ ਅਤੇ ਇਸ ਤਰ੍ਹਾਂ ਦੇ ਹੋਰ ਖੇਤਰਾਂ ਦੀਆਂ ਵਸਤੂਆਂ ਨੂੰ ਜਨਤਕ ਵਸਤੂਆਂ ਐਲਾਨਦਿਆਂ ਸਰਕਾਰ ਆਪ ਲੋਕਾਂ ਨੂੰ ਮੁਹੱਈਆ ਕਰਵਾਏ।

# Thinking of Buying/Selling ?

WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**

**Cell : 917-224-7395**

**Email : josanbaldev@yahoo.com**







## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਅੱਜ ਹੀ 2020 ਜਨਗਣਨਾ ਨੂੰ ਪੂਰਾ ਕਰੋ।

2020 ਜਨਗਣਨਾ ਵਿੱਚ ਅਮਰੀਕਾ ਵਿੱਚ ਰਹਿ ਰਹੇ ਲੋਕਾਂ ਨੂੰ ਗਿਣਿਆ ਜਾਵੇਗਾ। ਅਗਲੇ ਦੱਸ ਸਾਲਾਂ ਤੱਕ ਹਰ ਸਾਲ ਸਿਹਤ ਕਲੀਨਿਕ, ਐਮਰਜੈਂਸੀ ਸੇਵਾਵਾਂ, ਅਤੇ ਸਿਖਿੱਆ ਵਾਸਤੇ ਅਰਬਾਂ ਡਾਲਰ ਦੀ ਫੰਡਿੰਗ ਕਿਸ ਤਰ੍ਹਾਂ ਵੰਡੀ ਜਾਵੇਗੀ, ਇਹ ਪੱਕਾ ਕਰਨ ਲਈ ਅੱਜ ਹੀ ਜਨਗਣਨਾ ਨੂੰ ਪੂਰਾ ਕਰੋ।
**ਇੰਟਰਨੈਟ ਜਾਂ ਡਾਕ ਰਾਹੀਂ ਜਨਗਣਨਾ ਨੂੰ ਪੂਰਾ ਕਰੋ। ਕਿਵੇਂ ਪੂਰਾ ਕਰਨਾ ਹੈ, ਇਹ ਜਾਨਣ ਲਈ 2020CENSUS.GOV/pa ‘ਤੇ ਜਾਓ**

**2020CENSUS.GOV/pa**

ਅਮਰੀਕੀ ਜਨਗਣਨਾ ਬਿਊਰੋ (U.S. Census Bureau) ਦੁਆਰਾ ਭੁਗਤਾਨ ਕੀਤਾ ਗਿਆ।

**Shape your future START HERE >**

United States® Census 2020



# ਕੀ ਸੁਖਦੇਵ ਸਿੰਘ ਢੀਂਡਸਾ ਬਾਦਲ ਦੀ ਲੰਕਾ ਢਾਹ ਸਕਣਗੇ ?


ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072



ਪੰਜਾਬੀ ਦੀ ਇਕ ਕਹਾਵਤ ਹੈ ਕਿ "ਘਰ ਦਾ ਭੇਤੀ ਲੰਕਾ ਢਾਹੇ"। ਸੁਖਦੇਵ ਸਿੰਘ ਢੀਂਡਸਾ ਪਰਕਾਸ਼ ਸਿੰਘ ਬਾਦਲ ਦੇ ਅਕਾਲੀ ਪਰਿਵਾਰ ਦੇ ਘਰ ਦੇ ਅੰਦਰੂਨੀ ਘੇਰੇ ਦੇ ਮੈਂਬਰ ਰਹੇ ਹਨ। ਕਹਿਣ ਤੋਂ ਭਾਵ ਉਹ ਬਾਦਲ ਦੇ ਘਰ ਦੇ ਭੇਤੀ ਹਨ। ਇਹ ਕਹਾਵਤ ਜੇਕਰ ਸੱਚੀ ਹੋ ਗਈ ਤਾਂ ਬਾਦਲ ਅਕਾਲੀ ਦਲ ਨੂੰ ਦਰਕਿਨਾਰ ਕਰ ਸਕਦੇ ਹਨ ਕਿਉਂਕਿ ਘਰ ਦੇ ਭੇਤੀ ਨੂੰ ਘਰ ਦੀਆਂ ਸਾਰੀਆਂ ਚੋਰ-ਮੋਰੀਆਂ ਦੀ ਜਾਣਕਾਰੀ ਹੁੰਦੀ ਹੈ। ਅਕਾਲੀ ਦਲ ਨੂੰ ਹੋਂਦ ਵਿਚ ਆਇਆਂ ਲਗਭਗ100 ਸਾਲ ਹੋ ਗਏ ਹਨ। ਉਦੋਂ ਤੋਂ ਹੀ ਪਾਰਟੀ ਵਿਚ ਧੜੇਬੰਦੀ ਲਗਾਤਾਰ ਜਾਰੀ ਹੈ। ਪਾਰਟੀ ਵਿਚ ਉਤਰਾਅ ਚੜ੍ਹਾਅ ਵੀ ਬਥੇਰੇ ਆਉਂਦੇ ਰਹੇ। ਪਾਰਟੀ ਦੁਫਾੜ ਵੀ ਹੁੰਦੀ ਰਹੀ ਪ੍ਰੰਤੂ ਲੀਡਰਸ਼ਿਪ ਦੀ ਕਾਰਗੁਜ਼ਾਰੀ ਵਿਚ ਇੰਨਾ ਨਿਘਾਰ ਕਦੀ ਵੀ ਨਹੀਂ ਆਇਆ ਜਿੰਨਾ ਇਸ ਵਕਤ ਆਇਆ ਹੋਇਆ ਹੈ। ਹਾਲਾਂ ਕਿ ਇਕ ਵਾਰ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੇ ਆਪਣੇ ਹੀ ਉਦੋਂ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੇ ਕਥਿਤ ਭਰਿਸ਼ਟਾਚਾਰ ਵਿਰੁੱਧ ਰਾਜਪਾਲ ਨੂੰ ਲਿਖ ਕੇ ਦੇ ਦਿੱਤਾ ਸੀ। ਅਕਾਲੀ ਪਾਰਟੀ ਦਾ ਆਧਾਰ ਮੁੱਖ ਤੌਰ 'ਤੇ ਧਾਰਮਿਕ ਹੈ ਕਿਉਂਕਿ ਇਹ ਪਾਰਟੀ ਜਦੋਂ ਹੋਂਦ ਵਿਚ ਆਈ ਸੀ ਉਦੋਂ ਇਸਦਾ ਮੁੱਖ ਕੰਮ ਗੁਰਦੁਆਰਾ ਸਾਹਿਬਾਨ ਦੀ ਦੇਖ-ਰੇਖ ਕਰਨਾ ਸੀ। ਇਥੋਂ ਤੱਕ ਕਿ ਅਕਾਲੀ ਦਲ ਨੂੰ ਬਣਾਉਣ ਲਈ ਸਲਾਹ ਮਸ਼ਵਰਾ ਕਰਨ ਲਈ ਸਾਰੀਆਂ ਮੀਟਿੰਗਾਂ ਅਕਾਲ ਤਖ਼ਤ ਉਪਰ ਹੀ ਹੁੰਦੀਆਂ ਰਹੀਆਂ। ਪਹਿਲੀ ਵਿਧਾਨ ਸਭਾ ਚੋਣ ਅਕਾਲੀ ਦਲ ਨੇ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀ ਸੀ ਕਿਉਂਕਿ ਅਕਾਲੀ ਦਲ ਸਿਆਸੀ ਪਾਰਟੀ ਦੇ ਤੌਰ 'ਤੇ ਰਜਿਸਟਰਡ ਨਹੀਂ ਸੀ। ਪਰਕਾਸ਼ ਸਿੰਘ ਬਾਦਲ ਪਹਿਲੀ ਵਾਰ ਵਿਧਾਨ ਸਭਾ ਦੇ ਮੈਂਬਰ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ 'ਤੇ ਹੀ ਬਣੇ ਸੀ। ਉਦੋਂ ਕਾਂਗਰਸ ਨਾਲ ਅਕਾਲੀ ਦਲ ਦਾ ਸਮਝੌਤਾ ਸੀ। ਉਸ ਸਮਝੌਤੇ ਦੇ ਵਿਰੋਧ ਵਿਚ ਵੀ ਅਕਾਲੀ ਦਲ ਦੋਫਾੜ ਹੋਇਆ ਸੀ। ਪਰਕਾਸ਼ ਸਿੰਘ ਬਾਦਲ ਨੇ ਸਿਆਸੀ ਲਾਭ ਲੈਣ ਲਈ ਅਕਾਲੀ ਦਲ ਨੂੰ ਮੋਗਾ ਵਿਖੇ 1998 ਵਿਚ ਕਾਨਫਰੰਸ ਕਰਕੇ ਪੰਜਾਬੀ ਪਾਰਟੀ ਬਣਾਉਣ ਦਾ ਵਿਖਾਵਾ ਕੀਤਾ। ਚਲੋ ਇਹ ਵੀ ਕੋਈ ਮਾੜੀ ਗੱਲ ਨਹੀਂ ਜੇਕਰ ਪਾਰਟੀ ਆਪਣਾ ਅਕਸ ਧਰਮ ਨਿਰਪੱਖ ਬਣਾਉਣਾ ਚਾਹੁੰਦੀ ਹੈ ਪ੍ਰੰਤੂ ਇਸ ਸਮੇਂ ਅਕਾਲੀ ਦਲ ਆਪਣੇ ਮੁੱਖ ਅਸੂਲ ਤੋਂ ਹੀ ਪਿਛੇ ਖਿਸਕ ਗਿਆ ਹੈ। ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣਾ ਨਵਾਂ ਅਕਾਲੀ ਦਲ ਡੈਮੋਕਰੈਟਿਕ ਬਣਾਉਣ ਨਾਲ ਅਕਾਲੀ ਦਲ ਦੇ ਸਿਆਸੀ ਹਲਕਿਆਂ ਵਿਚ ਇਹ ਕਿਆਸਅਰਾਈਆਂ ਸ਼ੁਰੂ ਹੋ ਗਈਆਂ ਹਨ ਕਿ ਕੀ ਸੁਖਦੇਵ ਸਿੰਘ ਢੀਂਡਸਾ ਦਾ ਅਕਾਲੀ ਦਲ ਬਾਦਲ ਦੀ ਲੰਕਾ ਢਾਹੁਣ ਵਿਚ ਸਫਲ ਹੋਵੇਗਾ ? ਸ਼੍ਰੋਮਣੀ ਅਕਾਲੀ ਦਲ ਜਿਸ ਉਪਰ ਇਸ ਸਮੇਂ ਬਾਦਲ ਪਰਿਵਾਰ ਦਾ ਕਬਜ਼ਾ ਹੈ, ਉਸ ਵਿਚੋਂ ਪਹਿਲਾਂ ਹੀ ਬਹੁਤ ਸਾਰੇ ਸੀਨੀਅਰ ਨੇਤਾ ਵੱਖਰੇ ਹੋ ਚੁੱਕੇ ਹਨ ਅਤੇ ਕੁਝ ਸੀਨੀਅਰ ਨੇਤਾਵਾਂ ਨੇ ਹੁਣੇ ਜਿਹੇ ਸੁਖਦੇਵ ਸਿੰਘ ਢੀਂਡਸਾ ਦਾ ਪੱਲਾ ਫੜ ਲਿਆ ਹੈ। ਇਸ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਬਾਦਲ ਦਲ ਨੂੰ ਖੋਰਾ ਲੱਗ ਚੁੱਕਿਆ ਹੈ। ਇਸ ਖੋਰੇ ਦੇ ਮੁਖ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲਕਲਾਂ ਵਿਖੇ ਪੁਲਿਸ ਦੀ ਗੋਲੀ ਨਾਲ ਦੋ ਵਿਅਕਤੀਆਂ ਦੇ ਮਾਰੇ ਜਾਣਾ, ਬੇਅਦਬੀ ਦੀ ਅਕਾਲੀ ਰਾਜ ਵਿਚ ਸਹੀ ਪੜਤਾਲ ਨਾ ਹੋਣਾ, ਅਕਾਲ ਤਖ਼ਤ ਦੀ ਦੁਰਵਰਤੋਂ ਕਰਕੇ ਗੁਰਮੀਤ ਰਾਮ ਰਹੀਮ ਨੂੰ ਮਾਫੀ ਦੁਆਉਣਾ, ਗੈਂਗਸਟਰਾਂ ਨੂੰ ਸ਼ਹਿ ਦੇਣਾ, ਪਰਿਵਾਰਵਾਦ ਦਾ ਪਾਰਟੀ 'ਤੇ ਭਾਰੂ ਪੈਣਾ ਅਤੇ ਸੀਨੀਅਰ ਨੇਤਾਵਾਂ ਨੂੰ ਅਣਡਿੱਠ ਕਰਨਾ ਆਦਿ ਹਨ। ਇਸ ਕਰਕੇ ਅਕਾਲੀ ਦਲ ਵਿਚ ਖਾਸ ਤੌਰ 'ਤੇ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਬਣਨ ਤੋਂ ਬਾਅਦ ਘੁਸਰ-ਮੁਸਰ ਹੋ ਰਹੀ ਸੀ।

ਇਹ ਦੂਜੀ ਵਾਰ ਹੋਇਆ ਹੈ ਕਿ ਬਾਦਲ ਵਾਲੇ ਅਕਾਲੀ ਦਲ ਦਾ ਸਭ ਤੋਂ ਸੀਨੀਅਰ ਨੇਤਾ ਜਿਹੜਾ ਲੰਮਾ ਸਮਾਂ ਬਾਦਲ ਦਾ ਖਾਸਮ -ਖਾਸ ਅਤੇ ਕਈ ਵਾਰ ਵਿਧਾਨ ਸਭਾ, ਲੋਕ ਸਭਾ ਅਤੇ ਰਾਜ ਸਭਾ ਦਾ ਮੈਂਬਰ ਪੰਜਾਬ ਅਤੇ ਕੇਂਦਰ ਵਿਚ ਮੰਤਰੀ ਰਿਹਾ ਹੋਵੇ, ਬਾਦਲ ਪਰਿਵਾਰ ਤੋਂ ਵੱਖ ਹੋਇਆ ਹੋਵੇ। ਇਸ ਤੋਂ ਪਹਿਲਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਵੀ ਖਾਲਸਾ ਪੰਥ ਦੀ 300 ਸਾਲਾ ਸ਼ਤਾਬਦੀ ਦੇ ਮੌਕੇ ਬਾਦਲ ਨਾਲ ਅਣਬਣ ਹੋਣ ਕਰਕੇ ਪਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਕੇ ਪਾਰਟੀ ਵਿਚੋਂ ਕੱਢ ਦਿੱਤਾ ਸੀ। ਫਿਰ ਟੌਹੜਾ ਸਾਹਿਬ ਨੇ ਵੱਖਰੇ ਹੋ ਕੇ ਆਪਣਾ ਸਰਬਹਿੰਦ ਅਕਾਲੀ ਦਲ ਬਣਾਇਆ ਸੀ। ਪ੍ਰੰਤੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਕਾਸ਼ ਸਿੰਘ ਬਾਦਲ ਦੇ ਕਦੀ ਵੀ ਢੀਂਡਸਾ ਜਿੰਨੇ ਨਜ਼ਦੀਕ ਨਹੀਂ ਰਹੇ ਸੀ। ਭਾਵੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਸਿਆਸੀ ਕੱਦ ਬੁੱਤ ਬਹੁਤ ਉਚਾ, ਇਮਾਨਦਾਰ ਅਤੇ ਧਾਰਮਿਕ ਵਿਅਕਤੀ ਵਾਲਾ ਵੀ ਸੀ ਤਾਂ ਵੀ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ ਸੀ। ਪ੍ਰੰਤੂ ਜਥੇਦਾਰ ਟੌਹੜਾ ਅਕਾਲੀ ਦਲ ਨੂੰ ਹਰਾਉਣ ਵਿਚ ਸਫਲ ਹੋ ਗਏ ਸੀ। ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਡੈਮੋਕਰੈਟਿਕ ਤੋਂ ਪਹਿਲਾਂ ਹੀ ਅਨੇਕ ਅਕਾਲੀ ਦਲ ਬਣੇ ਹੋਏ ਹਨ, ਜਿਨ੍ਹਾਂ ਵਿਚ ਯੂਨਾਈਟਿਡ ਅਕਾਲੀ ਦਲ, ਰਵੀਇੰਦਰ ਸਿੰਘ ਦਾ ਅਕਾਲੀ ਦਲ 1920, ਸਿਮਰਨਜੀਤ ਸਿੰਘ ਦਾ ਅਕਾਲੀ ਦਲ ਅੰਮ੍ਰਿਤਸਰ , ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਅਕਾਲੀ ਦਲ ਟਕਸਾਲੀ, ਦਲਜੀਤ ਸਿੰਘ ਬਿੱਟੂ ਦਾ ਅਕਾਲੀ ਦਲ ਅਤੇ ਪੰਥਕ ਅਕਾਲੀ ਦਲ ਆਦਿ ਬਣੇ ਹੋਏ ਹਨ। ਪ੍ਰੰਤੂ ਪੰਜਾਬ ਦੀਆਂ ਹੁਣ ਤੱਕ ਦੀਆਂ ਚੋਣਾਂ ਦੀ ਪਰੰਪਰਾ ਹੈ ਕਿ ਇਨ੍ਹਾਂ ਸਾਰੇ ਅਕਾਲੀ ਦਲਾਂ ਵਿਚੋਂ ਪੰਜਾਬ ਦਾ ਵੋਟਰ ਸਿਰਫ ਇਕ ਅਕਾਲੀ ਦਲ ਨੂੰ ਹੀ ਵੋਟਾਂ ਪਾਉਂਦਾ ਹੈ। ਲਗਭਗ ਪਿਛਲੇ ਪੰਦਰਾਂ ਸਾਲਾਂ ਤੋਂ ਅਕਾਲੀ ਦਲ ਬਾਦਲ ਨੂੰ ਹੀ ਵੋਟਰ ਵੋਟਾਂ ਪਾਉਂਦੇ ਆ ਰਹੇ ਹਨ। ਸੁਖਦੇਵ ਸਿੰਘ ਢੀਂਡਸਾ ਦਾ ਧੜਾ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਦਾ ਅਕਾਲੀ ਦਲ ਅਸਲੀ ਅਕਾਲੀ ਦਲ ਹੈ ਅਤੇ ਉਹ ਆਪਣੇ ਅਕਾਲੀ ਦਲ ਦਾ ਨਾਮ ਸ਼੍ਰੋਮਣੀ ਅਕਾਲੀ ਦਲ ਹੀ ਰਜਿਸਟਰ ਕਰਵਾਉਣਗੇ ਪ੍ਰੰਤੂ ਜੇਕਰ ਰਜਿਸਟਰੇਸ਼ਨ ਵਿਚ ਕੋਈ ਦਿੱਕਤ ਆਈ ਤਾਂ ਫਿਰ ਡੈਮੋਕਰੈਟਿਕ ਸ਼ਬਦ ਜੋੜਿਆ ਜਾਵੇਗਾ। ਜੇਕਰ ਢੀਂਡਸਾ ਦਾ ਅਕਾਲੀ ਦਲ ਇਸੇ ਨਾਮ 'ਤੇ ਰਜਿਸਟਰ ਹੋ ਗਿਆ ਤਾਂ ਬਾਦਲ ਦਲ ਲਈ ਖ਼ਤਰੇ ਦੀ ਘੰਟੀ ਵੱਜ ਜਾਵੇਗੀ। ਸੁਖਦੇਵ ਸਿੰਘ ਢੀਂਡਸਾ ਦਾ ਅਕਸ ਵੀ ਸਾਫ-ਸੁਥਰਾ ਹੈ। ਉਹ ਨਿਮਰਤਾ, ਸੰਜੀਦਗੀ, ਧਰਮ ਨਿਰਪੱਖ ਅਕਸ ਵਾਲੇ, ਵਰਕਰਾਂ ਵਿਚ ਸਰਬ ਪ੍ਰਵਾਨ ਅਤੇ ਸਿਆਸੀ ਤੌਰ 'ਤੇ ਸਾਊ ਤੇ ਸੂਝਵਾਨ ਗਿਣੇ ਜਾਂਦੇ ਹਨ। ਉਨ੍ਹਾਂ ਨੇ ਕਦੀ ਵੀ ਟਕਰਾਓ ਦੀ ਸਿਆਸਤ ਨਹੀਂ ਕੀਤੀ, ਇਹ ਪਹਿਲੀ ਵਾਰ ਹੈ ਕਿ ਉਨ੍ਹਾਂ ਨੇ ਬਗਾਵਤ ਦਾ ਕਦਮ ਚੁੱਕਿਆ ਹੈ। ਸੰਜੀਦਗੀ ਨਾਲ ਸਿਆਸੀ ਨੁਕਤਾਚੀਨੀ ਕਰਦੇ ਹਨ। ਜਦੋਂ ਸੁਖਦੇਵ ਸਿੰਘ ਢੀਂਡਸਾ ਪਾਰਟੀ ਤੋਂ ਵੱਖ ਹੋਏ ਸੀ ਤਾਂ ਸੁਖਬੀਰ ਸਿੰਘ ਬਾਦਲ ਨੇ ਸੰਗਰੂਰ ਆ ਕੇ ਕਾਨਫਰੰਸ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਬੜੀ ਗਲਤ ਬਿਆਨਬਾਜ਼ੀ ਕਰਦਿਆਂ ਕਿਹਾ ਸੀ ਕਿ ਅੱਜ ਢੀਂਡਸਾ ਦਾ ਭੋਗ ਪੈ ਗਿਆ ਹੈ। ਜਿਸਦਾ ਉਸਦੀ ਪਾਰਟੀ ਦੇ ਵਰਕਰਾਂ ਨੇ ਵੀ ਬੁਰਾ ਮਨਾਇਆ ਸੀ। ਸੁਖਦੇਵ ਸਿੰਘ ਢੀਂਡਸਾ ਨੇ ਉਦੋਂ ਵੀ ਸੁਖਬੀਰ ਬਾਦਲ ਨੂੰ ਕੋਈ ਅਸਭਿਅਕ ਸ਼ਬਦ ਨਹੀਂ ਬੋਲਿਆ ਸੀ। ਅਕਾਲੀ ਦਲ ਵਿਚ ਪੁਰਾਣੇ ਅਤੇ ਸੀਨੀਅਰ ਹੋਣ ਕਰਕੇ ਅਕਾਲੀ ਦਲ ਦੇ ਸਾਰੇ ਨੇਤਾਵਾਂ ਅਤੇ ਵਰਕਰਾਂ ਦੀ ਰਗ-ਰਗ ਦੇ ਭੇਤੀ ਹਨ। ਢੀਂਡਸਾ ਦਾ ਪਲੜਾ ਭਾਰੀ ਹੁੰਦਾ ਲਗਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਬਾਦਲ ਦੇ ਬਹੁਤ ਸਾਰੇ ਨੇਤਾ ਢੀਂਡਸਾ ਦਾ ਸਾਥ ਦੇਣ ਲਈ ਅੱਗੇ ਆਉਣਗੇ। ਜੇਕਰ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਵਿਚ ਵੱਡੇ ਪੱਧਰ 'ਤੇ ਬਗਾਵਤ ਕਰਵਾਉਣ ਵਿਚ ਸਫਲ ਹੋ ਗਏ ਫਿਰ ਤਾਂ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਅਕਾਲੀ ਦਲ ਨੂੰ ਮੁਕਤ ਕਰਵਾ ਸਕਦੇ ਹਨ, ਵਰਨਾ ਤਾਂ ਸੁਖਬੀਰ ਸਿੰਘ ਬਾਦਲ ਭਾਵੇਂ ਸਿਆਸੀ ਤੌਰ 'ਤੇ ਸੁਖਦੇਵ ਸਿੰਘ ਢੀਂਡਸਾ ਦਾ ਮੁਕਾਬਲਾ ਨਹੀਂ ਕਰ ਸਕਦੇ ਪ੍ਰੰਤੂ ਉਨ੍ਹਾਂ ਨੇ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਦੇ ਸਪੁੱਤਰਾਂ ਨੂੰ ਅਹੁਦੇ ਨਿਵਾਜ ਕੇ ਆਪਣੇ ਨਾਲ ਜੋੜਿਆ ਹੋਇਆ ਹੈ। ਇਸ ਕਰਕੇ ਅਕਾਲੀ ਦਲ ਦੀ ਨੌਜਵਾਨ ਲੀਡਰਸ਼ਿਪ ਦਾ ਸੁਖਬੀਰ ਬਾਦਲ ਦਾ ਸਾਥ ਦੇਣ ਦੀ ਸੰਭਾਵਨਾ ਹੈ। ਅਕਾਲੀ ਦਲ ਦੇ ਜਿਸ ਧੜੇ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੋਵੇ ਉਹ ਹੀ ਅਕਾਲੀ ਦਲ 'ਤੇ ਕਾਬਜ਼ ਹੁੰਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਬਾਦਲ ਪਰਿਵਾਰ ਦੇ ਕਬਜ਼ੇ ਵਿਚ ਹੈ। ਸੁਖਦੇਵ ਸਿੰਘ ਢੀਂਡਸਾ ਲਈ ਆਉਣ ਵਾਲਾ ਡੇਢ ਸਾਲ ਚੁਣੌਤੀਆਂ ਭਰਪੂਰ ਹੋਵੇਗਾ ਕਿਉਂਕਿ ਇਤਨੇ ਥੋੜ੍ਹੇ ਸਮੇਂ ਵਿਚ ਸਿਆਸੀ ਪਾਰਟੀ ਖੜ੍ਹੀ ਕਰਕੇ ਸਥਾਪਤ ਕਰਨੀ ਬਹੁਤ ਮੁਸ਼ਕਲ ਹੁੰਦੀ ਹੈ। ਜੇਕਰ ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਦੇ ਸਾਰੇ ਧੜਿਆਂ ਨੂੰ ਤੀਜਾ ਫਰੰਟ ਬਣਾ ਕੇ ਸ਼ਾਮਲ ਕਰਨ ਵਿਚ ਸਫਲ ਹੋ ਜਾਣ ਫਿਰ ਤਾਂ ਪੰਜਾਬ ਦੇ ਲੋਕ ਤੀਜਾ ਬਦਲ ਚਾਹੁੰਦੇ ਹਨ। ਸਿਆਸਤਦਾਨਾਂ ਦੇ ਧੜਿਆਂ ਦੇ ਡੱਡੂਆਂ ਦੀ ਪੰਸੇਰੀ ਨੂੰ ਇਕੱਠਾ ਕਰਨਾ ਵੀ ਅਸੰਭਵ ਹੀ ਜਾਪਦਾ ਹੈ ਕਿਉਂਕਿ ਹਰ ਪਾਰਟੀ ਤੇ ਧੜੇ ਦੇ ਨੇਤਾ ਟਿਕਟਾਂ ਦੀ ਅਡਜਸਟਮੈਂਟ ਨਹੀਂ ਕਰਨਗੇ। ਸਿਆਸਤਦਾਨ ਸਿਆਸਤ ਵਿਚ ਆਉਂਦੇ ਹੀ ਰਾਜ ਭਾਗ ਦਾ ਆਨੰਦ ਮਾਨਣ ਲਈ ਹਨ। ਰਣਜੀਤ ਸਿੰਘ ਬ੍ਰਹਮਪੁਰਾ ਦੇ ਅਕਾਲੀ ਦਲ ਦੇ ਵੀ ਟੁੱਟਣ ਦੇ ਆਸਾਰ ਬਣ ਰਹੇ ਹਨ। ਬ੍ਰਹਮਪੁਰਾ ਦੀ ਪ੍ਰੈਸ ਕਾਨਫਰੰਸ ਤੋਂ ਉਨ੍ਹਾਂ ਦੀ ਘਬਰਾਹਟ ਦਾ ਪਤਾ ਲਗਦਾ ਹੈ। ਰਵੀਇੰਦਰ ਸਿੰਘ ਨੇ ਵੀ ਸੁਖਦੇਵ ਸਿੰਘ ਢੀਂਡਸਾ ਦੀ ਸਪੋਰਟ ਕਰਨ ਦਾ ਐਲਾਨ ਕਰ ਦਿੱਤਾ ਹੈ। ਦਸੰਬਰ 2016 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਪੰਜਾਬ ਦੇ ਲੋਕ ਅਕਾਲੀ ਦਲ ਅਤੇ ਕਾਂਗਰਸ ਦੀ ਥਾਂ ਤੀਜੇ ਬਦਲ ਦੀ ਸਰਕਾਰ ਬਣਾਉਣਾ ਚਾਹੁੰਦੇ ਸਨ ਪ੍ਰੰਤੂ ਅਰਵਿੰਦ ਕੇਜਰੀਵਾਲ ਦੀ ਹਠਧਰਮੀ ਅਤੇ ਸਥਾਪਤ ਪਾਰਟੀਆਂ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਸਿਆਸੀ ਹਥਕੰਡਿਆਂ ਕਰਕੇ ਲੋਕ ਸਫਲ ਨਹੀਂ ਹੋ ਸਕੇ। ਸਿਆਸਤ ਵਿਚ ਸਫਲ ਉਹੀ ਹੁੰਦਾ ਹੈ, ਜਿਹੜਾ ਤਿਗੜਮਬਾਜ਼ ਹੋਵੇ। ਸੁਖਦੇਵ ਸਿੰਘ ਢੀਂਡਸਾ ਭਾਵੇਂ ਹੰਢੇ ਵਰਤੇ ਤਜ਼ਰਬੇਕਾਰ ਸਿਆਸਤਦਾਨ ਹਨ ਪ੍ਰੰਤੂ ਉਹ ਤਿਗੜਮਬਾਜ਼ ਨਹੀਂ ਹਨ ਜੋ ਅੱਜ ਦੇ ਸਿਆਸਤਦਾਨਾਂ ਦੇ ਡਿਗੇ ਮਿਆਰ ਕਰਕੇ ਬਹੁਤ ਜ਼ਰੂਰੀ ਹੈ। ਇਕ ਗੱਲ ਤਾਂ ਪੱਕੀ ਹੈ ਕਿ ਉਹ ਬਾਦਲ ਪਰਿਵਾਰ ਦੀਆਂ ਬੇੜੀਆਂ ਵਿਚ ਵੱਟੇ ਜ਼ਰੂਰ ਪਾ ਦੇਣਗੇ। ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਨੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੇ ਸਿਧਾਂਤ ਨੂੰ ਵੀ ਤਿਲਾਂਜਲੀ ਦੇ ਦਿੱਤੀ ਹੈ। ਉਨ੍ਹਾਂ ਦਾ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿਚ ਸ਼ਾਮਲ ਹੋਣ ਕਰਕੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੇ ਹਰ ਗਲਤ ਫੈਸਲੇ ਦੀ ਤਾਈਦ ਕਰਦਾ ਹੈ। ਖਾਸ ਤੌਰ 'ਤੇ ਧਾਰਾ 370, ਨਾਗਰਿਕ ਸੋਧ ਐਕਟ ਅਤੇ ਤਾਜ਼ਾ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸਾਂ ਦੀ ਸਪੋਰਟ ਕਰਕੇ ਪੰਜਾਬ ਦੇ ਕਿਸਾਨਾਂ ਦੇ ਮਨਾਂ ਤੋਂ ਲਹਿ ਗਿਆ ਹੈ। ਜਿਸ ਵਜ੍ਹਾ ਕਰਕੇ ਢੀਂਡਸਾ ਦੇ ਅਕਾਲੀ ਦਲ ਦੀ ਲੋਕਾਂ ਵੱਲੋਂ ਸਪੋਰਟ ਹੋਣ ਦੀ ਆਸ ਬੱਝ ਗਈ ਹੈ। ਇਨ੍ਹਾਂ ਤਿੰਨਾਂ ਆਰਡੀਨੈਂਸਾਂ ਨੇ ਅਕਾਲੀ ਦਲ ਦੀਆਂ ਜੜ੍ਹਾਂ ਵਿਚ ਤੇਲ ਦੇਣ ਦਾ ਕੰਮ ਕਰਨਾ ਹੈ। ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਆਰਡੀਨੈਂਸਾਂ ਦੇ ਵਿਰੁੱਧ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਢੀਂਡਸਾ ਕੇਂਦਰ ਦੇ ਫੈਸਲੇ ਦੇ ਵਿਰੁੱਧ ਖੜ੍ਹੇ ਹੋਏ ਹਨ। ਜਦੋਂ ਕਿ ਸੁਖਬੀਰ ਬਾਦਲ ਆਰਡੀਨੈਂਸਾਂ ਦੇ ਹੱਕ ਵਿਚ ਰਹੇ। ਇਸ ਦੇ ਨਾਲ ਹੀ ਲੋਕ ਇਸ ਗੱਲ ਦਾ ਵੀ ਧਿਆਨ ਰੱਖਣਗੇ ਕਿ ਜੇਕਰ ਢੀਂਡਸਾ ਦਾ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੀ ਸਪੋਰਟ ਲਵੇਗਾ ਤਾਂ ਪੰਜਾਬ ਦੇ ਕਿਸਾਨ ਉਨ੍ਹਾਂ ਨੂੰ ਵੀ ਮੂੰਹ ਨਹੀਂ ਲਗਾਉਣਗੇ। ਪ੍ਰੰਤੂ ਇਕ ਗੱਲ ਤਾਂ ਪੱਕੀ ਹੈ ਕਿ ਢੀਂਡਸਾ ਦਾ ਅਕਾਲੀ ਦਲ ਬਾਦਲਾਂ ਦਾ ਨੁਕਸਾਨ ਕਰਨ ਵਿਚ ਸਫਲ ਹੋਵੇਗਾ। ਵੈਸੈ ਅਕਾਲੀ ਦਲ ਆਪਣੇ ਆਪ ਨੂੰ ਕਿਸਾਨਾਂ ਦੀ ਪਾਰਟੀ ਕਹਾਉਂਦੀ ਹੈ ਪ੍ਰੰਤੂ ਕਿਸਾਨਾਂ ਨੇ ਉਨ੍ਹਾਂ ਤੋਂ ਕਿਨਾਰਾ ਕਰ ਲੈਣਾ ਹੈ ਕਿਉਂਕਿ ਇਹ ਤਿੰਨ ਆਰਡੀਨੈਂਸ ਕਿਸਾਨਾਂ ਨੂੰ ਤਬਾਹ ਕਰ ਦੇਣਗੇ। ਅਕਾਲੀ ਦਲ ਦਾ ਇਹ ਫੈਸਲਾ ਢੀਂਡਸਾ ਦੇ ਪੱਖ ਵਿਚ ਲੋਕ ਰਾਏ ਪੈਦਾ ਕਰੇਗਾ। ਤੇਲ ਵੇਖੋ ਅਤੇ ਤੇਲ ਦੀ ਧਾਰ ਵੇਖੋ ਕਿ ਅਕਾਲੀ ਦਲ ਦੀ ਸਿਆਸਤ ਕਿਸ ਪਾਸੇ ਕਰਵਟ ਲੈਂਦੀ ਹੈ।

NYC | CENSUS 2020




# Live in the basement?
# Yes, the census is for you.

Your answers cannot be shared with your landlord, ICE, or any law enforcement agency.

You don't need a paper form.

My2020census.gov 1-844-330-2020

# ਆਤਮ-ਨਿਰਭਰਤਾ ਦੇ ਨਾਅਰੇ ਹੇਠ ਗੁਲਾਮੀ ਦੀ ਸਾਜ਼ਿਸ਼



ਮਈ ਮਹੀਨੇ ਟੀ.ਵੀ. ਉਪਰ ਦੇਸ਼ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਫਿਤਰਤ ਮੁਤਾਬਕ ਗੱਲਾਂ ਦੇ ਮਹਿਲ ਬਣਾਉਂਦਿਆਂ ਨਵਾਂ ਸ਼ਗੂਫਾ ਛੱਡਿਆ: 'ਆਤਮ-ਨਿਰਭਰ ਭਾਰਤ'। ਦੁਨੀਆਂ ਭਰ ਦੇ ਜਾਗਰੂਕ ਹਲਕੇ ਉਸ ਦੇ ਭਾਸ਼ਣ ਵਿਚੋਂ ਆਮ ਲੋਕਾਂ ਲਈ ਭਾਸ਼ਣ ਤੋਂ ਇਲਾਵਾ ਕੁਝ ਠੋਸ, ਕੁਝ ਸੱਚੀ-ਮੁੱਚੀ ਦਾ ਭਾਲਣ ਦੀ ਨਾਕਾਮ ਕੋਸ਼ਿਸ਼ ਕਰਦੇ ਰਹੇ। ਪ੍ਰਧਾਨ ਮੰਤਰੀ ਦੇ ਐਲਾਨੇ 20 ਲੱਖ ਕਰੋੜ ਰੁਪਏ ਦੇ 'ਮਹਾਂ ਪੈਕਜ' ਵਿਚੋਂ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ ਅਤੇ ਮਿਹਨਤਕਸ਼ ਲੋਕਾਂ ਹਿੱਸੇ ਇਕ ਵਾਰ ਫਿਰ ਉਪਦੇਸ਼, ਲਾਰੇ ਅਤੇ ਗੱਲਾਂ ਹੀ ਆਈਆਂ। ਮੋਦੀ ਦਾ ਆਤਮ-ਨਿਰਭਰ ਭਾਰਤ ਕਿਹੋ ਜਿਹਾ ਹੋਵੇਗਾ, ਇਸ ਬਾਰੇ ਕੁਝ ਕੁਝ ਝਲਕਾਰੇ ਉਨ੍ਹਾਂ ਦੇ 12 ਮਈ ਦੇ ਇਸ ਭਾਸ਼ਣ ਵਿਚੋਂ, ਬਹੁਤ ਕੁਝ ਮੋਦੀ ਸਰਕਾਰ ਵਲੋਂ ਧਾਰਨ ਕੀਤੀਆਂ ਨੀਤੀਆਂ ਵਿਚੋਂ ਅਤੇ ਬਾਕੀ ਸਭ ਕੁਝ ਵਿਤ ਮੰਤਰੀ ਨਿਰਮਲਾ ਸੀਤਾਰਾਮਨ ਵਲੋਂ ਲਗਾਤਾਰ ਪੰਜ ਦਿਨ ਕੀਤੀਆਂ ਪ੍ਰੈਸ ਕਾਨਫਰੰਸਾਂ ਵਿਚੋਂ ਸਾਹਮਣੇ ਨਜ਼ਰ ਆ ਗਿਆ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਆਪਣੇ ਦੇਸ਼ ਦੇ ਮਜਦੂਰਾਂ ਦੀ ਸੁਰੱਖਿਆ ਲਈ ਬਣੇ ਕਿਰਤ ਕਾਨੂੰਨ ਖਤਮ ਕਰ ਕੇ ਜਾਂ ਸਸਪੈਂਡ ਕਰ ਕੇ ਕਰੋੜਾਂ ਮਜ਼ਦੂਰਾਂ ਨੂੰ ਉਦਯੋਗਪਤੀਆਂ ਦੇ ਰਹਿਮੋ-ਕਰਮ ਉਪਰ ਛੱਡ ਕੇ ਕਿਹੋ ਜਿਹਾ 'ਆਤਮ-ਨਿਰਭਰ ਭਾਰਤ' ਬਣੇਗਾ? ਆਪਣੇ ਦੇਸ਼ ਦੇ ਵਸੀਲਿਆਂ, ਕੁਦਰਤੀ ਸਰੋਤਾਂ, ਆਪਣੇ ਦੇਸ਼ ਦੀ ਪੂੰਜੀ ਲੁਟਾ ਕੇ ਕਿਹੜੇ 'ਆਤਮ-ਨਿਰਭਰ ਭਾਰਤ' ਦੇ ਸੁਪਨੇ ਦੇਖੇ ਜਾ ਰਹੇ ਹਨ? ਜਿਸ ਤਰ੍ਹਾਂ ਕਿਰਤ ਕਾਨੂੰਨਾਂ ਵਿਚ ਸੋਧ ਦੇ ਨਾਮ ਉਪਰ ਨਿਗੂਣੇ ਮਜ਼ਦੂਰ ਹੱਕਾਂ ਉਪਰ ਡਾਕਾ ਮਾਰਿਆ ਜਾ ਰਿਹਾ ਹੈ; ਉਦਯੋਗਪਤੀਆਂ ਨੂੰ ਮਜ਼ਦੂਰਾਂ ਦਾ ਖੂਨ ਪਸੀਨਾ ਨਿਚੋੜਨ ਦੀਆਂ ਖੁੱਲ੍ਹਾਂ ਦਿਤੀਆਂ ਜਾ ਰਹੀਆਂ ਹਨ; ਜਿਵੇਂ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਛੋਟਾਂ, ਕਾਨੂੰਨਾਂ ਦੀ ਪਾਲਣਾ ਤੋਂ ਛੋਟਾਂ, ਕੁਦਰਤ ਨਾਲ ਖਿਲਵਾੜ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ; ਜਿਸ ਤਰ੍ਹਾਂ ਮੋਦੀ ਸਰਕਾਰ ਨੇ ਭੂਮੀ ਅਧਿਗ੍ਰਹਿਣ ਕਾਨੂੰਨ ਛਿੱਕੇ ਟੰਗ ਕਿਸਾਨਾਂ ਦੀਆਂ ਜ਼ਮੀਨਾਂ ਜਬਰਨ ਖੋਹੀਆਂ, ਭਵਿਖ ਵਿਚ ਹੋਰ ਵੀ ਵੱਡੇ ਪੱਧਰ 'ਤੇ ਖੋਹੇ ਜਾਣ ਦਾ ਖਦਸ਼ਾ ਹੈ; ਜਿਸ ਤਰ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰ ਕੇ, ਭਾਰਤੀ ਖਾਦ ਨਿਗਮ (ਐਫ਼ਸੀ.ਆਈ.) ਨੂੰ ਫਸਲਾਂ ਦੀ ਖਰੀਦ ਵਿਚੋਂ ਬਾਹਰ ਕਰ ਕੇ, ਦੇਸ਼ ਦੇ ਕਿਸਾਨਾਂ ਨੂੰ ਖੁੱਲ੍ਹੀ ਮੰਡੀ ਦੇ ਨਾਮ ਹੇਠ ਵੱਡੇ ਵੱਡੇ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਰਹਿਮੋ-ਕਰਮ 'ਤੇ ਛੱਡਿਆ ਜਾ ਰਿਹਾ ਹੈ, ਉਸ ਤੋਂ ਮੋਦੀ ਸਰਕਾਰ ਵਲੋਂ ਆਤਮ-ਨਿਰਭਰ ਭਾਰਤ ਦੇ ਨਾਂ ਹੇਠ ਲੁਕਾਈ ਗੁਲਾਮੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਕਰੋਨਾ ਸੰਕਟ ਦੀ ਆੜ ਵਿਚ ਵੋਕਲ ਫਾਰ ਲੋਕਲ, ਮੇਕ ਇਨ ਇੰਡੀਆ ਅਤੇ ਸਵਦੇਸ਼ੀ ਵਰਗੇ ਲਾਰਿਆਂ ਅਤੇ ਨਾਅਰਿਆਂ ਦੇ ਨਾਲ-ਨਾਲ, ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸੀ ਪੂੰਜੀ (ਐਫ਼ਡੀ.ਆਈ.) ਲਈ ਲਾਲ ਕਲੀਨ ਵਿਛਾਉਣ ਦੇ ਵਾਅਦੇ 'ਆਤਮ-ਨਿਰਭਰ ਭਾਰਤ' ਦੇ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਭਲਾ ਕੀ ਹੋ ਸਕਦਾ ਹੈ? ਦੇਸ਼ ਦੀ ਸੁਰੱਖਿਆ ਨੂੰ ਤਾਕ ਉਪਰ ਰੱਖ ਦੇਸ਼ ਦੀਆਂ ਅਸਲ੍ਹਾ ਫੈਕਟਰੀਆਂ ਨੂੰ ਨਾ ਸਿਰਫ ਨਿੱਜੀ ਹੱਥਾਂ ਵਿਚ ਦਿੱਤਾ ਜਾ ਰਿਹਾ ਹੈ ਬਲਕਿ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 74 ਫੀਸਦੀ ਤੱਕ ਵਧਾ ਕੇ, ਦੇਸ਼ ਅਤੇ ਦੇਸ਼ ਦੀਆਂ ਸੁਰੱਖਿਆ ਫੋਰਸਾਂ (ਜੋ ਗਰੀਬ ਤੇ ਆਮ ਲੋਕਾਂ ਦੇ ਬੱਚੇ ਹੁੰਦੇ ਹਨ) ਨੂੰ ਮੌਤ ਦੇ ਮੂੰਹ ਧੱਕਿਆ ਜਾ ਰਿਹਾ ਹੈ। ਦੇਸ਼ ਦੀ ਦੂਜੀ ਸੁਰੱਖਿਆ ਪੰਕਤੀ, ਸਭ ਤੋਂ ਵੱਡੀ ਰੁਜ਼ਗਾਰਦਾਤਾ, ਭਾਰਤੀ ਰੇਲਵੇ ਵਿਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ ਦੇ ਕੇ ਦੁਨੀਆਂ ਭਰ ਦੀਆਂ ਦਿਓ ਕੱਦ ਕਾਰਪੋਰੇਸ਼ਨਾਂ ਹਵਾਲੇ ਕਰ ਦੇਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਦੇਸ਼ ਦੇ ਜਨਤਕ ਅਦਾਰਿਆਂ ਜਿਨ੍ਹਾਂ ਨੂੰ ਦੇਸ਼ ਦੇ ਲੋਕਾਂ ਦੁਆਰਾ ਢਿੱਡ ਬੰਨ੍ਹ ਕੇ ਕੀਤੀਆਂ ਬੱਚਤਾਂ ਅਤੇ ਕਰਮਚਾਰੀਆਂ ਦੇ ਖੂਨ ਪਸੀਨੇ ਨਾਲ ਉਸਾਰਿਆ ਗਿਆ ਸੀ ਤੇ ਜਿਸ ਨੇ ਦੇਸ਼ ਦੇ ਵਿਕਾਸ ਦੀ ਗੱਡੀ ਲੀਹ ਤੇ ਪਾਈ ਸੀ ਅਤੇ ਮੌਜੂਦਾ ਕਰੋਨਾ ਸੰਕਟ ਦੌਰਾਨ ਜਨਤਕ ਅਦਾਰਿਆਂ ਦੇ ਕਰਮਚਾਰੀ ਚਾਹੇ ਉਹ ਡਾਕਟਰ, ਨਰਸਾਂ, ਪੈਰਾ ਮੈਡੀਕਲ ਸਟਾਫ, ਪੁਲਿਸ, ਸਫਾਈ, ਰੇਲਵੇ, ਬਿਜਲੀ ਆਦਿ ਦੇ ਕਰਮਚਾਰੀ ਹੋਣ (ਜਿਨ੍ਹਾਂ ਨੂੰ ਦੇਸ਼ ਦਾ ਮੌਜੂਦਾ ਪ੍ਰਧਾਨ ਮੰਤਰੀ ਦੁਨੀਆਂ ਭਰ ਵਿਚ ਬਦਨਾਮ ਕਰਦਾ ਰਿਹਾ ਹੈ) ਨੇ ਸੀਮਤ ਸਾਧਨਾਂ ਦੇ ਬਾਵਜੂਦ ਕਰੋਨਾ ਮਹਾਮਾਰੀ ਦਾ ਚਟਾਨ ਵਾਂਗੂ ਟਾਕਰਾ ਕੀਤਾ। ਮੋਦੀ ਸਰਕਾਰ ਉਸ ਜਨਤਕ ਖੇਤਰ ਦਾ ਨਿਜੀਕਰਨ ਕਰਕੇ ਤੇ ਉਸ ਨੂੰ ਦੇਸੀ ਵਿਦੇਸ਼ੀ ਕਾਰਪੋਰੇਸ਼ਨਾਂ ਹਵਾਲੇ ਕਰ ਕੇ ਕੈਸਾ 'ਆਤਮ-ਨਿਰਭਰ ਭਾਰਤ' ਬਣਾਉਣਾ ਚਾਹੁੰਦੀ ਹੈ। 'ਸਦਮਾ ਸਿਧਾਂਤ' ਨਾਂ ਦੀ ਵਿਸ਼ਵ ਪ੍ਰਸਿਧ ਕਿਤਾਬ ਵਿਚ ਲੇਖਕਾ ਨਿਓਮੀ ਕਲਾਈਨ ਇਹ ਸਾਬਤ ਕਰਦੀ ਹੈ ਵੱਡੀਆਂ-ਵੱਡੀਆਂ ਦਿਓ ਕੱਦ ਕਾਰਪੋਰੇਸ਼ਨਾਂ ਮਹਿਜ਼ ਵਪਾਰ ਨਹੀਂ ਕਰਦੀਆਂ, ਨਾ ਹੀ ਗਰੀਬ ਦੇਸ਼ਾਂ ਦੇ ਵਿਕਾਸ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਹੁੰਦਾ ਹੈ ਜਿਵੇਂ ਮੋਦੀ ਦਾਅਵਾ ਕਰਦਾ ਹੈ; ਸਗੋਂ ਇਨ੍ਹਾਂ ਦੀ ਭੂਮਿਕਾ ਨੀਤੀਆਂ ਵਿਚ ਵੱਡੇ ਪੱਧਰ 'ਤੇ ਰੱਦੋਬਦਲ ਕਰਵਾ ਕੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਵਿਚ ਬੇਤਹਾਸ਼ਾ ਵਾਧਾ ਕਰਵਾ ਕੇ ਆਮ ਲੋਕਾਂ ਦਾ ਜੀਵਨ ਅਸਤ-ਵਿਅਸਤ ਕਰਵਾਉਣ, ਸਗੋਂ ਰਾਜ ਪਲਟੇ ਤੱਕ ਕਰਵਾਉਣ ਵਿਚ ਵੀ ਸਾਫ ਨਜ਼ਰ ਆਉਂਦੀ ਹੈ। ਸਾਨੂੰ ਭਾਰਤ ਦੇ ਲੋਕਾਂ ਨੂੰ ਈਸਟ ਇੰਡੀਆ ਕੰਪਨੀ ਨੇ ਉਪਰੋਕਤ ਸਬਕ ਸਦੀਆਂ ਪਹਿਲਾਂ ਸਿਖਾ ਦਿੱਤਾ ਸੀ।

ਇਤਿਹਾਸ ਦੱਸਦਾ ਹੈ ਕਿ ਈਸਟ ਇੰਡੀਆ ਕੰਪਨੀ ਭਾਰਤ ਵਿਚ ਵਪਾਰ ਕਰਨ ਆਈ ਸੀ ਤੇ ਉਸ ਨੇ ਸਾਜ਼ਿਸ਼ਾਂ ਰਚ ਕੇ ਪੂਰੇ ਦੇਸ਼ ਨੂੰ ਆਪਣਾ ਗੁਲਾਮ ਬਣਾ ਲਿਆ ਸੀ। ਮੁਗਲ ਬਾਦਸ਼ਾਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਵਪਾਰ ਲਈ ਦਿੱਤੀਆਂ ਖੁੱਲ੍ਹਾਂ ਅਤੇ ਹੋਰ ਰਿਆਸਤਾਂ ਵਲੋਂ ਦਿਖਾਈਆਂ ਦਰਿਆਦਿਲੀਆਂ ਅੰਤ ਦੇਸ਼ ਨੂੰ ਲੈ ਡੁੱਬੀਆ ਸਨ। ਮੁਗਲ ਬਾਦਸ਼ਾਹਾਂ ਤੇ ਹੋਰ ਰਾਜਿਆਂ ਦੀਆਂ ਨੀਤੀਆਂ ਜਾਂ ਨਾਲਾਇਕੀਆਂ ਦੀ ਬਦੌਲਤ ਦੇਸ਼ ਦੇ ਲੋਕ ਸਦੀਆਂ ਦੀ ਲੰਮੀ ਗੁਲਾਮੀ ਹੰਢਾਉਣ ਲਈ ਮਜਬੂਰ ਹੋ ਗਏ ਸਨ। ਸੁਆਲ ਤਾਂ ਇਹ ਵੀ ਹੈ ਕਿ ਜੇ ਵਿਦੇਸ਼ੀ ਕੰਪਨੀਆਂ ਨੇ ਹੀ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੁੰਦਾ ਤਾਂ ਈਸਟ ਇੰਡੀਆ ਕੰਪਨੀ ਨੇ ਭਾਰਤ ਦਾ ਵਿਕਾਸ ਕਰ ਕੇ ਇਸ ਨੂੰ ਆਤਮ ਨਿਰਭਰ ਕਿਉਂ ਨਾ ਬਣਾਇਆ? ਤੇ ਫਿਰ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਬ੍ਰਿਟਿਸ਼ ਰਾਜ ਦੀ ਲੁੱਟ-ਖਸੁੱਟ ਤੋਂ ਛੁਟਕਾਰਾ ਪਾਉਣ ਖਾਤਰ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮਰ ਮਿਟਣ ਵਾਲੇ ਲੱਖਾਂ ਸੂਰਬੀਰ ਯੋਧੇ ਕੀ ਗਲਤ ਸਨ? ਨਹੀਂ; ਸਗੋਂ ਭਾਰਤ ਦੇ ਆਜ਼ਾਦੀ ਸੰਗਰਾਮੀਏ ਪੂਰੀ ਤਰ੍ਹਾਂ ਸਪਸ਼ਟ ਸਨ ਕਿ ਅੰਗਰੇਜ਼ ਸਾਡੇ ਮੁਲਕ ਅਤੇ ਮੁਲਕ ਦੇ ਲੋਕਾਂ ਦੀ ਬੇਕਿਰਕੀ ਨਾਲ ਲੁੱਟ ਕਰਦੇ ਹਨ। ਲਾਲਾ ਲਾਜਪਤ ਰਾਏ ਨੇ ਆਪਣੀ ਕਿਤਾਬ 'ਯੰਗ ਇੰਡੀਆ' ਵਿਚ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਗਰੀਬੀ ਦੀ ਗੱਲ ਕਰਦਿਆਂ ਸਾਬਤ ਕੀਤਾ ਕਿ ਸਾਡੀ ਗਰੀਬੀ ਦਾ ਅਸਲ ਕਾਰਨ ਅੰਗਰੇਜ਼ਾਂ ਦੁਆਰਾ ਕੀਤੀ ਜਾਂਦੀ ਸਾਡੀ ਅੰਨ੍ਹੇਵਾਹ ਲੁੱਟ ਹੈ। ਉਨ੍ਹਾਂ ਤੱਥਾਂ ਤੇ ਅੰਕੜਿਆਂ ਸਹਿਤ ਬ੍ਰਿਟਿਸ਼ ਸਾਮਰਾਜ ਦੀ ਲੁੱਟ ਨੂੰ ਨੰਗਿਆਂ ਕੀਤਾ ਅਤੇ ਦਾਅਵਾ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਜਦੋਂ ਇਹ ਲੁੱਟ-ਖਸੁੱਟ ਬੰਦ ਹੋ ਜਾਵੇਗੀ ਤਾਂ ਸਾਡੇ ਦੁੱਖ ਦਲਿਦਰ ਤੇ ਗਰੀਬੀ ਵੀ ਦੂਰ ਹੋ ਜਾਵੇਗੀ। ਆਜ਼ਾਦੀ ਦੇ 73 ਸਾਲਾਂ ਬਾਅਦ ਭਾਰਤੀ ਲੋਕਾਂ ਦੇ ਦੁਖ ਦਲਿਦਰ ਤੇ ਗਰੀਬੀ ਕਿਉਂ ਨਹੀਂ ਮੁੱਕੀ। ਇਹ ਵੱਖਰੀ ਬਹਿਸ ਦਾ ਮੁੱਦਾ ਹੈ ਪਰ ਵਿਦੇਸ਼ੀ ਕਾਰਪੋਰੇਸ਼ਨਾਂ ਗਰੀਬ ਮੁਲਕਾਂ ਦਾ ਵਿਕਾਸ ਨਹੀਂ ਬਲਕਿ ਅੰਨ੍ਹੇਵਾਹ ਲੁੱਟ ਕਰਦੀਆਂ ਹਨ, ਇਸ ਬਾਰੇ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮੀਆ ਨੂੰ ਕੋਈ ਭੁਲੇਖਾ ਨਹੀਂ ਸੀ।

ਅੱਜ ਮੋਦੀ ਸਰਕਾਰ ਮੇਕ ਇਨ ਇੰਡੀਆ ਅਤੇ ਆਤਮ ਨਿਰਭਰ ਭਾਰਤ ਦੇ ਨਾਮ ਉਪਰ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਲਈ ਲਾਲ ਕਲੀਨ ਵਿਛਾ ਕੇ, ਈਜ ਟੂ ਬਿਜ਼ਨਸ ਦੇ ਵਾਅਦੇ ਕਰ ਦੇਸ਼ ਦੇ ਲੋਕਾਂ ਨੂੰ ਫੇਰ ਗੁਲਾਮ ਬਣਾਉਣ ਦੇ ਉਲਟੇ ਰਸਤੇ ਚੱਲ ਰਹੀ ਹੈ। ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜ਼ਬਾਗ ਦੇਖਣ ਤੇ ਦਿਖਾਉਣ ਵਾਲਿਆਂ ਨੂੰ ਪੁਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਨ੍ਹਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕੰਪਨੀਆਂ ਨੇ ਕਿੰਨੀਆਂ ਹੀ ਭਾਰਤੀ ਕੰਪਨੀਆਂ ਨੂੰ ਨਿਗਲ ਲਿਆ ਹੈ। ਦੇਸ਼ ਦੇ ਲੋਕਾਂ ਦੀ ਅੰਨ੍ਹੀ ਲੁੱਟ ਕਰਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਕੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਆਮ ਲੋਕਾਂ ਸੰਕਟ ਮੂੰਹ ਧੱਕ ਕੇ ਦੇਸ਼ ਦੀ ਆਤਮ ਨਿਰਭਰਤਾ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਨਾ ਸਿਰਫ ਸਾਡੇ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਅਤੇ ਦੇਸ਼ ਦੀ ਵਿਵਸਥਾ ਤੋਂ ਤੰਗ ਆ ਕੇ ਵਿਦੇਸ਼ੀਂ ਉਡਾਰੀ ਮਾਰਨ ਲਈ ਮਜਬੂਰ ਹੋ ਰਿਹਾ ਬਲਕਿ ਸਾਡੇ ਦੇਸ਼ ਦੇ 26 ਹਜ਼ਾਰ ਉਦਮੀ ਜਿਹੜੇ ਸਹੀ ਅਰਥਾਂ ਵਿਚ ਆਤਮ ਨਿਰਭਰ ਭਾਰਤ ਦਾ ਨਿਰਮਾਣ ਕਰ ਰਹੇ ਸਨ ਅਤੇ ਸੱਚੀ-ਮੁੱਚੀ ਮੇਕ ਇਨ ਇੰਡੀਆ ਵਿਚ ਆਪਣਾ ਯੋਗਦਾਨ ਪਾ ਰਹੇ ਸਨ, ਦੇਸ਼ ਛੱਡਣ ਲਈ ਮਜਬੂਰ ਹੋ ਚੁੱਕੇ ਹਨ। ਦੇਸ਼ ਵਿਚੋਂ ਪੂੰਜੀ, ਦਿਮਾਗੀ, ਹੁਨਰ ਆਦਿ ਦਾ ਨਿਕਾਸ ਮਜਬੂਰੀ ਵਿਚ ਪ੍ਰੰਤੂ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਤੇ ਮੋਦੀ ਸਰਕਾਰ ਵਿਦੇਸ਼ੀ ਪੂੰਜੀ ਨਿਵੇਸ਼ ਤੇ ਤਕਨੀਕ ਸਹਾਰੇ ਵਿਕਾਸ ਦੇ ਸੁਨਹਿਰੀ ਸੁਪਨੇ ਦੇਖ ਤੇ ਦਿਖਾ ਰਹੀ ਹੈ।

ਇਸ ਇਤਿਹਾਸ ਨੂੰ ਕੌਣ ਦੇਸ਼ ਵਾਸੀ ਭੁੱਲ ਸਕਦਾ ਹੈ ਕਿ ਅੰਗਰੇਜ਼ਾਂ ਨੇ ਸਾਡੀ ਖੇਤੀ, ਸਾਡੇ ਉਦਯੋਗਾਂ ਤੇ ਸਾਡੇ ਕਿਰਤੀਆਂ-ਕਿਸਾਨਾਂ ਨੂੰ ਉਜਾੜ ਕੇ ਆਪਣੇ ਉਦਯੋਗ ਧੰਦੇ ਸਥਾਪਤ ਕੀਤੇ ਸਨ। ਸਾਡੇ ਸਮਿਆਂ ਦਾ ਦੁਖਾਂਤ ਇਹ ਹੈ ਕਿ ਦੇਸ਼ ਦੇ ਸੁਨਹਿਰੀ ਇਤਿਹਾਸ ਦੀਆਂ ਬਾਤਾਂ ਪਾਉਣ ਵਾਲੇ, ਬਾਬਾ ਵਿਸ਼ਕਰਮਾ ਨੂੰ ਪੂਜਣ ਵਾਲੇ, ਦੇਸ਼ ਦੇ ਸੁਨਹਿਰੀ ਇਤਿਹਾਸ ਦਾ ਸਭ ਤੋਂ ਵੱਧ ਗੁਣਗਾਣ ਕਰਨ ਵਾਲੇ ਹਾਕਮ ਵਿਦੇਸ਼ੀ ਕੰਪਨੀਆਂ ਅੱਗੇ ਪੂਰੀ ਤਰਾਂ ਨਤਮਸਤਕ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਰੋਨਾ ਸੰਕਟ ਦੀ ਜੜ੍ਹ ਪੂੰਜੀਵਾਦੀ ਉਤਪਾਦਨ ਵਿਵਸਥਾ ਵਿਚ ਪਈ ਹੈ ਤੇ ਖੁੱਲ੍ਹੀ ਮੰਡੀ ਅਤੇ ਵਿਸ਼ਵੀਕਰਨ ਦੀਆਂ ਸਾਮਰਾਜੀ ਨੀਤੀਆਂ ਕਾਰਨ ਇਹ ਬਿਮਾਰੀ ਬੜੀ ਤੇਜ਼ੀ ਨਾਲ ਪੂਰੀ ਦੁਨੀਆਂ ਵਿਚ ਫੈਲ ਗਈ। ਅੱਜ ਸਮਾਂ ਪੂੰਜੀਵਾਦੀ, ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਆਦਿ ਨੀਤੀਆਂ ਉਪਰ ਪੁਨਰ ਵਿਚਾਰ ਕਰਨ ਦੀ ਮੰਗ ਕਰ ਰਿਹਾ ਹੈ। ਸਚਾਈ ਤਾਂ ਇਹ ਵੀ ਹੈ ਕਿ ਆਤਮ ਨਿਰਭਰ ਆਰਥਿਕ ਵਿਵਸਥਾਵਾਂ ਉਪਰ ਸੰਕਟਾਂ ਦੀ ਮਾਰ ਹਮੇਸ਼ਾ ਘੱਟ ਪੈਂਦੀ ਹੈ। ਸਾਡੇ ਦੇਸ਼ ਦੇ ਹੁਕਮਰਾਨਾਂ ਨੇ 1991 ਵਿਚ ਜਿਵੇਂ ਦੇਸ਼ ਦੀ ਅਰਥ-ਵਿਵਸਥਾ ਨੂੰ ਸਾਮਰਾਜੀ ਮੁਲਕਾਂ ਨਾਲ ਨਰੜ ਕੇ ਦੇਸ ਦੀ ਖੇਤੀ, ਉਦਯੋਗ, ਧੰਦਿਆਂ ਅਤੇ ਲੋਕਾਂ ਨੂੰ ਉਜਾੜ ਕੇ ਦੇਸ਼ ਦੀ ਆਜ਼ਾਦੀ ਅਤੇ ਆਤਮ-ਨਿਰਭਰਤਾ ਨਾਲ ਖਿਲਵਾੜ ਕੀਤਾ ਸੀ, ਉਸ ਦੇ ਡਰਾਉਣੇ ਨਤੀਜੇ ਸਾਡੇ ਸਭ ਦੇ ਸਾਹਮਣੇ ਹਨ।

ਦੇਸ਼ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਤਮ ਨਿਰਭਰਤਾ, ਮੇਕ ਇਨ ਇੰਡੀਆ ਦਾ ਮਤਲਬ ਇਹ ਨਹੀਂ ਕਿ ਇਥੇ ਫੋਰਡ, ਜਨਰਲ ਮੋਟਰ, ਸੈਮਸੰਗ ਆਦਿ ਵਰਗੀਆਂ ਦੁਨੀਆਂ ਭਰ ਦੀਆਂ ਦਿਓ-ਕੱਦ ਕਾਰਪੋਰੇਸ਼ਨਾਂ ਇਥੇ ਉਤਪਾਦਨ ਕਰਨ ਅਤੇ ਇਥੋਂ ਦੇ ਕਿਰਤੀਆਂ, ਕਿਸਾਨਾਂ, ਨੌਜਵਾਨਾਂ, ਕੁਦਰਤੀ ਸਰੋਤਾਂ ਆਦਿ ਦੀ ਬੇਕਿਰਕੀ ਨਾਲ ਲੁੱਟ ਕਰਨ ਅਤੇ ਜਦੋਂ ਚਾਹੁਣ, ਉਹ ਉਦੋਂ ਉਤਪਾਦਨ, ਤਕਨੀਕ ਅਤੇ ਮੁਨਾਫਾ ਲੈ ਕੇ ਦੇਸ਼ ਵਿਚੋਂ ਰਫੂ ਚੱਕਰ ਹੋ ਜਾਣ। ਫੇਰ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਵਰਗੇ ਨਾਅਰਿਆਂ ਦਾ ਕੀ ਅਰਥ ਰਹਿ ਜਾਵੇਗਾ? ਮੇਕ ਇਨ ਇੰਡੀਆ ਦਾ ਮਤਲਬ ਭਾਰਤ ਦੇ ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦਾ ਹੋਣਾ ਚਾਹੀਦਾ ਹੈ। ਇਹ ਦੇਸ਼ ਦੇ ਲੋਕਾਂ, ਵਸੀਲਿਆਂ ਤੇ ਪੂੰਜੀ ਆਦਿ ਦੀ ਕੀਮਤ ਉਪਰ ਬਿਲਕੁਲ ਨਹੀਂ ਹੋਣਾ ਚਾਹੀਦਾ।

**ਲੇਖਕ : ਅਮਰੀਕ ਸਿੰਘ**
**ਫੋਨ:** +91-84373-12220

# ਨਸ਼ਾ ਛਡਾਉਣ ਦੇ ਨਾਂ 'ਤੇ ਪੰਜਾਬ ਸਰਕਾਰ ਹੀ ਵੰਡ ਰਹੀ ਹੈ ਨਸ਼ਾ

ਚੰਦ ਦਿਨਾਂ ਵਿਚ ਪੰਜਾਬ ਅੰਦਰੋਂ ਨਸ਼ਾ ਖਤਮ ਕਰਨ ਦੀ ਗੁਟਕਾ ਸਾਹਿਬ ਹੱਥ ਵਿਚ ਫੜ੍ਹ ਕੇ ਸਹੁੰ ਖਾਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਅਮਲ ਵਿਚ ਲਿਆਂਦੀ ਗਈ ਨਸ਼ਾ ਵਿਰੋਧੀ ਨੀਤੀ ਪੰਜਾਬ ਲਈ ਨਵਾਂ ਖਤਰਾ ਬਣ ਕੇ ਸਾਹਮਣੇ ਆ ਰਹੀ ਹੈ। ਅੱਜ ਪੰਜਾਬੀ ਟ੍ਰਿਬਿਊਨ ਅਖਬਾਰ ਵਿਚ ਛਪੀ ਸੀਨੀਅਰ ਪੱਤਰਕਾਰ ਹਮੀਰ ਸਿੰਘ ਦੀ ਰਿਪੋਰਟ ਨੇ ਹੈਰਾਨੀ ਕੁੰਨ ਖੁਲਾਸੇ ਕੀਤੇ ਹਨ।

ਰਿਪੋਰਟ ਮੁਤਾਬਕ ਪੰਜਾਬ ਸਰਕਾਰ ਵੱਲੋਂ ਓਟ ਕਲੀਨਿਕਾਂ ਰਾਹੀਂ ਬੁਪਰੇਨੋਰਫਿਨ ਨੈਲੋਕਸ਼ਨ ਦੀ ਗੋਲੀ ਦੇ ਕੇ ਨਸ਼ਾ ਛੁਡਾਉਣ ਦਾ ਕੀਤਾ ਜਾ ਰਿਹਾ ਤਜਰਬਾ ਉਲਟਾ ਪੈਂਦਾ ਦਿਖਾਈ ਦੇ ਰਿਹਾ ਹੈ। ਜਿਹੜੀ ਦਵਾਈ ਨਸ਼ਾ ਛੁਡਾਉਣ ਲਈ ਵਰਤੀ ਜਾ ਰਹੀ ਹੈ, ਨਸ਼ਾ ਕਰਨ ਵਾਲੇ ਮਰੀਜ਼ ਉਸੇ ਦੇ ਆਦੀ ਹੋ ਗਏ ਹਨ। ਤਾਲਾਬੰਦੀ ਦੌਰਾਨ ਭੁੱਕੀ, ਅਫੀਮ ਅਤੇ ਹੋਰ ਨਸ਼ਾ ਕਰਨ ਵਾਲੇ ਤੇ ਨਸ਼ਾ ਨਾ ਕਰਨ ਵਾਲੇ ਗੋਲੀ ਲੈਣ ਲਈ ਆਧਾਰ ਕਾਰਡਾਂ ਜ਼ਰੀਏ ਰਜਿਸਟਰਡ ਹੋਏ ਪਰ ਸਰਕਾਰੀ ਓਟ ਕੇਂਦਰਾਂ ਵਿੱਚ ਦਵਾਈ ਦੀ ਘਾਟ ਅਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਅਤੇ ਮੁੜ ਵਸੇਬਾ ਕੇਂਦਰ ਮਰੀਜ਼ਾਂ ਨੂੰ ਮਹਿੰਗੇ ਭਾਅ ਗੋਲੀਆਂ ਵੇਚ ਕੇ ਸ਼ੋਸ਼ਣ ਕਰ ਰਹੇ ਹਨ।

ਪੰਜਾਬ ਸਰਕਾਰ ਨੇ ਅਕਤੂਬਰ 2017 ਵਿੱਚ ਅਮਰੀਕੀ ਨਸ਼ਾ ਛੁਡਾਊ ਪ੍ਰੋਗਰਾਮ ਦੇ ਆਧਾਰ ਉੱਤੇ ਓਟ ਕਲੀਨਿਕ ਪ੍ਰਣਾਲੀ ਲਾਗੂ ਕੀਤੀ ਸੀ। ਪੰਜਾਬ ਵਿੱਚ 192 ਸਰਕਾਰੀ ਓਟ ਕੇਂਦਰ ਖੋਲ੍ਹ ਕੇ ਨਸ਼ੇ ਦੇ ਆਦੀ ਮਰੀਜ਼ਾਂ ਨੂੰ ਰਜਿਸਟਰਡ ਕਰਕੇ ਕਲੀਨਿਕ ਉੱਤੇ ਹੀ ਗੋਲੀ ਉਨ੍ਹਾਂ ਦੇ ਮੂੰਹ ਵਿੱਚ ਪਾਈ ਜਾਂਦੀ ਹੈ। ਡਾਕਟਰ ਦੀ ਸਲਾਹ ਨਾਲ ਕਿਸੇ ਨੂੰ ਇੱਕ, ਦੋ ਜਾਂ ਤਿੰਨ ਗੋਲੀਆਂ ਦਿੱਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਔਸਤਨ 2.05 ਐਮ ਜੀ ਦੀ ਬੁਪਰੇਨੋਰਫਿਨ ਦੀਆਂ 2.5 ਗੋਲੀਆਂ ਪ੍ਰਤੀ ਮਰੀਜ਼ ਦਿੱਤੀਆਂ ਜਾਂਦੀਆਂ ਹਨ। ਇਸ ਦਾ ਮਕਸਦ ਇਹ ਸੀ ਕੁੱਝ ਸਮੇਂ ਤੱਕ ਇਹ ਗੋਲੀ ਦੇ ਕੇ ਹੌਲੀ ਹੌਲੀ ਉਸ ਦੀ ਡੋਜ਼ ਘਟਾਉਂਦਿਆਂ ਨਸ਼ਾ ਮੁਕਤੀ ਹੋ ਜਾਵੇਗੀ। ਇਸ ਵਾਸਤੇ ਕਾਊਂਸਲਿੰਗ ਅਤੇ ਹੋਰ ਕੋਸ਼ਿਸ਼ਾਂ ਵੀ ਹੁੰਦੀਆਂ ਹਨ। ਇੱਕ ਅਨੁਮਾਨ ਅਨੁਸਾਰ ਪੰਜਾਬ ਵਿੱਚ ਇਹ ਗੋਲੀ ਵਰਤਣ ਨਾਲ ਮੌਤਾਂ ਦੀ ਗਿਣਤੀ ਵਿੱਚ ਤਾਂ ਕਮੀ ਆਈ ਹੈ ਪਰ ਨਸ਼ੇ ਦੀ ਮੰਗ ਵਿੱਚ ਇੱਕ ਫੀਸਦ ਵੀ ਫਰਕ ਨਹੀਂ ਪਿਆ। ਜੋ ਮਰੀਜ਼ 2017 ਵਿੱਚ ਤਿੰਨ ਗੋਲੀਆਂ ਖਾ ਰਿਹਾ ਸੀ, ਉਹ ਅੱਜ ਵੀ ਤਿੰਨ ਗੋਲੀਆਂ ਖਾ ਰਿਹਾ ਹੈ।

ਕਰੋਨਾ ਕਾਰਨ 19 ਮਾਰਚ ਤੋਂ ਪੰਜਾਬ ਵਿੱਚ ਤਾਲਾਬੰਦੀ ਸ਼ੁਰੂ ਹੋਈ ਤਾਂ ਇਸ ਕਾਰਨ ਨਸ਼ੇ ਦੀ ਸਪਲਾਈ ਲੇਨ ਟੁੱਟਣ ਕਰਕੇ 20 ਦਿਨਾਂ ਤੱਕ ਮਰੀਜ਼ਾਂ ਨੂੰ ਵਿਦਡਰਾਲ ਲੱਛਣ ਆਏ ਸਨ ਕਿਉਂਕਿ ਇਸ ਦੌਰਾਨ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਵੀ ਬੰਦ ਹੋ ਗਏ ਸਨ। ਕਰਫ਼ਿਊ ਦੌਰਾਨ ਵੀ ਨਸ਼ੇ ਦੇ ਆਦੀ ਓਟ ਕੇਂਦਰਾਂ ਤੱਕ ਪਹੁੰਚ ਕਰਦੇ ਰਹੇ। ਟਰਾਂਸਪੋਰਟ ਬੰਦ ਹੋਣ ਕਰਕੇ ਜੋ ਲੋਕ ਭੁੱਕੀ, ਪੋਸਤ, ਚੂਰਾ, ਡੋਡੇ, ਅਫ਼ੀਮ ਆਦਿ ਖਾਂਦੇ ਸਨ ਉਹ ਵੀ ਡਿਜੀਟਲ ਸਿਸਟਮ ਰਾਹੀਂ ਰਜਿਸਟਰਡ ਹੋ ਕੇ ਓਟ ਕੇਂਦਰਾਂ ਤੋਂ ਇਹ ਗੋਲੀ ਖਾਣ ਲੱਗ ਪਏ। ਅਜਿਹੇ ਲੋਕਾਂ ਦੀ ਨਿਸ਼ਾਨਦੇਹੀ ਵੀ ਹੋਈ ਜੋ ਕੋਈ ਨਸ਼ਾ ਨਹੀਂ ਕਰਦੇ ਸਨ ਪਰ ਤਾਲਾਬੰਦੀ ਦੌਰਾਨ ਬੁਪਰੇਨੋਰਫਿਨ ਗੋਲੀ ਦੀ ਵਰਤੋਂ ਕਰਨ ਲੱਗ ਗਏ।

ਇਸ ਦੌਰਾਨ ਪ੍ਰਾਈਵੇਟ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਵੱਡੇ ਪੱਧਰ ਉੱਤੇ ਲੋਕਾਂ ਦੀ ਲੁੱਟ ਕਰ ਰਹੇ ਹਨ। ਮਰੀਜ਼ਾਂ ਦੇ ਵਾਰਸਾਂ ਤੋਂ 50 ਹਜ਼ਾਰ ਤੋਂ ਦੋ ਲੱਖ ਰੁਪਏ ਤੱਕ ਵਸੂਲੀ ਕਰਕੇ ਉਨ੍ਹਾਂ ਇਸ ਨੂੰ ਮੁਨਾਫ਼ੇ ਦਾ ਧੰਦਾ ਬਣਾ ਰੱਖਿਆ ਹੈ। ਪਿਛਲੇ ਸਮੇਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਹਦਾਇਤ ਉੱਤੇ ਖਰੜ ਨੇੜੇ ਮਾਰੇ ਛਾਪੇ ਦੌਰਾਨ ਅਜਿਹਾ ਕੇਂਦਰ ਫੜਿਆ ਸੀ ਜਿੱਥੇ ਨਸ਼ੇ ਦੇ ਆਦੀ ਮਰੀਜ਼ਾਂ ਉੱਤੇ ਨਸ਼ਾ ਛੁਡਾਉਣ ਦੇ ਨਾਮ ਉੱਤੇ ਅੱਤਿਆਚਾਰ ਕੀਤਾ ਜਾ ਰਿਹਾ ਸੀ। ਸੂਤਰਾਂ ਅਨੁਸਾਰ ਸਰਕਾਰੀ ਓਟ ਕੇਂਦਰਾਂ ਵਿੱਚ ਗੋਲੀਆਂ ਦੀ ਹੱਦ 7 ਦਿਨਾਂ ਅੰਦਰ ਰੋਜ਼ਾਨਾ ਦੋ ਜਾਂ ਤਿੰਨ ਤੱਕ ਸੀਮਤ ਹੈ ਪਰ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਅਜਿਹੀ ਕੋਈ ਹੱਦ ਨਹੀਂ ਹੈ। ਉੱਥੇ 21 ਦਿਨਾਂ ਵਿੱਚ ਰੋਜ਼ਾਨਾ 6 ਅਤੇ ਦਸ ਤੱਕ ਵੀ ਗੋਲੀਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰੀ ਓਟ ਕੇਂਦਰਾਂ ਵਿੱਚ ਦਵਾਈ ਮੁਫ਼ਤ ਮਿਲਦੀ ਹੈ ਪਰ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿੱਚ 50 ਰੁਪਏ ਤੋਂ ਪੰਜ ਸੌ ਰੁਪਏ ਤੱਕ ਗੋਲੀ ਵੀ ਵੇਚੀ ਜਾ ਰਹੀ ਹੈ।



# ਕੌਮਾਂਤਰੀ ਸਮੱਸਿਆਵਾਂ 'ਚ ਉਲਝਿਆ ਚੀਨ ਕੀ ਭਾਰਤ ਨਾਲ ਜੰਗ ਛੇੜੇਗਾ ?

ਸਰਹੱਦ 'ਤੇ ਚੀਨ ਅਤੇ ਭਾਰਤ ਵਿਚਾਲੇ ਵਧ ਰਿਹਾ ਤਣਾਓ ਕੋਈ ਆਮ ਵਰਤਾਰਾ ਨਹੀਂ ਹੈ, ਸਗੋਂ ਇਸ ਨੂੰ ਅਮਰੀਕਾ ਸਮੇਤ ਦੁਨੀਆਂ ਦੇ ਵੱਡੇ ਤੇ ਤਾਕਤਵਰ ਮੁਲਕ ਗਲੋਬਲ ਮਾਈਕਰੋਸਕੋਪ ਨਾਲ ਦੇਖ ਰਹੇ ਹਨ। ਅਸਲ ਵਿਚ ਇਸ ਵੇਲੇ ਚੀਨ ਭਾਰਤ ਨਾਲ ਹੀਂ ਨਹੀਂ ਢਿੱਡ ਅੜਿੱਕਾ ਲੈ ਰਿਹਾ, ਸਗੋਂ ਜੋ ਉਹ ਹਾਂਗਕਾਂਗ, ਤਾਇਵਾਨ ਅਤੇ ਵੀਅਤਨਾਮ ਵਿਚ ਕਰ ਰਿਹਾ ਹੈ, ਉਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਚਿੜੀ ਦੇ ਪਹੁੰਚੇ ਜਿੱਡਾ ਮੁਲਕ ਨੇਪਾਲ, ਜੋ ਆਪਣੀ ਸਮਾਜਕ, ਆਰਥਕ, ਭੂਗੋਲਿਕ ਅਤੇ ਰਾਜਨੀਤਕ ਲੜਾਈ ਭਾਰਤ ਦੀ ਛਤਰੀ ਹੇਠ ਹੀ ਲੜਦਾ ਰਿਹਾ ਹੈ, ਜੇ ਭਾਰਤ ਨਾਲ ਸਰਹੱਦੀ ਵਿਵਾਦ ਵਿਚ ਉਲਝ ਰਿਹਾ ਹੈ ਤਾਂ ਸੱਚ ਨਹੀਂ ਕਿ ਸਥਿਤੀ 'ਤੂੰ ਨਹੀਂ ਬੋਲਦੀ' ਵਾਂਗ ਪੂਰੀ ਤਰ੍ਹਾਂ ਸਪੱਸ਼ਟ ਹੈ। ਅਮਰੀਕਾ ਚੀਨ ਨੂੰ ਸਬਕ ਸਿਖਾਉਣ ਦੇ ਦਬਕੇ ਮਾਰ ਰਿਹਾ ਹੈ, ਭਾਰਤ ਨਾਲ ਦੋਸਤੀ ਦੀਆਂ ਦੋਵੇਂ ਬਾਹਵਾਂ ਖੋਲ੍ਹ ਰਿਹਾ ਹੈ, ਚੀਨ ਤੇ ਪਾਕਿਸਤਾਨ ਦੀ ਹੋਰ ਮੁਹੱਬਤ ਵਧਣ ਪਿੱਛੇ ਧਾਰਾ 370 ਦੀ ਵੀ ਇਕ ਪੀੜਾ ਹੈ।

ਇਸ ਵੇਲੇ ਹਾਲਾਤ ਇਹ ਹਨ ਕਿ ਹਜ਼ਾਰਾਂ ਦੀ ਗਿਣਤੀ 'ਚ ਚੀਨੀ ਫੌਜ ਪੂਰਬੀ ਲੱਦਾਖ ਨਾਲ ਲੱਗਦੀ ਸਰਹੱਦ ਦੇ ਨੇੜੇ ਤਾਇਨਾਤ ਹੋ ਗਈ ਹੈ, ਜਿਸ ਨੂੰ ਭਾਰਤ ਆਪਣਾ ਖੇਤਰ ਮੰਨਦਾ ਹੈ। ਪਹਿਲੀ ਵਾਰ ਹੈ ਕਿ ਜਦੋਂ ਚੀਨ ਨੇ ਤੰਬੂ ਲਾਏ ਹਨ, ਫੌਜਾਂ ਅਤੇ ਲੜਾਕੂ ਜਹਾਜ ਲਿਆ ਖੜ੍ਹੇ ਕੀਤੇ ਹਨ। ਦੂਜੇ ਪਾਸੇ ਭਾਰਤੀ ਫੌਜ ਵੀ ਹਿਮਾਲੀਅਨ ਸਰਹੱਦ ਲੇਹ ਤੋਂ ਚੀਨ ਦੀ ਹੱਦ ਤੱਕ ਅਨੇਕਾਂ ਬਟਾਲੀਅਨਾਂ ਨੂੰ ਭੇਜ ਕੇ ਟਿਕਾਣੇ ਬਣਾ ਚੁਕੀ ਹੈ ਅਤੇ ਸ਼ਿਸ਼ਤ ਲਾਈ ਬੈਠੀ ਹੈ। 120 ਮੀਲ ਤੋਂ ਵੀ ਘੱਟ ਦੂਰੀ 'ਤੇ ਫੌਜੀ ਏਅਰਬੇਸ ਸਥਾਪਤ ਕਰਨੇ, ਨਵੇਂ ਰਨਵੇਅ ਬਣਾਉਣੇ ਅਤੇ ਜੰਗੀ ਜਹਾਜ ਲਿਆ ਕੇ ਖੜ੍ਹੇ ਕਰਨੇ ਨਾ ਸਿਰਫ ਦੋਹਾਂ ਦੇਸ਼ਾਂ ਲਈ ਖਤਰਨਾਕ ਹਨ, ਸਗੋਂ ਏਸ਼ੀਆ ਖਿੱਤੇ ਲਈ ਇਹ ਇਕ ਭਿਆਨਕ ਭਵਿੱਖ ਵੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਕਰੀਬ 2100 ਮੀਲ ਭਾਰਤ-ਚੀਨ ਸਰਹੱਦ, ਜਿਸ ਦਾ ਬਹੁਤਾ ਹਿੱਸਾ ਅਧਿਕਾਰਤ ਹੱਦਬੰਦੀ ਨਾ ਹੋਣ ਕਾਰਨ ਵਿਵਾਦਪੂਰਨ ਰਿਹਾ ਹੈ, ਇਹ ਦੋਵੇਂ ਦੇਸ਼ 1962 ਵਿਚ ਕਿਸੇ ਕਰਕੇ ਸੰਖੇਪ, ਪਰ ਅਹਿਮ ਯੁੱਧ ਵੀ ਲੜ ਚੁਕੇ ਹਨ। ਚੀਨ ਦੀ ਹੁਣ ਤੱਕ ਇਹ ਵੀ ਧੌਂਸ ਰਹੀ ਕਿ ਉਹ ਭਾਰਤ ਦੇ ਰਾਜ ਅਰੁਣਾਚਲ ਪ੍ਰਦੇਸ਼ ਨੂੰ ਹਾਲੇ ਤੱਕ ਵੀ ਆਪਣਾ ਖੇਤਰ ਮੰਨਦਾ ਆ ਰਿਹਾ ਹੈ, ਜਦਕਿ ਭਾਰਤ ਸਰਹੱਦੀ ਨਿਯੰਤਰਿਤ ਰੇਖਾ ਤੱਕ ਆਪਣਾ ਹਿੱਸਾ ਮੰਨਦਾ ਆਇਆ ਹੈ। ਦੋਵੇਂ ਦੇਸ਼ਾਂ ਨੇ ਫੌਜੀ ਸਰਹੱਦਾਂ 'ਤੇ ਹੱਥੋਪਾਈ ਕੀਤੀ ਹੈ, ਇਕ ਦੂਜੇ 'ਤੇ ਪੱਥਰ ਮਾਰੇ ਹਨ, ਪਰ ਗੋਲੀਬਾਰੀ ਸਬੱਬੀਂ ਕਦੇ ਵੀ ਨਹੀਂ ਹੋਈ। ਚੀਨ ਦੀ ਵੱਖੀ 'ਚ ਕੂਹਣੀ ਮਾਰਨ ਦੀ ਕਾਹਲ 'ਚ ਖੜ੍ਹੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਲੰਮੇ ਸਮੇਂ ਤੋਂ ਖੇਤਰੀ ਵਿਵਾਦ ਵਿਚ ਉਲਝੀਆਂ ਇਨ੍ਹਾਂ ਦੋਵੇਂ ਏਸ਼ੀਆਈ ਤਾਕਤਾਂ ਵਿਚਾਲੇ ਹੋਣ ਵਾਲੇ ਤਕਰਾਰ ਨੂੰ ਹੱਲ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਅਮਰੀਕਾ ਦੋਵੇਂ ਦੇਸ਼ਾਂ ਦੇ ਸਰਹੱਦੀ ਵਿਵਾਦ 'ਚ ਅਹਿਮ ਰੋਲ ਅਦਾ ਕਰਨ ਦੇ ਸਮਰੱਥ ਹੈ ਅਤੇ ਤਿਆਰ ਵੀ ਹੈ। ਇਸ ਖਬਰ ਨੂੰ ਭਾਵੇਂ ਅਮਰੀਕਾ ਦੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਨੇ ਬਹੁਤੀ ਤਰਜ਼ੀਹ ਨਾ ਦਿੱਤੀ ਹੋਵੇ, ਪਰ 'ਵਾਸ਼ਿੰਗਟਨ ਪੋਸਟ' ਅਤੇ 'ਵਾਲ ਸਟਰੀਟ' ਜਿਹੀਆਂ ਅਖਬਾਰਾਂ ਅੱਜ ਕੱਲ੍ਹ ਭਾਰਤ-ਚੀਨ ਵਿਵਾਦ ਨੂੰ ਖਬਰਾਂ ਦੇ ਰੂਪ ਵਿਚ ਤਰਜ਼ੀਹੀ ਤੌਰ 'ਤੇ ਪੇਸ਼ ਕਰ ਰਹੀਆਂ ਹਨ।

ਅਮਰੀਕਾ ਅਜਿਹਾ ਕਿਉਂ ਕਰ ਰਿਹਾ ਹੈ ? ਇਸ ਬਾਰੇ ਵਾਸ਼ਿੰਗਟਨ ਦੇ ਵਿਲਸਨ ਸੈਂਟਰ ਵਿਚ ਏਸ਼ੀਆਈ ਪ੍ਰੋਗਰਾਮ ਦੇ ਡਿਪਟੀ ਡਾਇਰੈਕਟਰ ਮਾਈਕਲ ਓਗੇਨਮੈਨ ਨੇ ਵੀ ਇਕ ਟੀ. ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੀਨ ਦੀਆਂ ਹਰਕਤਾਂ ਅਤੇ ਗਤੀਵਿਧੀਆਂ ਨੂੰ ਤੁਰੰਤ ਰੋਕਣ ਦੀ ਲੋੜ ਹੈ, ਕਿਉਂਕਿ ਇਹ ਭਾਰਤ ਦੀ ਤਾਕਤ ਨੂੰ ਤਾਰੋਤਾਰ ਕਰਨ ਦੀ ਇੱਛਾ ਇਸ ਲਈ ਰੱਖਦਾ ਹੈ, ਕਿਉਂਕਿ ਇਹੀ ਮੁਲਕ ਹੈ ਜੋ ਏਸ਼ੀਆ 'ਚ ਚੀਨ ਦਾ ਜਮੂਰਾ ਨਹੀਂ ਬਣੇਗਾ ਅਤੇ ਅੱਖਾਂ ਦਿਖਾਏਗਾ। ਕਸ਼ਮੀਰ ਵਿਚ 370 ਦੇ ਖਾਤਮੇ ਬਾਰੇ ਉਹ ਪਾਕਿਸਤਾਨ ਤੋਂ ਵੱਧ ਕੱਪੜਿਆਂ ਤੋਂ ਬਾਹਰ ਹੋਇਆ ਫਿਰਦਾ ਹੈ। ਜਿਸ ਤਰ੍ਹਾਂ ਦੀ ਲਹਿਰ ਉਹ ਲੱਦਾਖ ਵਿਚ ਪੈਦਾ ਕਰ ਰਿਹਾ ਹੈ, ਉਹ ਬਹੁਤ ਫਿਕਰਮੰਦੀ ਵਾਲੀ ਹੈ ਤੇ ਅਮਰੀਕਾ ਇਹ ਸਭ ਕੁਝ ਬਹੁਤ ਨੇੜੇ ਤੋਂ ਤੱਕ ਰਿਹਾ ਹੈ। ਚੀਨ ਦਾ ਭਾਰਤੀ ਸਰਹੱਦਾਂ, ਸੜਕਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਬੀਜਿੰਗ ਦੇ ਬੈਲਟ ਐਂਡ ਰੋਡ ਪ੍ਰਾਜੈਕਟ ਦਾ ਚਿੰਤਿਤ ਹਿੱਸਾ ਹੈ ਤੇ ਉਹ ਇਸ ਪ੍ਰਾਜੈਕਟ ਤਹਿਤ ਕੇਂਦਰੀ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਨਾਲ ਚੀਨ ਨੂੰ ਯੂਰਪ ਨਾਲ ਜੋੜਨ ਵਾਲੀਆਂ ਸੜਕਾਂ, ਰੇਲਵੇ ਤੇ ਬੰਦਰਗਾਹਾਂ ਦਾ ਇਕ ਨੈਟਵਰਕ ਬਣਾ ਰਿਹਾ ਹੈ। ਇਸ ਵਿਚ ਉਸ ਦਾ ਮੁੱਖ ਸਹਿਯੋਗੀ ਅਤੇ ਭਾਰਤ ਦਾ ਦੁਸ਼ਮਣ ਪਾਕਿਸਤਾਨ ਵੀ ਸ਼ਾਮਿਲ ਹੈ। ਜਦੋਂ ਇਸ ਵੇਲੇ ਪੂਰੀ ਦੁਨੀਆਂ ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿਚ ਲੱਗੀ ਹੋਈ ਹੈ ਤਾਂ ਚੀਨ ਕੀ ਕਰ ਰਿਹਾ ਹੈ ? ਤਾਂ ਆਪਣੇ ਆਪ ਸਪੱਸ਼ਟ ਹੋ ਰਿਹਾ ਹੈ ਕਿ ਇਸ ਦੇਸ਼ ਦੀਆਂ ਨੀਤੀਆਂ ਅਤੇ ਨੀਅਤ ਠੀਕ ਨਹੀਂ ਹੈ। ਪਰ ਇਹ ਗੱਲ ਅਮਰੀਕਾ ਨੂੰ ਵੀ ਲੱਗਦੀ ਹੈ ਤੇ ਭਾਰਤ ਇਹ ਸਾਰੇ ਝਗੜੇ ਸੁਲਝਾਉਣ ਲਈ ਆਪ ਤਰੀਕੇ ਲੱਭੇਗਾ ਅਤੇ ਅਮਰੀਕੀ ਵਿਚੋਲਗੀ ਨੂੰ ਰੱਦ ਕਰ ਦੇਵੇਗਾ ਕਿਉਂਕਿ ਇਸ ਤੋਂ ਪਹਿਲਾਂ ਕਸ਼ਮੀਰੀ ਵਿਵਾਦ ਵਿਚ ਵੀ ਚਾਹੇ ਸੰਯੁਕਤ ਰਾਸ਼ਟਰ ਦੀ ਪੇਸ਼ਕਸ਼ ਹੋਵੇ ਤੇ ਚਾਹੇ ਸੰਯੁਕਤ ਰਾਜ ਅਮਰੀਕਾ ਦੀ, ਭਾਰਤ ਹਮੇਸ਼ਾ ਠੁਕਰਾਉਂਦਾ ਹੀ ਆਇਆ ਹੈ। ਵੇਖਿਆ ਜਾਵੇ ਤਾਂ 5 ਅਤੇ 9 ਮਈ ਨੂੰ ਪੈਨਗੌਂਗ ਝੀਲ ਤੇ ਉਤਰੀ ਸਿੱਕਮ ਦੇ ਦੁਆਲੇ ਜਦੋਂ ਦੋਹਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਸਿੱਧੀਆਂ ਝੜਪਾਂ ਵਿਚ 100 ਤੋਂ ਵੱਧ ਫੌਜੀ ਜ਼ਖਮੀ ਹੋ ਗਏ ਤਾਂ ਦੋਹਾਂ ਹੀ ਦੇਸ਼ਾਂ ਨੇ ਹਮਲਾਵਰ ਫੌਜ ਤਾਇਨਾਤ ਕਰ ਦਿੱਤੀ ਸੀ। ਇਨ੍ਹਾਂ ਬਾਰੇ ਚੀਨ ਵਿਚ ਭਾਰਤ ਦੇ ਸਾਬਕਾ ਰਾਜਦੂਤ ਅਤੇ ਇਸ ਵਿਚ ਦਿੱਲੀ ਸਥਿਤ ਚੀਨੀ ਅਧਿਐਨ ਇੰਸਟੀਚਿਊਟ ਦੇ ਡਾਇਰੈਕਟਰ ਅਸ਼ੋਕ. ਕੇ. ਕਾਂਠਾ ਨੇ ਕਿਹਾ ਸੀ ਕਿ ਹਾਲ ਹੀ ਵਿਚ ਹੋਏ ਚੀਨ ਦੇ ਇਹ ਹਮਲੇ ਆਮ ਘਟਨਾਵਾਂ ਤੋਂ ਬਹੁਤ ਦੂਰ ਹਨ। ਕਾਂਠਾ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਸੀ ਕਿ ਮੈਨੂੰ ਨਹੀਂ ਲੱਗਦਾ ਕਿ ਇਹ ਆਮ ਘਟਨਾ ਹੈ, ਇਸ ਵਾਰ ਚੀਨ ਦਾ ਵਿਹਾਰ ਬਹੁਤ ਅਜੀਬ, ਤਿੱਖਾ, ਖੁੰਦਕ ਵਾਲਾ ਅਤੇ ਹਮਲਾਵਰ ਹੈ। ਵੱਡੀ ਗਿਣਤੀ ਵਿਚ ਫੌਜੀਆਂ ਦਾ ਸਮੱਰਥਨ ਹੈ ਤੇ ਇਸ ਵਰਤਾਰੇ ਨਾਲ ਚੀਨ ਨੂੰ ਸੰਵੇਦਨਸ਼ੀਲ, ਭੂ-ਰਾਜਨੀਤਕ ਮੁੱਦਿਆਂ 'ਤੇ ਸਮਝਣ ਦੀ ਲੋੜ ਹੈ। ਕਾਂਠਾ ਨੇ ਸਪੱਸ਼ਟ ਕੀਤਾ ਸੀ ਕਿ ਚੀਨ ਨੂੰ ਧੌਂਸ ਤੇ ਬਦਮਾਸ਼ੀ ਵਾਲਾ ਵਿਹਾਰ ਤਿਆਗਣਾ ਹੋਵੇਗਾ ਤੇ ਇਹੋ ਹੀ ਦੋਹਾਂ ਦੇਸ਼ਾਂ ਦੇ ਹਿੱਤ ਵਿਚ ਹੋਵੇਗਾ। ਭਾਰਤ ਦੀ ਅਸਲ ਕੰਟਰੋਲ ਰੇਖਾ, ਐਲ਼ ਓ. ਸੀ ਤੇ ਚੀਨੀ ਵਿਹਾਰ ਦੀ ਮੌਜੂਦਾ ਸਥਿਤੀ ਉਸ ਦੇ ਅੰਦਰਲੇ ਖੋਟ ਨੂੰ ਜੱਗ ਜਾਹਰ ਕਰ ਰਹੀ ਹੈ। ਹਾਲਾਂਕਿ ਭਾਰਤ ਦੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਫੌਜੀਆਂ ਦੇ ਸਰਹੱਦੀ ਧਾਵੇ ਲਈ ਚੀਨ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਜੋ ਇਸ ਵਕਤ ਦੁਨੀਆਂ ਦੇ ਹਾਲਾਤ ਤੇ ਪ੍ਰਸਥਿਤੀਆਂ ਹਨ, ਬੀਜਿੰਗ ਨੂੰ ਸੰਭਲਣ ਦੀ ਲੋੜ ਹੈ ਅਤੇ ਸੰਜਮ ਵਰਤਣਾ ਹੀ ਚੀਨ ਲਈ ਲਾਹੇਵੰਦ ਹੋਵੇਗਾ। ਉਂਜ ਗੁੰਝਲਦਾਰ ਤਣਾਅ ਨੂੰ ਦੂਰ ਕਰਨ ਲਈ ਡਿਪਲੋਮੈਟਿਕ ਮੀਟਿੰਗਾਂ ਸਹੀ ਦਿਸ਼ਾ ਵੱਲ ਗਈਆਂ ਹਨ। ਜਿਵੇਂ 2017 ਵਿਚ ਭਾਰਤ ਡੋਕਲਾਮ ਵਿਵਾਦਤ ਪਠਾਰ ਦਾ ਕੂਟਨੀਤਕ ਹੱਲ ਸਿਰਫ ਦੋ ਮਹੀਨਿਆਂ ਵਿਚ ਹੀ ਕਰ ਗਿਆ ਸੀ। ਇਸ ਵਕਤ ਇਹ ਵੀ ਕਹਿਣਾ ਬਣਦਾ ਹੈ ਕਿ ਤਾਨਾਸ਼ਾਹ ਵਰਗੇ ਚੀਨੀ ਸਾਸ਼ਕ ਜਿੰਨ ਪਿੰਗ ਦੀਆਂ ਆਪਣੀਆਂ ਵੀ ਅੰਦਰੂਨੀ ਸਮੱਸਿਆਵਾਂ ਬਹੁਤ ਹਨ। ਅਮਰੀਕਾ ਨਾਲ ਸਬੰਧ ਇੱਟ-ਕੁੱਤੇ ਵਾਲੇ ਬਣੇ ਹੋਏ ਹਨ। ਚੀਨ ਕੌਮਾਂਤਰੀ ਵਪਾਰ 'ਚ ਕਰੋਨਾ ਵਾਇਰਸ ਕਰਕੇ ਪੂਰੀ ਤਰ੍ਹਾਂ ਟੁੱਟ ਗਿਆ ਹੈ, ਵਿਦੇਸ਼ੀ ਵਪਾਰਕ ਕੰਪਨੀਆਂ, ਉਦਯੋਗ ਚੀਨ 'ਚੋਂ ਖਿਸਕਾਏ ਜਾਣ ਦੀ ਵਿਉਂਤਬੰਦੀ ਹੋ ਰਹੀ ਹੈ। ਵੱਡੀ ਪੱਧਰ 'ਤੇ ਰੁਜ਼ਗਾਰ ਚੀਨ 'ਚੋਂ ਵੀ ਖੁੱਸਦਾ ਜਾ ਰਿਹਾ ਹੈ, ਜਿਸ ਆਰਥਕ ਭਵਿੱਖ ਨੂੰ ਲੈ ਕੇ ਪੂਰਾ ਵਿਸ਼ਵ ਫਿਕਰ 'ਚ ਸੁੰਗੜਦਾ ਜਾ ਰਿਹਾ ਹੈ, ਚੀਨ ਵੀ ਉਸ ਦੀ ਲਪੇਟ ਵਿਚ ਆਵੇਗਾ। ਬਿਨਾ ਓਵਰਟਾਈਮ ਦਿੱਤੇ 12-12 ਘੰਟੇ ਕੰਮ ਕਰਨ ਦੀ ਧੱਕੇਸ਼ਾਹੀ ਮੂੰਹੋਂ ਬੋਲਣ ਲੱਗੀ ਹੈ ਤੇ 140 ਕਰੋੜ ਦੇ ਕਰੀਬ ਚੀਨੀ ਲੋਕਾਂ ਦਾ ਧਿਆਨ ਮੂੰਹ ਘੁਮਾਉਣ ਦੀ ਜਿੰਨ ਪਿੰਗ ਦੀ ਕੋਸ਼ਿਸ਼ ਭਾਰਤ ਨਾਲ ਤਾਂ ਕੀ, ਅਮਰੀਕਾ ਨਾਲ ਵੀ ਖੜਕਾ-ਦੜਕਾ ਕਰ ਸਕਦੀ ਹੈ। ਕਹਿ ਉਹ ਇਹ ਵੀ ਰਿਹਾ ਹੈ ਕਿ ਚੀਨ ਲੜਾਈ ਦੀ ਤਿਆਰੀ ਨੂੰ ਵਧਾਉਂਦਾ ਵੀ ਆਇਆ ਹੈ, ਗੁੰਝਲਦਾਰ ਸਥਿਤੀਆਂ ਨਾਲ ਨਜਿੱਠ ਵੀ ਲੈਂਦਾ ਹੈ ਅਤੇ ਆਪਣੀ ਪ੍ਰਭੂਸੱਤਾ, ਸੁਰੱਖਿਆ ਤੇ ਵਿਕਾਸ ਦੀ ਰਫਤਾਰ ਵੀ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਹਾਲਾਂਕਿ ਜਦੋਂ ਉਹ ਮੀਡੀਆ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਸਪੱਸ਼ਟ ਨਹੀਂ ਹੋਇਆ ਸੀ ਕਿ ਉਹ ਮੱਤ ਭਾਰਤ ਨੂੰ ਦੇ ਰਿਹਾ ਹੈ ਜਾਂ ਹਾਂਗਕਾਂਗ ਦੀ ਨੀਂਦ ਹਰਾਮ ਕਰਨੀ ਚਾਹੁੰਦਾ ਹੈ, ਪਰ ਬਾਅਦ 'ਚ ਚੀਨ ਦੇ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਸੀ ਕਿ ਚੀਨ ਭਾਰਤੀ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਵਚਨਬੱਧ ਹੈ।

ਵੇਖਿਆ ਜਾਵੇ ਤਾਂ ਭਾਰਤ ਲੰਮੇ ਸਮੇਂ ਤੋਂ ਅਮਰੀਕਾ ਦਾ ਗੂੜ੍ਹਾ ਮਿੱਤਰ ਤੇ ਨੇੜਲਾ ਸਹਿਯੋਗੀ ਰਿਹਾ ਹੈ ਅਤੇ ਏਸ਼ੀਆ ਵਿਚ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਸੰਤੁਲਿਤ ਰੱਖਣ ਲਈ ਵੱਡਾ ਰੋਲ ਵੀ ਅਦਾ ਕਰਦਾ ਹੈ। ਇਸੇ ਕਰਕੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਟਿੱਪਣੀ 'ਤੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਅਸੀਂ ਦੁਨੀਆਂ ਦੀ ਮਹਾਸ਼ਕਤੀ ਅਮਰੀਕਾ ਦੀ ਵਿਚੋਲਗੀ ਵਾਲੀ ਪੇਸ਼ਕਸ਼ ਦਾ ਸਵਾਗਤ ਕਰਦੇ ਹਾਂ, ਪਰ ਉਂਜ ਅਸੀਂ ਚੀਨ ਨਾਲ ਸ਼ਾਂਤੀਪੂਰਵਕ ਹੱਲ ਲਈ ਪੂਰੀ ਤਰ੍ਹਾਂ ਜੁੜੇ ਹੋਏ ਹਾਂ। ਸਾਡੀਆਂ ਫੌਜਾਂ ਸਰਹੱਦੀ ਪ੍ਰਤੀਬੰਧਨ ਨਾਲ ਬੇਹੱਦ ਸੁਹਿਰਦਤਾ ਅਤੇ ਜ਼ਿੰਮੇਵਾਰੀ ਨਾਲ ਆਪਣੀ ਭੂਮਿਕਾ ਨਿਭਾ ਰਹੀਆਂ ਹਨ। ਅਸੀਂ ਵੀ ਸਮਝੌਤੇ ਦੇ ਪ੍ਰੋਟੋਕਾਲ 'ਤੇ ਨਿਰਧਾਰਤ ਪ੍ਰਤੀਕ੍ਰਿਆ ਨਾਲ ਪਾਲਣਾ ਕਰਕੇ ਮਸਲਾ ਹੱਲ ਕਰਨ ਦੀ ਵਿਉਂਤਬੰਦੀ ਅਪਨਾ ਰਹੇ ਹਾਂ। ਸ੍ਰੀ ਅਨੁਰਾਗ ਨੇ ਇਹ ਵੀ ਸਪੱਸ਼ਟ ਕੀਤਾ ਕਿ ਚੀਨ ਸਰਹੱਦੀ ਰੁਕਾਵਟਾਂ ਨੂੰ ਉਕਸਾਉਣ ਦਾ ਦੋਸ਼ ਅਮਰੀਕਾ ਸਿਰ ਮੜ੍ਹ ਰਿਹਾ ਹੈ, ਗਲਤ ਹੈ। ਅਮਰੀਕਾ ਦੀ ਏਸ਼ੀਆ ਨੀਤੀ ਨਵੀਂ ਦਿੱਲੀ ਨੂੰ ਬੀਜਿੰਗ ਵਿਰੁੱਧ ਵਰਤਣ ਵਾਲੀ ਨਹੀਂ ਮੰਨਿਆ ਜਾ ਸਕਦਾ। ਭਾਰਤ ਨੇ ਕਦੇ ਵੀ ਇਸ ਖਿੱਤੇ ਵੀ ਗੈਰਜ਼ਿੰਮੇਵਾਰਾਨਾ ਹਰਕਤ ਨਹੀਂ ਕੀਤੀ। ਭਾਵੇਂ ਦੱਖਣੀ ਅਤੇ ਕੇਂਦਰੀ ਏਸ਼ੀਆਈ ਮਾਮਲਿਆਂ ਲਈ ਅਮਰੀਕਾ ਦੀ ਸਹਾਇਕ ਪ੍ਰਿੰਸੀਪਲ ਸਕੱਤਰ ਐਲਿਸ ਵੇਲਸ ਨੇ ਮੌਜੂਦਾ ਸਰਹੱਦੀ ਮਾਹੌਲ 'ਤੇ ਚੀਨ ਦੀ ਸਖਤ ਆਲੋਚਨਾ ਕੀਤੀ ਹੈ ਅਤੇ ਇਸ ਬਾਰੇ ਬੋਲਦਿਆਂ ਭਾਰਤ ਨੇ ਇਹ ਕਿਹਾ ਹੈ ਕਿ ਇਹ ਸਥਿਤੀ ਅਮਰੀਕਾ ਦੀ ਚੀਨ ਨਾਲ ਵਿਗੜ ਰਹੀ ਸਥਿਤੀ ਤੇ ਦੁਸ਼ਮਣੀ ਦਾ ਪ੍ਰਤੀਬਿੰਬ ਹੈ। ਉਧਰ ਵਿਰੋਧੀਆਂ ਨੂੰ ਇਹ ਭੈਅ ਖਾ ਰਿਹਾ ਹੈ ਕਿ ਜਿਹਾ ਟਰੰਪ ਨੇ ਵਿਚੋਲਗੀ ਲਈ ਟਵੀਟ ਕੀਤਾ ਹੈ, ਜੇ ਸੰਯੁਕਤ ਰਾਸ਼ਟਰ ਵਿਚ ਅਜਿਹਾ ਹੁੰਦਾ ਹੈ ਤਾਂ ਅਮਰੀਕਾ ਅਤੇ ਭਾਰਤ ਦੇ ਸਬੰਧਾਂ ਦੀ ਪਕੜ ਹੋਰ ਵੀ ਮਜ਼ਬੂਤ ਹੋਵੇਗੀ।

ਭਾਵੇਂ ਕਿਆਸਅਰਾਈਆਂ ਕੁਝ ਵੀ ਹੋਣ, ਪਰ ਕੌਮਾਂਤਰੀ ਰਾਜਨੀਤਕ ਵਿਸ਼ਲੇਸ਼ਕ ਅਤੇ ਅਮਰੀਕਾ ਦੇ ਸਮੁੱਚੇ ਅਖਬਾਰੀ ਸੰਪਾਦਕੀਆਂ ਦਾ ਨਿਚੋੜ ਇਹ ਹੈ ਕਿ ਜਦੋਂ ਅਮਰੀਕਾ ਤੇ ਭਾਰਤ ਕਰੋਨਾ ਮਹਾਮਾਰੀ ਨੂੰ ਲੈ ਕੇ ਆਰਥਕ ਪ੍ਰੇਸ਼ਾਨੀਆਂ ਦਾ ਭਵਿੱਖ ਵੇਖ ਕੇ ਗੰਭੀਰ ਚਿੰਤਿਤ ਹਨ ਅਤੇ ਚੀਨ ਆਪਣੀ ਹੀ ਕਿਸਮ ਦੀਆਂ ਅੰਦਰੂਨੀ ਤੇ ਕੌਮਾਂਤਰੀ ਖਿੱਚਾਂ ਧੂਹਾਂ 'ਚ ਫਸਿਆ ਹੋਇਆ ਹੈ, ਸਰਹੱਦੀ ਸੰਕਟ ਹਥਿਆਰਬੰਦ ਟਕਰਾਅ ਵੱਲ ਨਹੀਂ ਵਧੇਗਾ। ਹਾਲਾਂਕਿ ਭਾਰਤ ਮੰਨਦਾ ਹੈ ਕਿ ਚੀਨ ਦੀਆਂ ਹਰਕਤਾਂ, ਕੋਸ਼ਿਸ਼ਾਂ ਉਕਸਾਉਣਾ ਅਤੇ ਖਤਰਨਾਕ ਰੂਪ ਅਖਤਿਆਰ ਕਰਨ ਵਾਲੀਆਂ ਹਨ, ਫਿਰ ਵੀ ਭਾਰਤ ਬਹੁਤ ਸੰਜਮ ਵਰਤ ਰਿਹਾ ਹੈ। ਉਧਰ ਅਮਰੀਕਾ ਨੇ ਹੀ ਯੂਰਪੀ ਮੁਲਕਾਂ ਅਤੇ ਜਾਪਾਨ ਨੇ ਵੀ ਵਿਸ਼ਵ ਦੇ ਮੌਜੂਦਾ ਹਾਲਾਤਾਂ ਦੇ ਪ੍ਰਸੰਗ ਵਿਚ ਚੀਨੀ ਤਾਨਾਸ਼ਾਹ ਸਾਸ਼ਕ ਜਿੰਨ ਪਿੰਗ ਤੇ ਬੀਜਿੰਗ ਨੂੰ ਕਿਹਾ ਹੈ ਕਿ ਹਾਲ ਹੀ ਵਿਚ ਭਾਰਤ ਬਾਰੇ ਕੀਤੀ ਸਰਹੱਦੀ ਤਣਾਓ ਅਤੇ ਬਿਆਨਬਾਜੀ ਤੋਂ ਭਵਿੱਖ ਵਿਚ ਗੁਰੇਜ਼ ਕਰਨ 'ਚ ਹੀ ਭਲਾ ਹੋਵੇਗਾ।

**ਲੇਖਕ : ਗੁਰਪ੍ਰੀਤ ਸਿੰਘ ਮੰਡਿਆਣੀ**

# ਖੇਤੀ ਆਰਡੀਨੈਂਸ ; ਕੁਝ ਅਹਿਮ ਮੁੱਦਿਆਂ 'ਤੇ ਝਾਤ



ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਆਰਡੀਨੈਂਸਾਂ ਬਾਰੇ ਛਿੜੀ ਬਹਿਸ ਵਿਚ ਵੱਡੀ ਗਿਣਤੀ ਬੁੱਧਜੀਵੀਆਂ ਨੇ ਇਨ੍ਹਾਂ ਖੇਤੀ ਸੁਧਾਰਾਂ ਦੇ ਅਗਾਊਂ ਭਿਆਨਕ ਨਤੀਜਿਆਂ ਬਾਰੇ ਖਦਸ਼ੇ ਪ੍ਰਗਟਾਏ ਹਨ। ਹਥਲੇ ਲੇਖ ਵਿਚ ਕੁਝ ਅਹਿਮ ਮੁੱਦਿਆਂ ਬਾਰੇ ਹੋਰ ਸ਼ਪਸਟ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਪਹਿਲਾਂ, 'ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਆਰਡੀਨੈਂਸ-2020' ਹੈ, ਜਿਸ ਦਾ ਮੰਤਵ ਇਹ ਦੱਸਿਆ ਗਿਆ ਹੈ ਕਿ ਕਿਸਾਨ ਆਪਣੀ ਫ਼ਸਲ ਵੇਚਣ ਸਬੰਧੀ ਸੁਤੰਤਰ ਚੋਣ ਕਰ ਸਕੇਗਾ, ਜਿਸ ਨਾਲ ਮੁਕਾਬਲੇਬਾਜ਼ੀ ਹੋਵੇਗੀ ਅਤੇ ਉਸ ਨੂੰ ਵੱਧ ਭਾਅ ਮਿਲ ਸਕਣਗੇ। ਇਸ ਬਾਰੇ ਕਿਹਾ ਜਾ ਰਿਹਾ ਹੈ ਕਿ ਚੱਲ ਰਹੀਆਂ ਸਰਕਾਰੀ ਰੈਗੂਲੇਟਿਡ ਮੰਡੀਆਂ ਵਿਚ ਖਰੀਦ ਇਸੇ ਤਰ੍ਹਾਂ ਚਲਦੀ ਰਹੇਗੀ ਅਤੇ ਨਵਾਂ ਸਿਸਟਮ ਇਸ ਨੂੰ ਪ੍ਰਭਾਵਿਤ ਨਹੀਂ ਕਰੇਗਾ। ਕਿਸਾਨ ਦੀ ਮਰਜ਼ੀ ਹੈ ਕਿ ਉਹ ਕਿਸੇ ਵੀ ਮੰਡੀ ਵਿਚ ਜਿਣਸ ਵੇਚੇ। ਅਸਲ ਵਿਚ ਭਾਰਤ ਦੇ 86% ਕਿਸਾਨ 5 ਏਕੜ ਤੋਂ ਘੱਟ ਜ਼ਮੀਨ ਵਾਲੇ ਅਤੇ 67% ਕਿਸਾਨ 2.5 ਏਕੜ ਤੋਂ ਵੀ ਘੱਟ ਜ਼ਮੀਨ ਵਾਲੇ ਹਨ। ਕਿਸਾਨੀ ਦੀਆਂ ਇਹ ਪਰਤਾਂ ਹੀ ਗਹਿਰੇ ਆਰਥਿਕ ਸੰਕਟ ਦਾ ਸ਼ਿਕਾਰ ਹਨ। ਕਿਵੇਂ ਕਿਹਾ ਜਾ ਸਕਦਾ ਹੈ ਕਿ ਇਹ ਕਿਸਾਨ ਦੂਜੀਆਂ ਮੰਡੀਆਂ ਵਿਚ ਦੂਰ-ਦਰਾਡੇ ਜਾ ਕੇ ਆਪਣੀ ਜਿਣਸ ਵੇਚ ਸਕਣਗੇ। ਜੇ ਇਹ ਛੋਟੇ ਕਿਸਾਨ ਨਵੀਆਂ ਮੰਡੀਆਂ ਵਿਚ ਭਾਗ ਨਹੀਂ ਲੈ ਸਕਦੇ ਤਾਂ ਇਹ ਕੀਹਦੇ ਲਈ ਬਣਾਈਆਂ ਹਨ ?

ਕਿਵੇਂ ਚੱਲਣਗੀਆਂ ਨਵੀਆਂ ਪ੍ਰਾਈਵੇਟ ਮੰਡੀਆਂ ? ਇਨ੍ਹਾਂ ਨਵੀਆਂ ਮੰਡੀਆਂ ਵਿਚ ਰਾਜ ਸਰਕਾਰ ਦਾ ਕੋਈ ਰੈਗੂਲੇਸ਼ਨ ਜਾਂ ਟੈਕਸ ਨਹੀਂ ਹੋਵੇਗਾ। ਰਾਜ ਸਰਕਾਰਾਂ ਸਿਰਫ਼ ਆਪਣੀਆਂ ਪਹਿਲੋਂ ਚੱਲ ਰਹੀਆਂ ਮੰਡੀਆਂ ਨੂੰ ਹੀ ਰੈਗੂਲੇਟ ਕਰਨਗੀਆਂ। ਇਨ੍ਹਾਂ ਮੰਡੀਆਂ ਵਿਚ 8.5% ਟੈਕਸ ਹੋਵੇਗਾ ਜਿਸ ਵਿਚ 3% ਮੰਡੀ ਫੀਸ, 3% ਪੇਂਡੂ ਵਿਕਾਸ ਫੰਡ ਅਤੇ 2.5% ਆੜ੍ਹਤੀਆਂ ਦਾ ਕਮਿਸ਼ਨ ਹੋਵੇਗਾ। ਇਸ ਤਰ੍ਹਾਂ ਇਸ ਸਾਲ ਇਹ ਟੈਕਸ ਝੋਨੇ ਉਪਰ 155 ਅਤੇ ਕਣਕ ਉਪਰ 164 ਰੁਪਏ ਫੀ ਕੁਇੰਟਲ ਬਣਦਾ ਹੈ। ਭਾਵ ਇਹ ਕਿ ਪ੍ਰਾਈਵੇਟ ਖਰੀਦ ਉਪਰ ਇਹ ਟੈਕਸ ਨਾ ਹੋਣ ਕਰਕੇ ਝੋਨੇ ਅਤੇ ਕਣਕ ਦੀ ਖਰੀਦ ਪ੍ਰਾਈਵੇਟ ਖਰੀਦਦਾਰਾਂ ਨੂੰ 155 ਤੋਂ 164 ਰੁਪਏ ਪ੍ਰਤੀ ਕੁਇੰਟਲ ਸਸਤੀ ਪਵੇਗੀ। ਸ਼ੁਰੂ ਵਿਚ ਜੇ ਪ੍ਰਾਈਵੇਟ ਮੰਡੀਆਂ ਕਿਸਾਨਾਂ ਨੂੰ ਝੋਨੇ ਅਤੇ ਕਣਕ ਦੀ ਖਰੀਦ 'ਤੇ 55 ਤੋਂ 64 ਰੁਪਏ ਪ੍ਰਤੀ ਕੁਇੰਟਲ ਵੱਧ ਵੀ ਦੇ ਦੇਣ ਤਾਂ ਵੀ ਉਨ੍ਹਾਂ ਨੂੰ 100 ਰੁਪਏ ਪ੍ਰਤੀ ਕੁਇੰਟਲ ਦਾ ਮੁਨਾਫ਼ਾ ਹੋਵੇਗਾ। ਕਿਸਾਨਾਂ ਨੂੰ ਵੱਧ ਭਾਅ ਮਿਲਣ ਕਰਕੇ ਉਨ੍ਹਾਂ ਦਾ ਝੁਕਾਅ ਪ੍ਰਾਈਵੇਟ ਮੰਡੀਆਂ ਵੱਲ ਹੋਣ ਨਾਲ ਸਰਕਾਰੀ ਖਰੀਦ ਪ੍ਰਭਾਵਿਤ ਹੋਵੇਗੀ। ਮੁੱਢਲੇ ਦੌਰ ਵਿਚ ਸਰਕਾਰ ਫ਼ਸਲ ਦਾ ਟੀਚਾ ਮਿੱਥ ਕੇ ਖਰੀਦ ਕਰੇਗੀ। ਜਿਵੇਂ ਕਈ ਰਾਜਾਂ ਵਿਚ ਦਾਲਾਂ ਅਤੇ ਤੇਲ ਵਾਲੀਆਂ ਜਿਣਸਾਂ ਦੀ ਸਰਕਾਰੀ ਖਰੀਦ ਸਮੁੱਚੀ ਫ਼ਸਲ ਦੀ ਬਜਾਏ ਥੋੜੀ ਮਾਤਰਾ ਦੀ ਹੀ ਹੁੰਦੀ ਹੈ। ਉੱਥੇ ਸਰਕਾਰ ਆਪਣੇ ਕੋਟੇ ਮੁਤਾਬਕ ਖਰੀਦ ਕਰਦੀ ਹੈ, ਬਾਕੀ ਫ਼ਸਲ ਪ੍ਰਾਈਵੇਟ ਏਜੰਸੀਆਂ ਖਰੀਦਦੀਆਂ ਹਨ। ਮੌਜੂਦਾ ਮੰਡੀ ਸਿਸਟਮ ਵਿਚ ਪੰਜਾਬ ਅਤੇ ਹਰਿਆਣੇ ਦੀਆਂ ਦੋ ਮੁੱਖ ਫ਼ਸਲਾਂ (ਕਣਕ, ਝੋਨੇ) ਦਾ ਦਾਣਾ ਦਾਣਾ ਖਰੀਦਿਆ ਜਾਂਦਾ ਹੈ। ਨਵੇਂ ਸਿਸਟਮ ਵਿਚ ਸਰਕਾਰ ਵੱਲੋਂ ਪਹਿਲਾਂ ਕੋਟਾ ਮਿਥ ਕੇ ਖ਼ਰੀਦ ਕੀਤੀ ਜਾਵੇਗੀ। ਹੌਲੀ-ਹੌਲੀ ਸਰਕਾਰੀ ਖਰੀਦ ਨੂੰ ਨਾਂਮਾਤਰ ਕੀਤਾ ਜਾਵੇਗਾ। ਅਜਿਹੀ ਹਾਲਤ ਵਿਚ ਪ੍ਰਾਈਵੇਟ ਮੰਡੀਆਂ ਵਿਚ ਫ਼ਸਲਾਂ ਦੇ ਮੁੱਲ ਘੱਟ ਕਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਕਿਸਾਨਾਂ ਨੂੰ ਮੰਡੀ ਵਿਚ ਫ਼ਸਲ ਰੱਖਣਾ, ਤੁਲਾਈ, ਸਿਲਾਈ, ਪਾਰਕਿੰਗ ਆਦਿ ਦੇ ਖਰਚੇ ਵੀ ਕਰਨੇ ਪੈਣਗੇ, ਜਿਹੜੇ ਸਰਕਾਰੀ ਮੰਡੀ ਵਿਚ ਨਹੀਂ ਹਨ। ਪੰਜਾਬ ਵਿਚ ਇਸ ਵੇਲੇ ਜਿਸ ਤਰ੍ਹਾਂ ਮੰਡੀਆਂ ਦਾ ਪਸਾਰਾ ਹੈ, ਇਸ ਨਾਲ ਕਿਸਾਨ ਆਪਣੀ ਜਿਣਸ ਆਸਾਨੀ ਨਾਲ ਵੇਚ ਲੈਂਦੇ ਹਨ। ਖ਼ਦਸ਼ਾ ਹੈ ਕਿ ਪ੍ਰਾਈਵੇਟ ਮੰਡੀਆਂ ਹਰ ਥਾਂ ਨਹੀਂ ਬਣਨਗੀਆਂ। ਹਾਈਟੈਕ ਸਾਇਲੋ ਬਣਨਗੇ। ਇਸ ਨਾਲ ਛੋਟੇ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿਚ ਔਕੜਾਂ ਆਉਣਗੀਆਂ ਤੇ ਉਹ ਵਪਾਰੀਆਂ ਨੂੰ ਘੱਟ ਰੇਟ ਉਪਰ ਜਿਣਸ ਵੇਚਣ ਲਈ ਮਜਬੂਰ ਹੋਣਗੇ। ਇਕ ਮੁੱਦਾ ਬੜੇ ਜ਼ੋਰ ਨਾਲ ਉਭਾਰਿਆ ਜਾ ਰਿਹਾ ਹੈ ਕਿ ਘੱਟੋ ਘੱਟ ਸਮਰਥਨ ਕੀਮਤ (ਐਮਐਸਪੀ) ਇਸੇ ਤਰ੍ਹਾਂ ਚਲਦੀ ਰਹੇਗੀ। ਕਿਉਂਕਿ ਆਰਡੀਨੈਂਸਾਂ ਵਿਚ ਇਸ ਨੂੰ ਖ਼ਤਮ ਕਰਨ ਬਾਰੇ ਕੋਈ ਜਿਕਰ ਨਹੀਂ। ਇਸ ਮੁੱਦੇ ਬਾਰੇ ਸਪੱਸ਼ਟਤਾ ਦੀ ਬੜੀ ਜ਼ਰੂਰਤ ਹੈ। ਅਸਲ ਵਿਚ ਐਮਐਸਪੀ ਦੇਣਾ ਕਿਸੇ ਕਾਨੂੰਨੀ ਦਾਇਰੇ ਦਾ ਹਿੱਸਾ ਨਹੀਂ ਇਸ ਕਰਕੇ ਇਨ੍ਹਾਂ ਆਰਡੀਨੈਂਸਾਂ ਵਿਚ ਇਸ ਦਾ ਜ਼ਿਕਰ ਹੋਣ ਬਾਰੇ ਕਦਾਚਿੱਤ ਸੋਚਿਆ ਨਹੀਂ ਜਾ ਸਕਦਾ। ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਸਿਰਫ਼ ਸਲਾਹਕਾਰ ਸੰਸਥਾ ਹੈ, ਜੋ ਖੇਤੀ ਮੰਤਰਾਲੇ ਨੂੰ ਫ਼ਸਲਾਂ ਦੀ ਐਮਐਸਪੀ ਬਾਰੇ ਸਲਾਹ ਦਿੰਦੀ ਹੈ। ਜੇ ਐਮਐਸਪੀ ਨੂੰ ਕਾਨੂੰਨੀ ਮਾਨਤਾ ਹੁੰਦੀ ਤਾਂ ਇਹ ਕੁਝ ਰਾਜਾਂ ਅਤੇ ਕੁਝ ਫ਼ਸਲਾਂ ਵਿਚ ਨਾ ਹੁੰਦੀ, ਸਗੋਂ ਸਾਰੇ ਦੇਸ਼ ਵਿਚ ਲਾਗੂ ਹੁੰਦੀ। ਹੁਣ ਇਹ ਮੁੱਦਾ ਵੀ ਉਭਰ ਰਿਹਾ ਹੈ ਕਿ ਐਮਐਸਪੀ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ। ਇਨ੍ਹਾਂ ਆਰਡੀਨੈਂਸਾਂ ਵਿਚ ਐਮਐਸਪੀ ਬੰਦ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਜਦੋਂ ਕਿਸੇ ਚੱਲ ਰਹੇ ਸਿਸਟਮ ਦੇ ਬਰਾਬਰ ਨਵਾਂ ਸਿਸਟਮ ਖੜ੍ਹਾ ਕੀਤਾ ਜਾਵੇ ਤਾਂ ਪੁਰਾਣੇ ਦਾ ਪਤਨ ਲਾਜ਼ਮੀ ਹੈ। ਸਿਹਤ ਅਤੇ ਸਿੱਖਿਆ ਖੇਤਰ ਦੇ ਬੁਰੇ ਹਾਲ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਸਾਫ਼ ਹੈ ਕਿ ਕਾਰਪੋਰੇਟ ਅਤੇ ਕੌਮਾਂਤਰੀ ਦਬਾਉ ਕਰਕੇ ਐਮਐਸਪੀ ਉੱਪਰ ਸਰਕਾਰੀ ਖਰੀਦ ਦਾ ਹੁਣ ਭੋਗ ਪੈਣ ਵਾਲਾ ਹੈ। ਕਿਹਾ ਜਾ ਰਿਹਾ ਹੈ ਕਿ 'ਇਕ ਦੇਸ਼ ਇਕ ਮੰਡੀ' ਨਾਲ ਕਿਸਾਨਾਂ ਨੂੰ ਭਾਰਤ 'ਚ ਦੂਜੀ ਥਾਈਂ ਜਾ ਕੇ ਫ਼ਸਲਾਂ ਵੇਚਣ ਦਾ ਮੌਕਾ ਮਿਲੇਗਾ। ਕਿਉਂਕਿ ਵੱਖ-ਵੱਖ ਮੰਡੀਆਂ ਵਿਚ ਫ਼ਸਲਾਂ ਦੀਆਂ ਕੀਮਤਾਂ ਵਿਚ ਕਾਫੀ ਅੰਤਰ ਪਾਇਆ ਜਾਂਦਾ ਹੈ। ਇਸ ਵਿਸ਼ੇ ਉੱਪਰ ਲਿਖੇ ਤਕਨੀਕੀ ਖੋਜ ਪੱਤਰ ਦਰਸਾਉਂਦੇ ਹਨ ਕਿ ਭਾਰਤ ਦੀ ਖੇਤੀ ਮੰਡੀ ਪੂਰੀ ਤਰ੍ਹਾਂ ਸਗੰਠਿਤ (ਇੰਟੈਗਰੇਟਿਡ) ਹੈ। ਜਦੋਂ ਫ਼ਸਲਾਂ ਦੇ ਭਾਅ ਇਕ ਮੰਡੀ ਵਿਚ ਵਧ ਜਾਂਦੇ ਹਨ ਤਾਂ ਉਤਪਾਦਨ ਦਾ ਵਹਾਅ ਉਸ ਦਿਸ਼ਾ ਵੱਲ ਵਧ ਜਾਂਦਾ ਹੈ। ਸਿੱਟੇ ਵਜੋਂ ਕੀਮਤਾਂ ਘਟ ਜਾਂਦੀਆਂ ਹਨ। ਇਸ ਤਰ੍ਹਾਂ ਇਹ ਦਲੀਲ ਬਹੁਤੀ ਵਾਜਬ ਨਹੀਂ ਕਿ ਕਿਸੇ ਦੂਜੀ ਮੰਡੀ ਵਿਚ ਜਾਣ ਦੀ ਸੁਤੰਤਰਤਾ ਨਾਲ ਕਿਸਾਨਾਂ ਨੂੰ ਫ਼ਸਲਾਂ ਦਾ ਵੱਧ ਭਾਅ ਮਿਲ ਜਾਵੇਗਾ। ਜੇ ਕਿਸੇ ਮੰਡੀ ਵਿਚ ਵੱਧ ਭਾਅ ਦੀ ਸੰਭਾਵਨਾ ਵੀ ਹੋਵੇ ਤਾਂ ਵੀ ਜ਼ਰਾ ਸੋਚੋ ਕਿ ਕੀ ਛੋਟਾ ਕਿਸਾਨ ਆਪਣੇ ਨਿਗੂਣੇ ਸਾਧਨਾਂ ਨਾਲ ਇਹ ਕੰਮ ਕਰਨ ਦੀ ਸਮੱਰਥਾ ਰੱਖਦਾ ਹੈ ? ਕਦਾਚਿਤ ਨਹੀਂ। ਇਸੇ ਤਰ੍ਹਾਂ ਜੇ ਦੂਜੇ ਰਾਜਾਂ ਦੇ ਕਿਸਾਨਾਂ ਨੇ ਆਪਣੀ ਫ਼ਸਲ ਨੂੰ ਸਾਡੀਆਂ ਸਰਕਾਰੀ ਮੰਡੀਆਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਤਾਂ ਕੀ ਅਸੀਂ ਇਸ ਦੀ ਖਰੀਦ ਦਾ ਪ੍ਰਬੰਧ ਕਰਨ ਦੇ ਯੋਗ ਹਾਂ। ਇਹ ਕੰਮ ਸਿਰਫ਼ ਵਾਅਦਾ ਵਪਾਰ ਅਤੇ ਜ਼ਖ਼ੀਰੇਬਾਜ਼ੀ ਰਾਹੀਂ ਹੀ ਕੀਤੇ ਜਾ ਸਕਦੇ ਹਨ, ਜੋ ਹੁਣ ਇਨ੍ਹਾਂ ਆਰਡੀਨੈਂਸਾਂ ਰਾਹੀਂ ਕਾਰਪੋਰੇਟ ਕਰਨਗੇ।

ਹੁਣ ਦੂਜੇ ਆਰਡੀਨੈਂਸ 'ਕੀਮਤ ਗਾਰੰਟੀ ਅਤੇ ਖੇਤੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ-2020' ਦੀ ਗੱਲ ਕਰੀਏ ਜਿਸ ਵਿਚ ਦੱਸਿਆ ਗਿਆ ਉਦੇਸ਼ ਰਾਸ਼ਟਰੀ ਪੱਧਰ ਦਾ ਸਿਸਟਮ ਬਣਾ ਕੇ ਕਿਸਾਨਾਂ ਨੂੰ ਤਾਕਤਵਰ ਕਰਨਾ ਹੈ। ਇਸ ਵਿਚ ਕੰਟਰੈਕਟ ਖੇਤੀ ਰਾਹੀਂ ਫ਼ਸਲੀ ਵੰਨਸੁਵੰਨਤਾ ਅਤੇ ਮੁਨਾਫੇ ਵਾਲੀ ਖੇਤੀ ਹੋਣ ਦੇ ਫਾਇਦੇ ਦੱਸੇ ਜਾ ਰਹੇ ਹਨ। ਅਸੀਂ ਕੰਟਰੈਕਟ ਖੇਤੀ ਦੇ ਨਤੀਜੇ ਪਹਿਲਾਂ ਹੀ ਵੇਖ ਚੁੱਕੇ ਹਾ। ਪੰਜਾਬ ਵਿਚ ਇਹ ਖੇਤੀ ਫ਼ੇਲ੍ਹ ਹੋਈ। ਮੁੱਖ ਤੌਰ 'ਤੇ ਵੱਡੇ ਕਿਸਾਨਾਂ ਨੇ ਹੀ ਇਸ ਵਿਚ ਹਿੱਸਾ ਲਿਆ। ਹੋਰ ਰਾਜਾਂ ਦੀਆਂ ਮਿਸਾਲਾਂ ਵੀ ਸਾਡੇ ਕੋਲ ਹਨ। ਗੁਜਰਾਤ ਵਿਚ ਪੈਪਸੀਕੋ ਕੰਪਨੀ ਨੇ ਕੁਝ ਕਿਸਾਨਾਂ ਉਪਰ ਆਲੂਆਂ ਦੀ ਵਰਾਇਟੀ ਬੀਜਣ ਸਬੰਧੀ ਇਕ ਕਰੋੜ ਰੁਪਏ ਦੇ ਹਰਜ਼ਾਨੇ ਦਾ ਕੇਸ ਕਰ ਦਿੱਤਾ। ਪੋਲਟਰੀ ਸੈਕਟਰ ਦਾ ਵੱਡਾ ਹਿੱਸਾ ਕੰਟਰੈਕਟ ਸਿਸਟਮ ਅਧੀਨ ਆਉਂਦਾ ਹੈ, ਜਿਸ ਵਿਚ ਕੰਟਰੈਕਟ ਕਰਨ ਵਾਲੇ ਕਿਸਾਨ ਦੂਜੇ ਕਿਸਾਨਾਂ ਨਾਲੋਂ ਕਾਫੀ ਘਾਟੇ ਵਿਚ ਰਹਿੰਦੇ ਹਨ। ਸੋ ਕੰਟਰੈਕਟ ਖੇਤੀ ਨੇ ਕਿਸਾਨਾਂ ਨੂੰ ਫਾਇਦਾ ਪਹੁੰਚਾਉਣ ਦੀ ਥਾਂ ਖੱਜਲ-ਖ਼ੁਆਰੀ ਹੀ ਦਿਤੀ ਹੈ। ਬੱਸ ਇਹ ਖੇਤੀ ਕਾਰਪੋਰੇਟ ਖੇਤੀ ਵੱਲ ਚੁੱਕਿਆ ਕਦਮ ਹੈ ਜਿਸ ਦੇ ਕਿਸਾਨੀ ਮਾਰੂ ਨਤੀਜੇ ਅਸੀਂ ਵਿਕਸਤ ਦੇਸ਼ਾਂ ਵਿਚ ਵੇਖ ਚੁੱਕੇ ਹਾਂ। ਤੀਜੇ 'ਜ਼ਰੂਰੀ ਵਸਤਾਂ ਸੋਧ ਆਰਡੀਨੈਂਸ-2020' ਵਿਚ ਖੇਤੀ ਨਾਲ ਸਬੰਧਤ ਵਸਤਾਂ ਨੂੰ ਭੰਡਾਰ ਕਰਨ ਦੀ ਖੁੱਲ੍ਹ ਦੇ ਕੇ ਕਿਹਾ ਹੈ ਕਿ ਇਸ ਕਦਮ ਨਾਲ ਖੇਤੀ ਸੈਕਟਰ ਵਿਚ ਮੁਕਾਬਲੇਬਾਜ਼ੀ ਵਧੇਗੀ, ਕਿਸਾਨਾਂ ਦੀ ਆਮਦਨ ਵਧੇਗੀ ਅਤੇ ਰੈਗੂਲੇਟਰੀ ਪ੍ਰਬੰਧ ਉਦਾਰ ਹੋਣ ਨਾਲ ਖ਼ਪਤਕਾਰਾਂ ਨੂੰ ਫਾਇਦਾ ਹੋਵੇਗਾ। ਅਸਲ ਵਿਚ ਇਸ ਆਰਡੀਨੈਂਸ ਨਾਲ ਕੋਈ ਵੀ ਵਿਅਕਤੀ, ਕੰਪਨੀ ਜਾਂ ਵਪਾਰੀ ਖੇਤੀ-ਖ਼ੁਰਾਕੀ ਵਸਤਾਂ ਸਟੋਰ ਕਰ ਸਕਦਾ ਹੈ, ਜਿਸ ਨਾਲ ਬਜ਼ਾਰ ਵਿਚ ਬਣਾਉਟੀ ਕਮੀ ਵਿਖਾ ਕੇ ਮੰਡੀ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇਗਾ। ਇਸ ਨਾਲ ਛੋਟੇ ਵਪਾਰੀ, ਪਰਚੂਨ ਵਾਲੇ ਅਤੇ ਸਾਰੇ ਖਪਤਕਾਰਾਂ ਨੂੰ ਖ਼ੁਰਾਕੀ ਵਸਤਾਂ ਦੀਆਂ ਉੱਚੀਆਂ ਕੀਮਤਾਂ ਅਦਾ ਕਰਨੀਆਂ ਪੈਣਗੀਆਂ। ਕਰਨਾਟਕ ਦੇ ਛੋਟੇ ਵਪਾਰੀਆਂ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਸਿਰਫ਼ ਵੱਡੀਆਂ ਕੰਪਨੀਆਂ ਅਤੇ ਵੱਡੇ ਵਪਾਰੀਆਂ ਨੂੰ ਲਾਭ ਹੋਵੇਗਾ। ਸਪੱਸ਼ਟ ਹੈ ਕਿ ਇਹ ਆਰਡੀਨੈਂਸ ਖਪਤਕਾਰਾਂ, ਛੋਟੇ ਵਪਾਰੀਆਂ ਨੂੰ ਨੁਕਸਾਨ ਅਤੇ ਵੱਡੀਆਂ ਕੰਪਨੀਆਂ ਦੇ ਹਿਤ ਪੂਰੇਗਾ। ਇਨ੍ਹਾਂ ਆਰਡੀਨੈਂਸਾਂ ਨਾਲ ਰਾਜਾਂ ਨੂੰ ਵੱਡਾ ਨੁਕਸਾਨ ਹੋਵੇਗਾ। ਰਾਜ ਮੰਡੀ ਬੋਰਡਾਂ ਨੂੰ ਹੋਣ ਵਾਲੀ ਆਮਦਨ ਘਟਣ ਨਾਲ ਲਿੰਕ ਸੜਕਾਂ, ਖੇਤੀ ਖੋਜ ਅਤੇ ਸਮੁੱਚੇ ਪੇਂਡੂ ਵਿਕਾਸ 'ਤੇ ਗਹਿਰੀ ਸੱਟ ਵੱਜੇਗੀ। ਇਸ ਨਾਲ ਕਿਸਾਨੀ ਹੀ ਨਹੀਂ, ਦੇਸ਼ ਦਾ ਸੰਘੀ ਢਾਂਚਾ ਵੀ ਤਬਾਹ ਹੋਵੇਗਾ। ਭਾਰਤੀ ਖੇਤੀ ਉਪਰ ਬਹੁਕੌਮੀ ਕਾਰਪੋਰੇਸ਼ਨਾਂ ਦੀ ਜਕੜ ਹੋਵੇਗੀ। ਲੋਕਾਂ ਦੀ ਵੱਡੀ ਗਿਣਤੀ ਦਾ ਖੇਤੀ ਵਿਚੋਂ ਨਿਕਾਲ ਹੋਵੇਗਾ। ਆਰਥਿਕ-ਸਮਾਜਿਕ ਤਾਣਾ ਬਾਣਾ ਉਥਲ-ਪੁਥਲ ਹੋ ਜਾਵੇਗਾ। ਸੋ ਅੱਜ ਲੋੜ ਹੈ ਕਿ ਇਨ੍ਹਾਂ ਆਰਡੀਨੈਂਸਾਂ ਦੇ ਦੂਰਅੰਦੇਸ਼ੀ ਪ੍ਰਭਾਵਾਂ ਉੱਪਰ ਵਿਚਾਰ ਕਰ ਕੇ ਖੇਤੀ ਨੂੰ ਕਾਰਪੋਰੇਟਾਂ ਤੋਂ ਬਚਾਉਣ ਦੀ ਦਿਸ਼ਾ ਵਿਚ ਕਦਮ ਚੁੱਕਿਆ ਜਾਵੇ।

**ਲੇਖਕ : ਡਾ. ਸੁਖਪਾਲ ਸਿੰਘ**
**ਸੰਪਰਕ: 98760-63523**



# ਅਮਰੀਕਾ ਦੇ ਜੜ੍ਹੀਂ ਬੈਠਾ ਨਸਲਵਾਦ

25 ਮਈ ਨੂੰ ਅਮਰੀਕਾ ਦੇ ਮਿਨੇਸੋਟਾ ਸੂਬੇ ਦੇ ਪ੍ਰਸਿੱਧ ਸ਼ਹਿਰ ਮਿਨਿਆਪੋਲਿਸ 'ਚ ਇਕ ਗੋਰੇ ਪੁਲਿਸ ਅਫ਼ਸਰ ਹੱਥੋਂ ਸਿਆਹਫਾਮ ਜਾਰਜ ਫਲਾਇਡ ਦੇ ਮਾਰੇ ਜਾਣ ਦੇ ਵਿਰੋਧ ਵਿਚ ਅਮਰੀਕੀ ਨਸਲਵਾਦ ਵਿਰੁੱਧ ਸਾਰੀ ਦੁਨੀਆ ਵਿਚ ਇਕ ਲਹਿਰ ਉੱਠ ਖੜ੍ਹੀ ਹੋਈ ਹੈ। ਜਾਰਜ ਫਲਾਇਡ ਨੂੰ 20 ਡਾਲਰਾਂ ਦੇ ਨਕਲੀ ਨੋਟ ਨਾਲ ਸਿਗਰਟ ਖ਼ਰੀਦਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਅਧਿਕਾਰੀ ਡੈਰਿਕ ਚੌਵਿਨ ਨੇ ਉਸ ਦੇ ਹੱਥ ਬੰਨ੍ਹ ਕੇ ਉਸ ਨੂੰ ਜ਼ਮੀਨ 'ਤੇ ਸੁੱਟ ਲਿਆ ਅਤੇ ਤਕਰੀਬਨ 8.46 ਮਿੰਟ ਤਕ ਗੋਡੇ ਨਾਲ ਉਸ ਦੀ ਧੌਣ ਨੂੰ ਨੱਪੀ ਰੱਖਿਆ। ਉਸ ਨੇ ਇਸ ਦਾ ਵਿਰੋਧ ਕਰਦੇ ਹੋਏ ਵਾਸਤਾ ਪਾਇਆ ਕਿ ਉਸ ਨੂੰ ਸਾਹ ਨਹੀਂ ਆ ਰਿਹਾ ਪਰ ਪੁਲਿਸ ਅਧਿਕਾਰੀ ਨੇ ਕੋਈ ਪਰਵਾਹ ਨਾ ਕੀਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਨਾਲ ਸੰਸਾਰ ਭਰ ਵਿਚ ਮੁਜ਼ਾਹਰੇ ਸ਼ੁਰੂ ਹੋ ਗਏ ਸਨ। ਜਾਰਜ ਫਲਾਇਡ ਦੇ ਮਾਰੇ ਜਾਣ ਤੋਂ ਪਿੱਛੋਂ 14 ਜੂਨ ਨੂੰ ਦੂਜੀ ਘਟਨਾ ਵਾਪਰੀ ਜਿਸ ਵਿਚ ਪੁਲਿਸ ਨੇ ਇਕ ਹੋਰ ਸਿਆਹਫਾਮ 27 ਸਾਲਾ ਰੇਸ਼ਰਡ ਬਰੁੱਕਸ ਦੀ ਹੱਤਿਆ ਕਰ ਦਿੱਤੀ। ਉਸ ਨੇ ਪੁਲਿਸ ਕੋਲੋਂ ਟੇਸਰ ਗੰਨ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਇੱਥੇ ਇਹ ਦੱਸਣਯੋਗ ਹੈ ਕਿ ਟੇਸਰ ਉਹ ਹਥਿਆਰ ਹੈ ਜਿਸ ਵਿਚੋਂ 50 ਹਜ਼ਾਰ ਵੋਲਟ ਦਾ ਕਰੰਟ ਨਿਕਲਦਾ ਹੈ ਜੋ ਭੱਜ ਰਹੇ ਅਪਰਾਧੀ ਨੂੰ ਝਟਕਾ ਦਿੰਦਾ ਹੈ ਅਤੇ ਇਸ ਦਾ ਅਸਰ ਸਿਰਫ਼ 5 ਸਕਿੰਟ ਰਹਿੰਦਾ ਹੈ ਤੇ ਦੋਸ਼ੀ ਕਾਬੂ ਆ ਜਾਂਦਾ ਹੈ। ਇਸ ਨਾਲ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਉਕਤ ਘਟਨਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਪੱਚੀ ਮਈ ਤੋਂ ਸ਼ੁਰੂ ਹੋਏ ਜਨ ਅੰਦੋਲਨ ਵਿਚ ਸਾਰੇ ਵਰਗਾਂ ਦੇ ਲੋਕ ਇਕਜੁੱਟ ਹੋ ਕੇ ਇਨ੍ਹਾਂ ਹੱਤਿਆਵਾਂ ਦੇ ਵਿਰੋਧ ਵਿਚ ਨਿਕਲੇ ਹੋਏ ਹਨ। ਕਈ ਮੌਤਾਂ ਹੋ ਚੁੱਕੀਆਂ ਹਨ। ਅੱਗਜ਼ਨੀ ਤੇ ਹੋਰ ਸਾੜ-ਫੂਕ ਦੀਆਂ ਘਟਨਾਵਾਂ ਵਾਲੀਆਂ ਖ਼ਬਰਾਂ ਨਾਲ ਅਖ਼ਬਾਰਾਂ ਭਰੀਆਂ ਪਈਆਂ ਹਨ। ਇਸ ਅੰਦੋਲਨ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਵੱਈਏ ਦੀ ਵੀ ਨਿਖੇਧੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਮੁਜ਼ਾਹਰਾਕਾਰੀਆਂ ਨੂੰ ਠੱਗ ਤਕ ਕਿਹਾ ਹੈ ਅਤੇ ਦੋਸ਼ ਲਾਇਆ ਹੈ ਕਿ ਇਹ ਸਾਰਾ ਕੁਝ ਐਂਟਿਫਾ ਦੀ ਅਗਵਾਈ ਵਿਚ ਕੀਤਾ ਜਾ ਰਿਹਾ ਤਾਂ ਜੋ ਅਮਰੀਕਾ ਨੂੰ ਬਦਨਾਮ ਕੀਤਾ ਜਾ ਸਕੇ। ਐਂਟਿਫ਼ਾ ਇਕ ਸਾਮਰਾਜ ਵਿਰੋਧੀ ਜਥੇਬੰਦੀ ਹੈ ਜਿਸ ਨੂੰ ਐਂਟਿਫ਼ਾਸਿਸਟ ਜਥੇਬੰਦੀ ਕਿਹਾ ਜਾਂਦਾ ਹੈ। ਜਦ ਤੋਂ ਟਰੰਪ ਨੇ ਅਮਰੀਕਾ ਵਿਚ ਸੱਜੇ-ਪੱਖੀ ਸਿਆਸਤ ਨੂੰ ਹਵਾ ਦੇਣੀ ਸ਼ੁਰੂ ਕੀਤੀ ਹੈ, ਉਸ ਸਮੇਂ ਤੋਂ ਹੀ ਇਸ ਜਥੇਬੰਦੀ ਵੱਲੋਂ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਹਨ। ਵੈਸੇ ਵੀ ਕੋਰੋਨਾ ਦੀ ਮਾਰ ਹੇਠ ਅਮਰੀਕੀ-ਅਫ਼ਰੀਕੀ ਲੋਕ ਜ਼ਿਆਦਾ ਆਏ ਹੋਏ ਹਨ। ਕਿਉਂਕਿ ਚੋਣਾਂ ਹਨ, ਇਸ ਲਈ ਰਾਸ਼ਟਰਪਤੀ ਵੱਲੋਂ ਕਈ ਤਰ੍ਹਾਂ ਦੇ ਰੰਗ ਵਿਖਾਏ ਜਾ ਰਹੇ ਹਨ। ਅਮਰੀਕਾ ਵਿਚ ਨਸਲਵਾਦ ਦਾ ਇਤਿਹਾਸ ਬਹੁਤ ਪੁਰਾਣਾ ਹੈ। ਆਦਿਵਾਸੀ ਅਮਰੀਕੀਆਂ ਦੇ ਮਾੜੇ ਦਿਨ 1462 ਵਿਚ ਹੀ ਸ਼ੁਰੂ ਹੋ ਗਏ ਸਨ ਜਦ ਕੋਲੰਬਸ ਜੋ ਕਿ ਭਾਰਤ ਲੱਭਣ ਤੁਰਿਆ ਸੀ, ਗ਼ਲਤੀ ਨਾਲ ਅਮਰੀਕਾ ਜਾ ਵੜਿਆ। ਗੋਰੇ ਲੋਕਾਂ ਨੇ ਆਦਿਵਾਸੀਆਂ ਨਾਲ ਲੜਾਈਆਂ ਲੜ ਕੇ ਉਨ੍ਹਾਂ ਨੂੰ ਮਾਰ ਮੁਕਾਉਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਸਾਂਭਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਮੂਲ ਵਾਸੀਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਸਮਾਨ ਹੈ। ਉਹ ਆਪਣੀ ਪਛਾਣ ਬਚਾਉਣ ਵਿਚ ਜੁਟੇ ਹੋਏ ਹਨ। ਨਸਲਵਾਦ ਦਾ ਕਰੂਪ ਚਿਹਰਾ ਯੂਰਪੀਅਨਾਂ ਦੀ ਵੱਡੀ ਗਿਣਤੀ 'ਚ ਆਉਣ ਨਾਲ ਸ਼ੁਰੂ ਹੁੰਦਾ ਹੈ। ਉਨ੍ਹਾਂ ਨੂੰ ਉੱਥੋਂ ਦੀ ਜ਼ਮੀਨ ਨੂੰ ਵਾਹੁਣ ਅਤੇ ਹੋਰ ਕੰਮਾਂ ਲਈ ਮਜ਼ਦੂਰਾਂ ਦੀ ਲੋੜ ਸੀ। ਉਨ੍ਹਾਂ ਨੇ ਰਿਸ਼ਟ-ਪੁਸ਼ਟ ਅਫ਼ਰੀਕੀਆਂ ਨੂੰ ਸੰਨ 1600 ਦੇ ਨੇੜੇ-ਤੇੜੇ ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਲਿਆਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਗੋਰੇ ਲੋਕ ਅਮਰੀਕਾ ਆ ਕੇ ਵਸਣ ਲੱਗੇ ਜਿਸ ਨਾਲ ਗ਼ੁਲਾਮੀ ਪ੍ਰਥਾ ਵੀ ਸ਼ੁਰੂ ਹੋ ਗਈ। ਇਨ੍ਹਾਂ ਗ਼ੁਲਾਮਾਂ ਬਾਰੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਵਿਕਾਊ ਵਸਤਾਂ ਵਾਂਗ ਉਨ੍ਹਾਂ ਨੂੰ ਸੰਗਲਾਂ ਨਾਲ ਨੂੜ ਕੇ ਲਿਆਂਦਾ ਜਾਂਦਾ ਤੇ ਖੁੱਲ੍ਹੀ ਮੰਡੀ ਵਿਚ ਵੇਚਿਆ ਜਾਂਦਾ। ਇਕ ਪਰਿਵਾਰ ਦੇ ਵੱਖ-ਵੱਖ ਜੀਆਂ ਨੂੰ ਵੱਖ-ਵੱਖ ਲੋਕਾਂ ਨੂੰ ਵੇਚਿਆ ਜਾਂਦਾ। ਮਾਂ-ਪਿਉ ਬਥੇਰੇ ਤਰਲੇ ਕਰਦੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਨਾਲੋਂ ਅਲੱਗ ਨਾ ਕਰੋ। ਬੱਚੇ ਨੂੰ ਜਬਰੀ ਮਾਂ-ਪਿਉ ਕੋਲੋਂ ਖੋਹਿਆ ਜਾਂਦਾ ਪਰ ਉਨ੍ਹਾਂ ਦੇ ਕੀਰਨਿਆਂ ਨੂੰ ਕੋਈ ਨਾ ਸੁਣਦਾ। ਇਨ੍ਹਾਂ ਬੱਚਿਆਂ 'ਚੋਂ ਕਈਆਂ ਨੇ ਵੱਡੇ ਹੋ ਕੇ ਬੜੀਆਂ ਦਰਦਨਾਕ ਕਹਾਣੀਆਂ ਕਾਨੀਬੱਧ ਕੀਤੀਆਂ ਹਨ। ਪੰਜਾਬੀ 'ਚ ਗੁਰਚਰਨ ਸਿੰਘ ਜੈਤੋ ਨੇ ਕਈ ਪੁਸਤਕਾਂ ਅਮਰੀਕਾ ਜਾ ਕੇ ਇਨ੍ਹਾਂ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਲਿਖੀਆਂ ਹਨ।

ਉਨ੍ਹਾਂ 2017 ਵਿਚ 'ਭਗੌੜੇ ਗ਼ੁਲਾਮ' ਨਾਮੀ ਪੁਸਤਕ ਲਿਖੀ ਹੈ। ਇਸ ਵਿਚ ਉਨ੍ਹਾਂ ਨੇ ਉਨ੍ਹਾਂ ਗ਼ੁਲਾਮਾਂ ਦੀਆਂ ਦਰਦਨਾਕ ਕਹਾਣੀਆਂ ਲਿਖੀਆਂ ਹਨ ਜੋ ਮਾਲਕਾਂ ਤੋਂ ਦੁਖੀ ਹੋ ਕੇ ਭੱਜ ਜਾਂਦੇ ਸਨ ਕਿਉਂਕਿ ਉਹ ਸਮਾਜ ਵਿਚ ਆਮ ਨਾਗਰਿਕ ਦੀ ਤਰ੍ਹਾਂ ਨਹੀਂ ਰਹਿ ਸਕਦੇ ਸਨ ਜਿਵੇਂ ਜੇਲ੍ਹ ਵਿੱਚੋਂ ਭੱਜਾ ਕੈਦੀ ਨਹੀਂ ਰਹਿ ਸਕਦਾ। ਅਮਰੀਕੀ ਲਾਇਬਰੇਰੀਆਂ ਵਿਚ ਇਨ੍ਹਾਂ ਅਫ਼ਰੀਕੀ-ਅਮਰੀਕੀ ਲੋਕਾਂ ਨਾਲ ਹੋਏ ਜ਼ੁਲਮ ਦੀਆਂ ਅਨੇਕਾਂ ਪੁਸਤਕਾਂ ਮਿਲਦੀਆਂ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਕੋਲੋਂ ਡੰਡੇ ਦੇ ਜ਼ੋਰ ਨਾਲ ਕੰਮ ਲਿਆ ਜਾਂਦਾ ਸੀ। ਜੇ ਕੋਈ ਕੰਮ ਨਾ ਕਰਦਾ ਜਾਂ ਥੱਕ ਕੇ ਸਾਹ ਲੈਂਦਾ ਤਾਂ ਉਸ ਨੂੰ ਛਾਂਟੇ ਮਾਰੇ ਜਾਂਦੇ। ਇਨ੍ਹਾਂ ਛਾਂਟਿਆਂ ਦੇ ਅੱਗੇ ਕਿੱਲ ਲੱਗੇ ਹੁੰਦੇ ਸਨ। ਜਦ ਇਹ ਛਾਂਟੇ ਵੱਜਦੇ ਤਾਂ ਉਨ੍ਹਾਂ ਦੇ ਸਰੀਰ ਲਹੂ-ਲੁਹਾਣ ਹੋ ਜਾਂਦੇ। ਦੁਖਦਾਈ ਪੱਖ ਇਹ ਹੈ ਕਿ ਮਿਸਾਚੂਸਟ ਵਿਚ 1641 ਵਿਚ ਗ਼ੁਲਾਮੀ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ। ਅਠਾਰਵੀਂ ਸਦੀ ਦੇ ਪਿਛਲੇ ਅੱਧ ਵਿਚ ਬਰਤਾਨੀਆ ਖ਼ਿਲਾਫ਼ ਵਿਦਰੋਹ ਉੱਠ ਖੜ੍ਹਾ ਹੋਇਆ। ਇਸ ਦੇ ਬਾਵਜੂਦ ਇਨ੍ਹਾਂ ਅਫ਼ਰੀਕੀ-ਅਮਰੀਕੀਆਂ ਨੂੰ ਡਰਾਉਣ ਧਮਕਾਉਣ ਲਈ ਕੁਕਲਕਸ਼ ਕਲੈਨ ਨੇ 1867 ਵਿਚ ਇਕ ਗੁਪਤ ਜਥੇਬੰਦੀ ਬਣਾਈ ਜਿਸ ਦਾ ਕੰਮ ਕਾਲੇ ਭਾਈਚਾਰੇ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਕਤਲ ਕਰਨਾ ਸੀ। ਸੰਨ 1873 ਵਿਚ ਕੋਲਫੈਕਸ ਤੇ 1874 ਵਿਚ ਕੋਸ਼ਾਟ ਨੇ ਸਿਆਹਫਾਮਾਂ ਦਾ ਕਤਲੇਆਮ ਕੀਤਾ। ਜੇ ਤਿੰਨ ਗੋਰੇ ਮਰਦੇ ਸਨ ਤਾਂ 40 ਤੋਂ 50 ਕਾਲੇ ਮਾਰੇ ਜਾਂਦੇ ਸਨ। ਇਹ 20ਵੀਂ ਸਦੀ ਤੀਕ ਚੱਲਦਾ ਰਿਹਾ। ਇਹ ਰੁਕਿਆ ਇਸ ਕਰ ... ਕੇ ਕਿ ਇਤਿਹਾਸਕਾਰਾਂ ਨੇ ਇਸ ਦਾ ... ਪਤਾ ਲਾ ਲਿਆ। ਇਕ ਹੋਰ ਪਹਿਲੂ ... ਹੈ ਕਿ ਗੋਰਿਆਂ ਤੇ ਕਾਲਿਆਂ ... ਲਈ ਵੱਖ-ਵੱਖ ਕਾਨੂੰਨ ਬਣਾਏ ਗਏ। ... ਸੰਨ 1890 ਤੋਂ 1940 ਤੀਕ ਦੇ ... ਇਸ ਸਮੇਂ ਨੂੰ ਜਿਮ ਕਰੋਅ ਯੁੱਗ ... ਕਿਹਾ ਜਾਂਦਾ ਹੈ। ਨਿੱਕੇ-ਨਿੱਕੇ ... ਜੁਰਮਾਂ ਲਈ ਗੋਰੇ ... ਸਿਆਹਫਾਮਾਂ ਨੂੰ ਫਾਹੇ ਲਾ ਦਿੰਦੇ। ... ਅਮਰੀਕੀ ਕਾਲਿਆਂ ਦੇ ... ਕਤਲੇਆਮ ਜਾਂ ਇੰਜ ਕਹਿ ਲਓ ਕਿ ਘੱਲੂਘਾਰਿਆਂ ਨੂੰ ਦਰਸਾਉਣ ਲਈ ਮਿਲਵਾਕੀ, ਵਿਸਕੌਂਸਿਨ ਵਿਚ ਇਕ ਅਜਾਇਬਘਰ ਬਣਿਆ ਹੈ ਜਿੱਥੇ ਇਨ੍ਹਾਂ ਜ਼ੁਲਮਾਂ ਨੂੰ ਦਰਸਾਇਆ ਗਿਆ ਹੈ। ਪਹਿਲੇ ਤੇ ਦੂਜੇ ਵਿਸ਼ਵ ਯੁੱਧ 'ਚ ਅਨੇਕਾਂ ਅਫ਼ਰੀਕੀ-ਅਮਰੀਕੀਆਂ ਨੇ ਭਾਗ ਲਿਆ ਸੀ। ਇਸ ਦੇ ਮੱਦੇਨਜ਼ਰ ਉਨ੍ਹਾਂ ਨੂੰ 1948 ਵਿਚ ਫ਼ੌਜ 'ਚ ਭਰਤੀ ਕੀਤਾ ਜਾਣ ਲੱਗਾ। ਸਿਵਲ ਰਾਈਟਸ ਐਕਟ 1964 ਵਿਚ ਸਭ ਅਮਰੀਕੀਆਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ। ਇਸ ਦਾ ਸਿੱਟਾ ਹੀ ਸੀ ਕਿ ਅਫ਼ਰੀਕੀ-ਅਮਰੀਕੀ ਮੂਲ ਦੇ ਬਰਾਕ ਓਬਾਮਾ ਦੋ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ। ਅਫ਼ਰੀਕੀ-ਅਮਰੀਕੀ ਲੋਕਾਂ ਦਾ ਖੇਡਾਂ ਤੇ ਹੋਰ ਖੇਤਰਾਂ ਵਿਚ ਬਹੁਤ ਯੋਗਦਾਨ ਹੈ। ਇਸ ਦੇ ਬਾਵਜੂਦ ਉਨ੍ਹਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਦਾ ਹੋਣਾ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ। ਅਸਲ ਵਿਚ ਅਮਰੀਕਾ ਵਿਚ ਬਾਕੀ ਘੱਟ ਗਿਣਤੀਆਂ ਨਾਲ ਵੀ ਕਈ ਵਾਰ ਮਾੜਾ ਵਿਵਹਾਰ ਕੀਤਾ ਜਾਂਦਾ ਹੈ। ਸਿੱਖਾਂ ਨਾਲ ਵੀ ਵਿਤਕਰੇ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਓਕ ਕ੍ਰੀਕ ਗੁਰਦੁਆਰੇ ਵਿਚ 5 ਅਗਸਤ 2012 ਨੂੰ ਇਕ ਸਿਰਫਿਰੇ ਨਵ-ਨਾਜ਼ੀਵਾਦੀ ਸਾਬਕਾ ਅਮਰੀਕੀ ਫ਼ੌਜੀ ਵੇਡ ਮਾਈਕਲ ਪੇਜਰ ਨੇ ਹਮਲਾ ਕਰ ਦਿੱਤਾ ਸੀ।

ਇਸ ਹਮਲੇ ਨੇ ਦੁਨੀਆ ਭਰ ਦੇ ਸਿੱਖਾਂ ਨੂੰ ਹੀ ਨਹੀਂ, ਸਗੋਂ ਅਮਰੀਕੀਆਂ ਨੂੰ ਵੀ ਡੂੰਘੇ ਸਦਮੇ ਵਿਚ ਲਿਆ ਦਿੱਤਾ ਸੀ। ਪੁਲਿਸ ਵੱਲੋਂ ਸਮੇਂ ਸਿਰ ਪੁੱਜਣ ਅਤੇ ਹਮਲਾਵਰ ਨੂੰ ਮਾਰਨ ਸਦਕਾ ਇਕ ਬਹੁਤ ਵੱਡਾ ਦੁਖਾਂਤ ਟਲ ਗਿਆ ਸੀ। ਗੁਰਦੁਆਰੇ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦੀ ਦਲੇਰਾਨਾ ਕਾਰਵਾਈ ਨੇ ਸੰਗਤ ਦੀਆਂ ਵੱਡਮੁੱਲੀਆਂ ਜਾਨਾਂ ਬਚਾਉਣ ਵਿਚ ਸਹਾਇਤਾ ਕੀਤੀ ਭਾਵੇਂ ਕਿ ਕਾਲੇਕਾ ਇਸ ਕਾਰਵਾਈ ਸਮੇਂ ਹਮਲਾਵਰ ਦੇ ਹਮਲੇ ਦਾ ਸ਼ਿਕਾਰ ਹੋ ਗਏ ਅਤੇ ਉਨ੍ਹਾਂ ਸਮੇਤ 7 ਕੀਮਤੀ ਜਾਨਾਂ ਅਜਾਈਂ ਚਲੀਆਂ ਗਈਆਂ ਅਤੇ 3 ਜ਼ਖ਼ਮੀ ਹੋਏ। ਅਮਰੀਕਾ 'ਚ 11 ਸਤੰਬਰ 2000 ਨੂੰ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ 'ਤੇ ਹਮਲੇ ਕੀਤੇ ਗਏ। ਆਪਣੇ ਸਟੋਰ ਦੇ ਬਾਹਰ ਬੂਟਿਆਂ ਨੂੰ ਪਾਣੀ ਦੇ ਰਹੇ ਐਰੀਜ਼ੋਨਾ ਵਾਸੀ ਬਲਬੀਰ ਸਿੰਘ ਸੋਢੀ ਨੂੰ ਇਸੇ ਤਰ੍ਹਾਂ ਸਿਰਫਿਰੇ ਅਮਰੀਕੀ ਫ਼ੌਜੀ ਨੇ ਗੋਲ਼ੀ ਦਾ ਸ਼ਿਕਾਰ ਬਣਾਇਆ। ਇਸ ਤੋਂ ਬਾਅਦ ਉਸ ਦਾ ਭਰਾ ਤੇ 5 ਹੋਰ ਸਿੱਖ ਇਸ ਨਸਲੀ ਵਿਤਕਰੇ ਕਰ ਕੇ ਮਾਰੇ ਗਏ। ਹੁਣ 14 ਜੂਨ 2020 ਨੂੰ ਰਾਸ਼ਟਰਪਤੀ ਟਰੰਪ ਨੇ ਸਮੂਹ ਅਮਰੀਕੀਆਂ ਨੂੰ ਗ਼ੁਲਾਮੀ ਦੀ ਬੁਰਾਈ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਅਮਰੀਕਾ 'ਚ ਆਮ ਵਰਗੇ ਹਾਲਾਤ ਕਦੋਂ ਬਣਨਗੇ ਤੇ ਨਸਲਵਾਦ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾਂਦੇ ਹਨ।



-ਡਾ. ਚਰਨਜੀਤ ਸਿੰਘ ਗੁਮਟਾਲਾ,
-ਮੋਬਾਈਲ ਨੰ.: 94175-33060

Delivering News,
Uncomprimised
& Unbiased for the

# Last 16 years

Some Call us a Media House, others Call us an Institution to learn from







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

## ਪੰਜਾਬੀ ਦੁਨੀਆ

Punjabi Duniya Punjabi Duniya.Com LLC
Since April 2005
Email : punjabiduniya@gmail.com, Web : www.punjabiduniya.com

The South Asian

## INSIDER

Published Weekly from New York

**Regd. & Mailing Office : P.O. Box 7005, Hicsville New York 11801**
**www.thesouthasianinfo, www.joshindiatv.com wwwpunjabiduniya.com**
**Phone : 917-612-3158**